ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 32 | 14 August 2019 to 20 August 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਆਜ਼ਾਦੀ ਲਈ ਜੂਝ ਰਹੇ ਕਸ਼ਮੀਰ 'ਚ ਸੰਗੀਨਾਂ ਦੀ ਦਹਿਸ਼ਤ

## ਆਲਮੀ ਭਾਈਚਾਰੇ ਨੇ ਮਾਨਵੀ ਅਧਿਕਾਰਾਂ ਦੇ ਹਨਨ 'ਤੇ ਚੁੱਪ ਧਾਰੀ

- ਕਸ਼ਮੀਰੀਆਂ ਦੇ ਸ਼ਾਂਤਮਈ ਪ੍ਰਦਰਸ਼ਨਾਂ 'ਤੇ ਵੀ ਰੋਕ
- ਕਸ਼ਮੀਰ 'ਚ ਸ਼ਾਂਤੀ ਹੋਣ ਦੇ ਭਾਰਤੀ ਝੂਠ ਦਾ ਪਰਦਾਫਾਸ਼ ਹੋਇਆ
- ਮੋਦੀ ਸਰਕਾਰ ਦਾ ਅਗਲਾ ਨਿਸ਼ਾਨਾ ਪੀਓਕੇ ਹੈ : ਮੰਤਰੀ



**ਸ੍ਰੀਨਗਰ /ਵਿਸ਼ੇਸ਼ ਰਿਪੋਰਟ :** ਭਾਰਤ ਦੀ ਮੋਦੀ ਸਰਕਾਰ ਨੇ ਧਾਰਾ 370 ਤੇ 35-ਏ ਨੂੰ ਖਤਮ ਕਰਕੇ ਕਸ਼ਮੀਰ ਨੂੰ ਕਸ਼ਮੀਰੀਆਂ ਲਈ ਜੇਲ੍ਹ ਬਣਾ ਦਿੱਤਾ ਹੈ। ਹਜ਼ਾਰਾਂ ਬੰਦੂਕਧਾਰੀ ਸੈਨਿਕ ਸੁੰਨਸਾਨ ਸੜਕਾਂ 'ਤੇ ਗਸ਼ਤ ਕਰ ਰਹੇ ਹਨ ਅਤੇ ਥਾਂ-ਥਾਂ 'ਤੇ ਨਾਕੇ ਲਗਾਏ ਗਏ ਹਨ। ਕਸ਼ਮੀਰੀ ਆਪਣੇ ਹੀ ਘਰਾਂ ਵਿਚ ਨਜ਼ਰਬੰਦ ਹੋ ਗਏ ਹਨ। ਇੱਥੋਂ ਦੇ ਜ਼ਿਆਦਤਰ ਇਲਾਕਿਆਂ ਵਿਚ ਧਾਰਾ 144 ਲਾਗੂ ਹੈ। ਤਕਰੀਬਨ ਇੱਕ ਹਫ਼ਤਾ ਪਹਿਲਾਂ ਸੂਬੇ ਦੇ ਦੋ ਸਾਬਕਾ ਮੁੱਖ ਮੰਤਰੀਆਂ ਨੂੰ ਨਜ਼ਰਬੰਦ ਕੀਤਾ ਗਿਆ, ਜਦ ਕਿ ਤੀਜੇ ਸਾਬਕਾ ਮੁੱਖ ਮੰਤਰੀ ਜੋ ਕਿ ਮੌਜੂਦਾ ਸਮੇਂ ਰਾਜ ਤੋਂ ਸੰਸਦ ਮੈਂਬਰ ਵੀ ਹਨ, ਨੂੰ ਘਰ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਹੈ। ਕਾਰਕੁੰਨਾਂ, ਕਾਰੋਬਾਰੀ ਆਗੂਆਂ ਅਤੇ ਪ੍ਰੋਫੈਸਰਾਂ ਸਮੇਤ ਸੈਂਕੜੇ ਲੋਕਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਇੰਟਰਨੈੱਟ ਸੇਵਾਵਾਂ, ਮੋਬਾਇਲ ਤੇ ਟੈਲੀਫ਼ੋਨ ਸਭ ਬੰਦ ਹਨ।

ਬਾਕੀ ਸਫ਼ਾ 33 'ਤੇ

## ਕਸ਼ਮੀਰ ਬਾਰੇ ਭਾਈ ਦਲਜੀਤ ਸਿੰਘ ਨੇ ਦਿੱਤਾ ਅਹਿਮ ਬਿਆਨ



**ਚੰਡੀਗੜ੍ਹ/ਏਟੀ ਨਿਊਜ਼ :** ਸਿੱਖ ਸੰਘਰਸ਼ ਦੇ ਸਿਧਾਂਤਕ ਆਗੂ ਦੇ ਤੌਰ ਉੱਤੇ ਜਾਣੇ ਜਾਂਦੇ ਭਾਈ ਦਲਜੀਤ ਸਿੰਘ ਵੱਲੋਂ ਕਸ਼ਮੀਰ ਦੀ ਮੌਜੂਦਾ ਹਾਲਾਤ ਬਾਰੇ ਟਿੱਪਣੀ ਕਰਦਿਆਂ ਕਿਹਾ ਗਿਆ ਹੈ ਕਿ ਇੰਡੀਅਨ ਯੂਨੀਅਨ ਸਰਕਾਰ ਵਲੋਂ ਸੰਵਿਧਾਨ ਦੀ ਧਾਰਾ 370 ਅਤੇ 35-ਏ ਨੂੰ ਖਤਮ ਕਰਨ ਲਈ ਕੀਤਾ ਗਿਆ ਅਮਲ ਹਿੰਦੂਤਵੀ ਸੋਚ ਵਿੱਚੋਂ ਨਿੱਕਲੇ ਇਕਸਾਰ ਰਾਸ਼ਟਰਵਾਦ ਨੂੰ ਲਾਗੂ ਕਰਨ ਦਾ ਹੀ ਅਗਲਾ ਪੜਾਅ ਹੈ। ਬਿਪਰਵਾਦੀ ਵਿਚਾਰਧਾਰਾ ਦਾ ਇਹ ਪੱਕਾ ਸੁਭਾਅ ਹੈ ਕਿ ਇਹ ਵੱਖਰੀਆਂ ਧਾਰਮਿਕ, ਸਮਾਜਕ, ਸੱਭਿਆਚਾਰਕ ਪਛਾਣਾਂ ਨੂੰ ਜਜ਼ਬ ਕਰਕੇ ਸਦੀਵੀ ਤੌਰ 'ਤੇ ਆਪਣੇ ਅਧੀਨ ਰੱਖਣ ਲਈ ਤਤਪਰ ਰਹਿੰਦੀ ਹੈ।

ਬਾਕੀ ਸਫ਼ਾ 33 'ਤੇ

## ਕਸ਼ਮੀਰ ਦੀ ਉਲਝੀ ਤਾਣੀ ਕਦੋਂ ਸੁਲਝੇਗੀ ?

ਜੰਮੂ-ਕਸ਼ਮੀਰ ਉਹ ਸੂਬਾ ਹੈ ਜੋ ਸੰਸਾਰ ਵਿੱਚ ਪਹਿਲੀ ਵਾਰ ਅਫ਼ਗਾਨ ਵਿਦੇਸ਼ੀਆਂ ਤੋਂ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਜਰਨੈਲਾਂ ਰਾਹੀਂ ਸੰਨ 1817 ਵਿੱਚ ਆਜ਼ਾਦ ਕਰਵਾ ਕੇ ਆਪਣੇ ਖ਼ਾਲਸਾ ਰਾਜ ਨਾਲ ਜੋੜਿਆ ਸੀ। ਸਰਕਾਰ ਏ ਖ਼ਾਲਸਾ ਤੋਂ ਪਹਿਲਾਂ ਕਦੇ ਵੀ ਇਹ ਖਿੱਤਾ ਭਾਰਤ ਦਾ ਹਿੱਸਾ ਨਹੀਂ ਰਿਹਾ ਸੀ। ਸੰਨ 1846 ਵਿੱਚ ਪਹਿਲੀ ਐਂਗਲੋ-ਸਿੱਖ ਲੜਾਈ ਵਿੱਚ ਸਿੱਖਾਂ ਦੀ ਹਾਰ ਮਗਰੋਂ ਅਤੇ ਅੰਗਰੇਜ਼ੀ ਸਰਕਾਰ ਦੁਆਰਾ ਅੰਮ੍ਰਿਤਸਰ ਦੀ ਸੰਧੀ ਦੇ ਅਨੁਸਾਰ ਕਸ਼ਮੀਰ ਦੀ ਖਰੀਦ ਪਿੱਛੋਂ, ਜੰਮੂ ਦਾ ਰਾਜਾ ਗੁਲਾਬ ਸਿੰਘ ਕਸ਼ਮੀਰ ਦਾ ਨਵਾਂ ਸ਼ਾਸਕ ਬਣ ਗਿਆ। ਕਸ਼ਮੀਰ, ਜਿਸ ' ਤੇ ਕਦੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਹੁੰਦਾ ਸੀ ਤੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਨਾਲ ਗਦਾਰੀ ਕਰਕੇ ਗੁਲਾਬ ਸਿੰਘ ਡੋਗਰੇ ਨੇ ਅੰਗਰੇਜਾਂ ਨਾਲ ਸੰਧੀ ਕਰਕੇ ਇਨਾਮ ਵਜੋਂ ਪ੍ਰਾਪਤ ਕੀਤਾ ਸੀ। ਇਸ ਦੇ ਹੀ ਖਾਨਦਾਨ ਵਿਚੋਂ ਅਗਲੇ ਮਹਾਰਾਜ ਹਰੀ ਸਿੰਘ ਨੇ ਜੋ ਕਿ 1947 ਵਿੱਚ ਭਾਰਤੀ ਅਜਾਦੀ ਸਮੇਂ ਕਸ਼ਮੀਰ ਦਾ ਰਾਜਾ ਸੀ, ਨੇ ਭਾਰਤ ਵਿੱਚ ਸ਼ਾਮਿਲ ਹੋਣ ਲਈ ਭਾਰਤੀ ਹੁਕਮਰਾਨਾਂ ਨੂੰ ਸਹਿਮਤੀ ਦੇ ਦਿੱਤੀ ਸੀ। ਕਸ਼ਮੀਰ ਵਿੱਚ ਮੁਸਲਮਾਨ ਬਹੁ-ਗਿਣਤੀ ਵਿੱਚ ਸਨ ਪਰ ਉਨ੍ਹਾਂ ਨੇ ਹਿੰਦੂ ਰਾਜੇ ਹਰੀ ਸਿੰਘ ਡੋਗਰਾ ਦੇ ਫੈਸਲੇ ਦਾ ਵਿਰੋਧ ਕੀਤਾ ਤੇ ਆਪਣੇ ਆਗੂ ਸ਼ੇਖ ਅਬਦੁੱਲਾ ਦੀ ਅਗਵਾਈ ਕਬੂਲ ਕੀਤੀ। ਭਾਰਤ ਦੀ ਅਜ਼ਾਦੀ ਤੋਂ ਬਾਅਦ ਆਜ਼ਾਦੀ ਤੋਂ ਇੱਕਦਮ ਬਾਅਦ ਪਾਕਿਸਤਾਨੀ ਸ਼ਹਿ 'ਤੇ ਕੀਤੇ ਕਬਾਇਲੀ ਹਮਲੇ ਕਾਰਨ ਸ਼ੇਖ ਅਬਦੁੱਲਾ ਪਾਕਿਸਤਾਨ ਹੱਕ ਵਿਚ ਨਹੀਂ ਸਨ। ਪਰ ਉਹ ਬਿਨਾਂ ਕਿਸੇ ਸ਼ਰਤ ਦੇ ਭਾਰਤੀ ਸੰਘ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ ਅਤੇ ਕਸ਼ਮੀਰੀਆਂ

ਬਾਕੀ ਸਫ਼ਾ 33 'ਤੇ

## ਸਿੱਖ ਬੱਚੀ ਨਸਲੀ ਵਿਤਕਰੇ ਦਾ ਸ਼ਿਕਾਰ

**ਲੰਡਨ/ਏਟੀ ਨਿਊਜ਼ :** ਇੱਥੇ ਨਸਲੀ ਭੇਦਭਾਵ ਦਾ ਸ਼ਿਕਾਰ ਹੋਈ ਇਕ ਸਿੱਖ ਬੱਚੀ ਨੇ ਆਪਣੇ ਨਾਲ ਹੋਏ ਵਿਤਕਰੇ ਦਾ ਡਟ ਕੇ ਸਾਹਮਣਾ ਕੀਤਾ ਹੈ। ਸਿੱਖ ਬੱਚੀ ਮਨਸਿਮਰ ਕੌਰ ਨੂੰ ਲੰਡਨ ਦੇ ਇਕ ਖੇਡ ਮੈਦਾਨ 'ਚ ਕੁਝ ਸਥਾਨਕ ਬੱਚਿਆਂ ਨੇ ਅੱਤਵਾਦੀ (Terrorist) ਕਿਹਾ। ਉਸ ਨੇ ਇਸ ਹਾਲਾਤ ਦਾ ਨਾ ਸਿਰਫ ਹਿੰਮਤ ਨਾਲ ਟਾਕਰਾ ਕੀਤਾ ਬਲਕਿ ਸੋਸ਼ਲ ਮੀਡੀਆ ਰਾਹੀਂ ਇਸ ਦਾ ਜਵਾਬ ਦਿੰਦਿਆਂ ਨਸਲਵਾਦ ਦੇ ਟਾਕਰੇ ਲਈ ਸਿੱਖ ਭਾਈਚਾਰੇ ਨੂੰ ਆਪਣੇ ਬਾਰੇ ਗਿਆਨ ਫੈਲਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਹੈ। 10 ਸਾਲ ਦੀ ਮਨਸਿਮਰ ਕੌਰ ਵੀਡੀਓ ਵਿਚ ਦੱਸਦੀ ਹੈ ਕਿ ਉਹ ਦੱਖਣੀ-ਪੂਰਬੀ ਲੰਡਨ ਦੇ ਪਲੱਮਸਟੈੱਡ ਖੇਡ ਮੈਦਾਨ ਵਿਚ ਚਾਰ ਬੱਚਿਆਂ ਤੇ ਇਕ ਨੌਜਵਾਨ ਕੁੜੀ ਦੀ ਮਾਂ ਨੂੰ ਮਿਲੀ ਸੀ। ਉਸ ਪ੍ਰਤੀ ਉਨ੍ਹਾਂ ਦਾ ਵਤੀਰਾ ਠੀਕ ਨਹੀਂ ਸੀ। ਮਨਸਿਮਰ ਅਨੁਸਾਰ ਦੋ ਲੜਕੇ ਜਿਨ੍ਹਾਂ ਦੀ ਉਮਰ 14 ਤੋਂ 17 ਸਾਲ ਦੇ ਵਿਚਕਾਰ ਲਗਦੀ ਸੀ, ਨੂੰ ਜਦੋਂ ਮੈਂ ਪਹਿਲਾਂ ਤੋਂ ਹੀ ਕਾਫੀ ਬੱਚਿਆਂ ਵਿਚ ਖੇਡਣ ਲਈ ਕਿਹਾ ਤਾਂ ਉਨ੍ਹਾਂ ਉੱਚੀ ਅਤੇ ਸਾਫ ਆਵਾਜ਼ ਵਿੱਚ ਕਿਹਾ,"ਨਹੀਂ ਤੂੰ ਨਹੀਂ ਖੇਡ ਸਕਦੀ, ਕਿਉਂਕਿ ਤੂੰ ਇੱਕ ਅੱਤਵਾਦੀ ਹੈਂ।" ਇਨ੍ਹਾਂ ਸ਼ਬਦਾਂ ਨ ਉਸ ਦੇ ਦਿਲ ਨੂੰ ਗਹਿਰੀ ਠੇਸ ਪਹੁੰਚਾਈ ਅਤੇ ਉਹ ਇਨ੍ਹਾਂ ਬੱਚਿਆਂ ਤੋਂ ਪਰ੍ਹਾਂ ਚਲੀ ਗਈ। ਇਸ ਤੋਂ ਫਿਰ ਅਗਲੇ ਦਿਨ ਉਹ ਪਾਰਕ ਵਿਚ ਗਈ ਅਤੇ ਇਕ 9 ਸਾਲ ਦੀ ਲੜਕੀ ਨਾਲ ਖੇਡਣ ਲੱਗੀ। ਇੱਕ ਘੰਟੇ ਬਾਅਦ ਉਸ ਦੀ ਮਾਂ ਆਈ ਅਤੇ ਮੁਆਫ਼ੀ ਮੰਗਦਿਆਂ ਕਿਹਾ ਕਿ ਉਹ ਉਸ ਦੇ ਨਾਲ ਨਹੀਂ ਖੇਡ ਸਕਦੀ ਕਿਉਂਕਿ ਉਹ ਸੱਚ-ਮੁੱਚ ਹੀ ਖਤਰਨਾਕ ਦਿਖਾਈ ਦਿੰਦੀ ਹੈ। ਮਨਸਿਮਰ ਨੇ ਕਿਹਾ ਹੈ ਕਿ ਇਹ ਅਸਲ ਵਿੱਚ ਸਿੱਖ ਭਾਈਚਾਰੇ ਬਾਰੇ ਲੋਕਾਂ ਨੂੰ ਗਿਆਨ ਦੀ ਘਾਟ ਕਾਰਨ ਵਾਪਰ ਰਿਹਾ ਹੈ। ਉਸ ਨੇ ਦੱਸਿਆ ਕਿ ਇੱਥੋਂ ਦੇ ਮੂਲ ਨਿਵਾਸੀਆਂ ਨੂੰ ਸਿੱਖਾਂ ਅਤੇ ਸਿੱਖ ਧਰਮ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ ਦੀ ਲੋੜ ਹੈ।



## ਵਿਰਾਸਤ-ਏ-ਖ਼ਾਲਸਾ ਦਾ ਨਾਂ 'ਏਸ਼ੀਆ ਬੁੱਕ ਆਫ ਰਿਕਾਰਡਜ਼' ਵਿਚ ਦਰਜ

**ਸ੍ਰੀ ਆਨੰਦਪੁਰ ਸਾਹਿਬ/ਪਰਮਜੀਤ ਸਿੰਘ**

ਸ੍ਰੀ ਆਨੰਦਪੁਰ ਸਾਹਿਬ ਵਿਖੇ ਬਣਾਇਆ ਗਿਆ ਵਿਲੱਖਣ ਸਿੱਖ ਅਜਾਇਬ ਘਰ 'ਵਿਰਾਸਤ-ਏ-ਖ਼ਾਲਸਾ' ਹੁਣ ਭਾਰਤ ਤੋਂ ਬਾਅਦ ਏਸ਼ੀਆ 'ਚ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਅਜਾਇਬ ਘਰ ਬਣ ਗਿਆ ਹੈ। ਇਸ ਦਾ ਨਾਂ 'ਏਸ਼ੀਆ ਬੁੱਕ ਆਫ ਰਿਕਾਰਡਜ਼' 'ਚ ਦਰਜ ਹੋ ਗਿਆ ਹੈ। ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਜਾਣਕਾਰੀ ਦਿੱਤੀ। ਕੈਬਨਿਟ ਮੰਤਰੀ ਚੰਨੀ ਨੇ ਦੱਸਿਆ ਕਿ ਏਸ਼ੀਆ ਬੁੱਕ ਆਫ ਰਿਕਰਾਡਜ਼ ਵੱਲੋਂ ਇਸ ਦੀ ਪੁਸ਼ਟੀ ਕਰ ਦਿੱਤੀ ਗਈ ਹੈ ਕਿ ਸਮੁੱਚੇ

ਬਾਕੀ ਸਫ਼ਾ 33 'ਤੇ

## ਅਮਰੀਕਾ ਵਿਚ ਪੀਆਰ ਲੈਣੀ ਹੋ ਜਾਵੇਗੀ ਹੋਰ ਔਖੀ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਜਿਹਾ ਕਦਮ ਚੁੱਕਿਆ ਹੈ, ਜੋ ਅਮਰੀਕਾ ਵਿੱਚ ਸਥਾਈ ਨਾਗਰਿਕਤਾ ਯਾਨੀ ਗ੍ਰੀਨ ਕਾਰਡ ਹਾਸਲ ਕਰਨ ਦੀ ਪ੍ਰਕਿਰਿਆ ਨੂੰ ਹੋਰ ਮੁਸ਼ਕਲ ਬਣਾ ਸਕਦਾ ਹੈ। ਸਰਕਾਰ ਦੁਆਰਾ ਐਲਾਨੇ ਗਏ ਨਵੇਂ ਨਿਯਮਾਂ ਮੁਤਾਬਕ ਗ੍ਰੀਨ ਕਾਰਡਾਂ ਲਈ ਉਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ, ਜੋ ਅਮਰੀਕੀ ਸਰਕਾਰ ਦੀਆਂ ਮੁਫਤ ਜਾਂ ਸਸਤੀਆਂ ਸੇਵਾਵਾਂ 'ਤੇ ਨਿਰਭਰ ਹੋ ਸਕਦੇ ਹਨ। ਹਿਊਮਨ ਰਾਈਟਸ ਲਈ ਕੰਮ ਕਰਨ ਵਾਲੇ ਗਰੁੱਪਾਂ ਨੇ ਟਰੰਪ ਦੇ ਇਸ ਕਦਮ ਦਾ ਸਖਤ ਵਿਰੋਧ ਕੀਤਾ ਹੈ। ਅਮਰੀਕੀ ਸਰਕਾਰ ਦਾ ਮੰਨਣਾ ਹੈ ਕਿ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਲਈ ਪਰਵਾਸੀ ਲੋਕਾਂ ਦਾ ਸਵੈ-ਨਿਰਭਰ ਰਹਿਣਾ ਬਹੁਤ ਜ਼ਰੂਰੀ ਹੈ। ਰਿਪੋਰਟਾਂ ਮੁਤਾਬਕ ਟਰੰਪ ਦੇ ਇਸ ਕਦਮ ਦਾ ਅਸਰ ਘੱਟ ਕਮਾਈ ਵਾਲੇ ਲੋਕਾਂ ਉੱਤੇ ਪਏਗਾ। ਅਮਰੀਕੀ ਸਰਕਾਰ ਨੇ ਇਸ ਸੋਮਵਾਰ ਨੂੰ ਹੀ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ। ਨਵੇਂ ਨਿਯਮਾਂ ਦੇ ਐਲਾਨ ਵੇਲੇ ਦੱਸਿਆ ਗਿਆ ਕਿ ਗ੍ਰੀਨ ਕਾਰਡ ਲਈ ਹੁਣ ਉਮੀਦਵਾਰ ਦੀ ਵਿੱਤੀ ਸਥਿਤੀ, ਸਿੱਖਿਆ, ਉਮਰ ਤੇ ਅੰਗਰੇਜ਼ੀ ਦੇ ਅਧਾਰ 'ਤੇ ਫੈਸਲਾ ਲਿਆ ਜਾਵੇਗਾ। ਅਮਰੀਕੀ ਸਰਕਾਰ ਵੱਲੋਂ ਇਹ ਸਾਰੇ ਨਵੇਂ ਨਿਯਮ ਇਸ ਸਾਲ 15 ਅਕਤੂਬਰ ਤੋਂ ਲਾਗੂ ਕੀਤੇ ਜਾ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਇਸ ਨਿਯਮ ਦਾ ਉਨ੍ਹਾਂ ਲੋਕਾਂ ਉੱਤੇ ਅਸਰ ਪੈ ਸਕਦਾ ਹੈ ਜੋ ਵੀਜ਼ਾ ਵਧਾਉਣ ਲਈ ਅਰਜ਼ੀ ਦਿੰਦੇ ਹਨ। ਹਾਲਾਂਕਿ, ਨਵੇਂ ਨਿਯਮਾਂ ਦਾ ਉਨ੍ਹਾਂ ਲੋਕਾਂ 'ਤੇ ਕੋਈ ਅਸਰ ਨਹੀਂ ਪਵੇਗਾ ਜਿਹੜੇ ਪਹਿਲਾਂ ਹੀ ਗ੍ਰੀਨ ਕਾਰਡ ਲੈ ਚੁੱਕੇ ਹਨ। ਨਵੇਂ ਨਿਯਮ ਸ਼ਰਨਾਰਥੀ ਕੈਂਪਾਂ ਵਿੱਚ ਰਹਿੰਦੇ ਲੋਕਾਂ 'ਤੇ ਵੀ ਲਾਗੂ ਨਹੀਂ ਹੋਣਗੇ। ਇੱਕ ਰਿਪੋਰਟ ਮੁਤਾਬਕ ਅਮਰੀਕਾ ਵਿਚ 2.2 ਕਰੋੜ ਪਰਵਾਸੀ ਮੌਜੂਦ ਹਨ ਤੇ ਇਨ੍ਹਾਂ ਲੋਕਾਂ 'ਤੇ ਨਵੇਂ ਨਿਯਮਾਂ ਦਾ ਅਸਰ ਵੇਖਣ ਨੂੰ ਮਿਲੇਗਾ।



















SOVEREIGN TOUR OF STATES
ਗੁਰਮੁਖੀ ਦਾ ਬੇਟਾ
Live
in Concert
Satinder Sartaaj
Aug 10
San Jose, CA
Aug 11
Sacramento, CA
Aug 17
Stockton, CA
Aug 18
Fresno, CA
Aug 23
Detroit, MI
Aug 24
Chicago, IL
Aug 25
New York, NY
Aug 31
Bakersfield, CA
Sept 01
Seattle, WA
Sept 07
Virginia City, VA
Sept 08
Rahway, NJ
For Tickets Visit :
www.satindersartaaj.com

# ਪੰਜਾਬੀ ਗਾਇਕ ਸਤਿੰਦਰ ਸਰਤਾਜ ਦੇ ਰੰਗਾਰੰਗ ਪ੍ਰੋਗਰਾਮਾਂ 'ਚ ਦਰਸ਼ਕਾਂ ਦਾ ਸੈਲਾਬ ਆਇਆ

## 17-18 ਅਗਸਤ ਨੂੰ ਸਟਾਕਟਨ ਤੇ ਫਰਿਜ਼ਨੋ 'ਚ ਹੋਣਗੇ ਪ੍ਰੋਗਰਾਮ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਬਿਨਾ ਸ਼ੱਕ ਪਰਵਾਸੀ ਪੰਜਾਬੀਆਂ ਨੇ ਪੰਜਾਬੀ ਸੰਗੀਤ ਪ੍ਰਤੀ ਆਪਣਾ ਰਵੱਈਆ ਬਦਲਿਆ ਹੈ। ਜਿੱਥੇ ਪਹਿਲਾਂ ਹਲਕੇ-ਫੁਲਕੇ ਗੀਤ ਗਾਉਣ ਵਾਲਿਆਂ ਲਈ ਭੀੜ ਇਕੱਠੀ ਹੁੰਦੀ ਸੀ, ਹੁਣ ਅਦਬੀ ਗਾਇਕੀ ਨੇ ਪੰਜਾਬੀ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਿਆ ਹੈ। ਸ਼ਬਦ ਪ੍ਰਧਾਨ ਅਦਬੀ ਗਾਇਕੀ ਦੇ ਸ਼ਾਹ ਅਸਵਾਰ ਗਾਇਕ ਸਤਿੰਦਰ ਸਰਤਾਜ ਦੇ ਅਮਰੀਕਾ ਵਿਚ ਲਗਾਤਾਰ ਸ਼ੋਅ ਹੋ ਰਹੇ ਹਨ। ਹਾਲ ਹੀ ਵਿਚ



ਸੈਕਰਾਮੈਂਟੋ ਵਿਚ ਉਸ ਦਾ ਦੂਸਰਾ ਸ਼ੋਅ ਸੀ ਜਿਸ ਵਿਚ ਪੰਜਾਬੀ ਦਰਸ਼ਕਾਂ ਦੀ ਕਾਫ਼ੀ ਭੀੜ ਦੇਖਣ ਨੂੰ ਮਿਲੀ। ਇਸ ਤੋਂ ਪਹਿਲਾਂ ਸਤਿੰਦਰ ਸਰਤਾਜ ਨੇ ਸੈਨਹੋਜ਼ੇ ਤੋਂ ਆਪਣੇ ਅਮਰੀਕਾ ਵਿਚਲੇ ਸੰਗੀਤਕ ਟੂਰ ਦੀ ਸ਼ੁਰੂਆਤ ਕੀਤੀ ਹੈ। ਉਸ ਦੇ ਕਰੀਬ 12 ਸ਼ੋਅ ਪੂਰੇ ਅਮਰੀਕਾ ਵਿਚ ਹੋਣਗੇ। ਸੈਕਰਾਮੈਂਟੋ ਵਿਚਲੇ ਸ਼ੋਅ ਨੂੰ ਹਾਈਟੈਕ ਵਿਧੀ ਰਾਹੀਂ ਦਰਸ਼ਕਾਂ ਵਿਚ ਪੇਸ਼ ਕੀਤਾ ਗਿਆ, ਜਿਸ ਰਾਹੀਂ ਉਸ ਨੇ ਦਰਸ਼ਕਾਂ ਤੋਂ ਮੋਬਾਇਲ ਰਾਹੀਂ ਫਰਮਾਇਸ਼ਾਂ ਲਈਆਂ ਤੇ ਉਨ੍ਹਾਂ ਨੂੰ ਪੂਰਾ ਕੀਤਾ। ਇਸ ਦਾ ਫਾਇਦਾ ਇਹ ਹੋਇਆ ਕਿ ਜਿਹੜੀਆਂ ਬੀਬੀਆਂ ਉਠ ਕੇ ਫਰਮਾਇਸ਼ ਨਹੀਂ ਕਰ ਸਕਦੀਆਂ ਸੀ, ਉਨ੍ਹਾਂ ਨੇ ਆਪਣੀ ਫਰਮਾਇਸ਼ ਮੋਬਾਇਲ ਫੋਨ ਜ਼ਰੀਏ ਇਕ ਲਿੰਕ ਰਾਹੀਂ ਸਤਿੰਦਰ ਸਰਤਾਜ ਨੂੰ ਭੇਜੀ। ਸੈਨਹੋਜੇ ਤੇ ਸੈਕਰਾਮੈਂਟੋ ਵਿੱਚ ਕਰਵਾਏ ਗਏ ਸ਼ੋਆਂ ਵਿਚ ਉਸ ਨੇ ਨਵੇਂ ਪੁਰਾਣੇ ਗੀਤਾਂ ਰਾਹੀਂ ਮਹਿਫ਼ਲਾਂ ਨੂੰ ਸਾਜ਼ਗਾਰ ਬਣਾਈ ਰੱਖਿਆ। ਸਰਤਾਜ ਨੇ ਆਪਣੀ ਪੇਸ਼ਕਾਰੀ ਵਿਚ ਹਾਲ ਹੀ ਵਿਚ ਰਿਲੀਜ਼ ਕੀਤੇ ਚਰਚਿਤ ਗੀਤ 'ਗੁਰਮੁੱਖੀ ਦਾ ਬੇਟਾ' ਅਤੇ ਪੁਰਾਣੇ ਸਦਾਬਹਾਰ ਗੀਤ 'ਸਾਈਂ' ਸਮੇਤ ਹੋਰ ਹਿੱਟ ਗੀਤਾਂ ਨੂੰ ਸੁਣਾ ਕੇ ਅਰਥ ਭਰਪੂਰ ਗਾਇਕੀ ਦਾ ਲੋਹਾ ਮਨਵਾਇਆ। ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਪ੍ਰੋਗਰਾਮ ਦੇ ਸ਼ੁਰੂ ਤੋਂ ਅਖੀਰ ਤੱਕ ਟਿਕਟਿਕੀ ਲਗਾ ਕੇ ਸਰਤਾਜ ਨੂੰ ਸੁਣਦੇ ਰਹੇ। ਸਤਿੰਦਰ ਸਰਤਾਜ ਦਾ ਅਗਲਾ ਸ਼ੋਅ 17 ਅਗਸਤ ਨੂੰ ਸਟਾਕਟਨ ਅਤੇ 18 ਅਗਸਤ ਨੂੰ ਫਰਿਜ਼ਨੋ ਵਿਚ ਰੱਖਿਆ ਗਿਆ ਹੈ।


Legal Document Preparation



- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼
- Notary ਨੋਟਰੀ

Not an Attorney

Call Sarvinder

510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



BERKSHIRE HATHAWAY Home Services

Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com

ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

PLEASE CALL GURDIP KAUR
916-695-0035

Cal BRE# 02032641
7412 Elsie Ave. Sacramento 95828
A member of the franchise system of BHH Affiliates. LLC



GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਪੀਸੀਏ ਦੇ ਨਿਊਵਾਰਕ ਪੰਜਾਬੀ ਮੇਲੇ ਦੀਆਂ ਤਿਆਰੀਆਂ ਮੁਕੰਮਲ

## *ਪੰਜਾਬੀ ਦੋਗਾਣਾ ਗਾਇਕੀ ਦੇ ਬੇਤਾਜ ਬਾਦਸ਼ਾਹ ਮੁਹੰਮਦ ਸਦੀਕ ਦਾ ਹੋਵੇਗਾ ਵਿਸ਼ੇਸ਼ ਸਨਮਾਨ*

**ਨਿਊਵਾਰਕ/ਏਟੀ ਨਿਊਜ਼ :** ਪੰਜਾਬ ਦੇ ਰਵਾਇਤੀ ਮੇਲਿਆਂ ਦੀ ਪ੍ਰੰਪਰਾ ਅਤੇ ਵਿਰਾਸਤੀ ਸੱਭਿਆਚਾਰ ਨੂੰ ਜਿਊਂਦਾ ਰੱਖਣ ਵਾਲੀ ਸੰਸਥਾ 'ਪੰਜਾਬ ਕਲਚਰਲ ਐਸੋਸੀਏਸ਼ਨ ਬੇਅ ਏਰੀਆ' ਆਪਣਾ ਸਲਾਨਾ ਪੰਜਾਬੀ ਮੇਲਾ 18 ਅਗਸਤ ਦਿਨ ਐਤਵਾਰ ਨੂੰ ਨਿਊਵਾਰਕ ਵਿਖੇ ਨਿਊ ਪਾਰਕ ਮਾਲ ਦੇ ਪਾਰਕਿੰਗ ਲਾਟ 'ਚ ਦੁਪਹਿਰ 12 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਉਣ ਜਾ ਰਹੀ ਹੈ। ਇਸ ਵਾਰ ਨਵੀਂ ਰਵਾਇਤ ਕਾਇਮ ਕਰਦਿਆਂ ਹਾਲ ਹੀ 'ਚ ਭਾਰਤੀ ਸੰਸਦ 'ਚ ਪੁੱਜੇ ਅਤੇ ਪੰਜਾਬੀ ਗਾਇਕੀ ਦੇ ਯੁੱਗ ਗਾਇਕ ਮੁਹੰਮਦ ਸਦੀਕ, ਜਿਨ੍ਹਾਂ ਨੂੰ ਦੋਗਾਣਾ ਗਾਇਕੀ ਦੇ ਬੇਤਾਜ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਹੈ, ਦਾ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਪੁੱਜਣ ਵਾਲੇ ਦਰਸ਼ਕਾਂ ਨੂੰ ਜਿੱਥੇ ਭੰਗੜੇ, ਗਿੱਧੇ ਅਤੇ ਹੋਰ ਲੋਕ ਨਾਚਾਂ ਦੀ ਪੇਸ਼ਕਾਰੀ ਵੇਖਣ ਨੂੰ ਮਿਲੇਗੀ, ਉੱਥੇ ਗਗਨ ਕੋਕਰੀ, ਜੌਰਡਨ ਸੰਧੂ ਅਤੇ 'ਲੌਂਗ ਲਾਚੀ ਫੇਮ' ਮੰਨਤ ਨੂਰ ਆਪਣੇ ਗੀਤਾਂ ਰਾਹੀਂ ਪੀਸੀਏ ਦੇ ਇਸ ਬੇਅ ਏਰੀਆ 'ਚ ਹੋਣ ਵਾਲੇ ਵੱਡੇ ਪੰਜਾਬੀ ਮੇਲੇ 'ਚ ਛਹਿਬਰ ਲਗਾਉਣਗੇ। ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਮੇਲੇ ਦਾ ਮੰਚ ਸੰਚਾਲਨ ਕਰੇਗੀ। ਮੇਲੇ ਦੀ ਰੂਹੇ ਰਵਾਂ ਮਿੱਕੀ ਸਰਾਂ ਨੇ ਸਮੂਹ ਪੰਜਾਬੀਆਂ ਨੂੰ ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਹੈ।

# ਹਰਬੰਸ ਸਿੰਘ ਜਗਿਆਸੂ ਅਤੇ ਹਰਮੀਤ ਸਿੰਘ ਅਟਵਾਲ ਦਾ ਸਨਮਾਨ



**ਸੈਕਰਾਮੈਂਟੋ/ਏਟੀ ਨਿਊਜ਼ :** 'ਸਾਂਝਾਂ ਪਿਆਰ ਦੀਆਂ' ਸਾਹਿਤਕ ਗਰੁੱਪ ਵਲੋਂ ਸਭਾ ਦੇ ਸੈਕਰਾਮੈਂਟੋ ਦਫਤਰ ਵਿਚ ਇਕ ਸਮਾਗਮ ਆਯੋਜਿਤ ਕਰਕੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਜੀ ਨੂੰ, ਉਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਚਰਚਿਤ ਆਲੋਚਕ ਹਰਮੀਤ ਸਿੰਘ ਅਟਵਾਲ ਜੀ ਨੂੰ ਵੀ ਉਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਸਨਮਾਨਤ ਕੀਤਾ ਗਿਆ। ਇਸ ਮੌਕੇ 'ਸਾਂਝਾਂ ਪਿਆਰ ਦੀਆਂ' ਗਰੁੱਪ ਦੇ ਕਰਤਾ-ਧਰਤਾ ਇਕਵਿੰਦਰ ਸਿੰਘ ਜੀ ਦੀਆਂ ਦੋ ਗਜ਼ਲਾਂ ਦੀਆਂ ਪੁਸਤਕਾਂ 'ਜ਼ਿੰਦਗੀ ਨੇ ਪੈਲ ਪਾਈ' ਅਤੇ 'ਜ਼ੁਬਾਨ ਫੁੱਲਾਂ ਦੀ' ਵੀ ਰਿਲੀਜ਼ ਕੀਤੀਆਂ ਗਈਆਂ। ਉਸਤਾਦ ਗਜ਼ਲਗੋ ਕਮਲਪਾਲ ਜੀ ਕੁਝ ਮਜਬੂਰੀਆਂ ਕਰਕੇ ਪਹੁੰਚ ਨਹੀਂ ਸਕੇ ਪ੍ਰੰਤੂ ਉਨਾਂ ਦਾ ਜਗਿਆਸੂ ਜੀ, ਅਟਵਾਲ ਜੀ ਅਤੇ ਇਕਵਿੰਦਰ ਸਿੰਘ ਜੀ ਲਈ ਭੇਜਿਆ ਪਿਆਰ ਸੁਨੇਹਾ ਪੜ ਕੇ ਸੁਣਾਇਆ ਗਿਆ। ਇਸ ਪ੍ਰੋਗਰਾਮ 'ਚ ਮਸ਼ਹੂਰ ਗੀਤਕਾਰ ਮੱਖਣ ਲੋਹਾਰ, ਗਾਇਕ ਤਰਲੋਕ ਸਿੰਘ, ਰਣਜੀਤ ਸਿੰਘ ਰੱਲ, ਸ. ਜਸਪਾਲ ਸੂਸ, ਗੁਰਮੁਖ ਸਿੰਘ (ਬੌਬੀ ਗੋਸਲ), ਇਕਵਿੰਦਰ ਸਿੰਘ, ਜਸਵੰਤ ਸਿੰਘ ਸ਼ੀਮਾਰ, ਹਰਮੀਤ ਸਿੰਘ ਅਟਵਾਲ, ਹਰਬੰਸ ਸਿੰਘ ਜਗਿਆਸੂ ਜੀ ਤੋਂ ਇਲਾਵਾ ਹੋਰ ਵੀ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਪ੍ਰੋਗਰਾਮ ਦੇ ਅੰਤ ਵਿਚ ਮਸ਼ਹੂਰ ਗਾਇਕ ਤਰਲੋਕ ਸਿੰਘ ਜੀ, ਮਨਜੀਤ ਸਿੰਘ ਰੱਲ, ਜਸਵਿੰਦਰ ਲਾਲ ਮਹਾਜਨ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਨਾਲ ਬਹੁਤ ਹੀ ਖ਼ੂਬਸੂਰਤ ਗੀਤ ਗਾ ਕੇ ਆਏ ਸਰੋਤਿਆਂ ਦਾ ਮਨੋਰੰਜਨ ਕੀਤਾ।

# ਸ਼੍ਰੋਮਣੀ ਅਕਾਲੀ ਦਲ (ਅ) ਯੂਕੇ ਵੱਲੋਂ ਭਾਰਤ ਦੀਆਂ ਘੱਟ ਗਿਣਤੀਆਂ ਨੂੰ ਇਕਜੁੱਟ ਹੋਣ ਦਾ ਸੱਦਾ

## ਹਿੰਦੀ-ਹਿੰਦੂ-ਹਿੰਦੋਸਤਾਨ ਵਾਲੀ ਭਗਵਿਆਂ ਦੀ ਨੀਤੀ ਦਾ ਸਖਤ ਵਿਰੋਧ

**ਲੰਡਨ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅ) ਯੂਕੇ. ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸਕੱਤਰ ਜਨਰਲ ਸੂਬਾ ਸਿੰਘ ਲਿਤਰਾਂ, ਜਨਰਲ ਸਕੱਤਰ ਕੁਲਵੰਤ ਸਿੰਘ ਮੁਠੱਡਾ, ਚੀਫ ਔਰਗੇਨਾਈਜ਼ਰ ਮਨਜੀਤ ਸਿੰਘ ਸਮਰਾ, ਪ੍ਰਧਾਨ ਯੂਥ ਵਿੰਗ ਸਤਿੰਦਰ ਸਿੰਘ ਮੰਗੂਵਾਲ, ਸੀ: ਮੀ:ਪ੍ਰਧਾਨ ਅਵਤਾਰ ਸਿੰਘ ਖੰਡਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਬਰਾਂ ਨੇ ਕਿਹਾ ਹੈ ਕਿ ਆਰਐਸਐਸ.ਦੀ ਸਥਾਪਨਾ ਵੇਲੇ ਤੋਂ ਹੀ ਯੋਜਨਾਬੱਧ ਢੰਗ ਨਾਲ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਨਾਅਰੇ ਅਧੀਨ ਕੰਮ ਚੱਲ ਰਿਹਾ ਸੀ ਜੋ ਹੁਣ ਜੰਗੀ ਪੱਧਰ 'ਤੇ ਕਾਰਵਾਈ ਸ਼ੁਰੂ ਹੋ ਗਈ ਹੈ। ਜੇ ਹੁਣ ਵੀ ਸਿੱਖ, ਕਸ਼ਮੀਰੀ, ਅਸਾਮ, ਬੋਡੋਲੈਂਡ, ਤਾਮਿਲ, ਨਾਗਾਲੈਂਡ, ਆਦਿਵਾਸੀ, ਦਲਿਤ ਭਾਈਚਾਰਾ ਅਤੇ ਆਪਣੇ ਹੱਕਾਂ ਹਿੱਤਾਂ ਲਈ ਜੂਝਣ ਵਾਲੀਆਂ ਸਮੂਹ ਕੌਮਾਂ ਨੇ ਮਿਲ ਕੇ ਸੰਘਰਸ਼ ਨਾ ਕੀਤਾ ਤਾਂ ਬਹੁਤ ਦੇਰ ਹੋ ਜਾਵੇਗੀ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਦੁਨੀਆ ਭਰ ਦੇ ਦੇਸ਼ਾਂ ਅਤੇ ਕੌਮਾਂ ਨੂੰ ਇੰਡੀਆਂ ਸਰਕਾਰ ਨਾਲ ਸਮਝੌਤੇ ਕਰਨ ਤੋਂ ਸਾਵਧਾਨ ਹੋ ਜਾਣਾ ਚਾਹੀਦਾ ਹੈ। ਜਿਹੜੀ ਸਰਕਾਰ ਨੇ ਜੰਮੂ-ਕਸ਼ਮੀਰ ਦੇ ਰਾਜੇ ਹਰੀ ਸਿੰਘ ਨਾਲ ਕੀਤੇ ਲਿਖਤੀ ਸਮਝੌਤੇ ਨੂੰ ਰੱਦ ਕਰਕੇ, ਨਾ-ਸਿਰਫ ਰਾਜ ਦੇ ਦੋ ਟੁਕੜੇ ਕਰ ਦਿੱਤੇ, ਸਗੋਂ ਸੰਵਿਧਾਨ ਦੀ ਧਾਰਾ-370 ਖਤਮ ਕਰਦੇ ਹੋਏ ਉਸ ਦਾ ਰਾਜ ਵਜੋਂ ਦਰਜਾ ਵੀ ਖੋਹ ਲਿਆ, ਉਸ ਸਰਕਾਰ ਨਾਲ ਕੋਈ ਵੀ ਨਵਾਂ ਸਮਝੌਤਾ ਵਿਸ਼ਵਾਸ ਨਾਲ ਨਹੀਂ ਕੀਤਾ ਜਾ ਸਕਦਾ।

ਆਗੂਆਂ ਨੇ ਸਵਾਲ ਚੁੱਕਿਆ ਕਿ ਯੂਪੀ, ਬਿਹਾਰ, ਉਤਰਾਖੰਡ, ਆਂਧਰਾ ਪ੍ਰਦੇਸ਼ ਆਦਿਕ ਅਨੇਕਾਂ ਸੂਬਿਆਂ ਵਿੱਚ ਵਿਸ਼ੇਸ਼ ਅਧਿਕਾਰ ਨਹੀਂ ਹਨ। ਸੋ ਜਿਹੜੀਆਂ ਸਮੱਸਿਆਂਵਾਂ ਨੂੰ ਜੰਮੂ-ਕਸ਼ਮੀਰ ਦੇ ਹੱਕ ਖੋਹਣ ਲਈ ਅਧਾਰ ਬਣਾਇਆ ਗਿਆ ਹੈ, ਉਹ ਸਮੱਸਿਆਵਾਂ ਇਨ੍ਹਾਂ ਉਪਰੋਕਤ ਰਾਜਾਂ ਵਿੱਚ ਕਿਉਂ ਹਨ ਅਤੇ ਕਿਵੇਂ ਹੱਲ ਕੀਤੀਆਂ ਜਾਣਗੀਆਂ? ਨਾਗਾਲੈਂਡ (ਆਰਟੀਕਲ 371 ਏ) , ਅਸਾਮ (ਆਰਟੀਕਲ 371ਬੀ), ਮਨੀਪੁਰ ( ਆਰਟੀਕਲ 371 ਸੀ) , ਸਿੱਕਮ (ਆਰਟੀਕਲ 371 ਐਫ), ਮਿਜ਼ੋਰਮ ( ਆਰਟੀਕਲ 371 ਜੀ) ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਵਿੱਚ ਲੈਂਡ ਰਿਫੋਰਮਜ਼ ਐਕਟ 1972 ਅਤੇ ਧਾਰਾ 118 ਲਾਗੂ ਹੈ। ਇਸੇ ਪ੍ਰਕਾਰ ਰਾਜਸਥਾਨ ਕੋਲ ਜੋ ਅਧਿਕਾਰ ਹਨ, ਉਨ੍ਹਾਂ ਬਾਰੇ ਕੇਂਦਰ ਸਰਕਾਰ ਕੀ ਕਰਨ ਜਾ ਰਹੀ ਹੈ? ਪੰਥਕ ਆਗੂਆਂ ਨੇ ਕਿਹਾ ਕਿ ਸਿੱਖ ਕੌਮ ਆਪਣੇ ਨਾਲ ਸਮਝੌਤੇ ਕਰਕੇ ਮੁੱਕਰ ਜਾਣ ਵਾਲੇ ਅਕਿਰਤਘਣ ਲੋਕਾਂ ਕਾਰਨ ਸੰਤਾਪ ਭੋਗ ਰਹੀ ਹੈ ਪਰ ਬਾਦਲ ਦਲ ਜਿਸ ਨੇ ਕਦੀ ਅਕਾਲੀ ਦਲ ਵੱਲੋਂ, ਰਾਜ ਸਰਕਾਰਾਂ ਤੋੜਨ ਲਈ ਵਰਤੀ ਜਾਂਦੀ ਧਾਰਾ 356 ਦਾ ਵਿਰੋਧ ਕੀਤਾ, ਰਾਜਾਂ ਨੂੰ ਵੱਧ ਅਧਿਕਾਰ ਮੰਗਦੇ ਹੋਏ ਅਨੰਦਪੁਰ ਸਾਹਿਬ ਦਾ ਮਤਾ ਤਿਆਰ ਕਰਕੇ ਧਰਮ ਯੁੱਧ ਮੋਰਚਾ ਲਾਇਆ, ਉਹ ਅੱਜ ਕੇਂਦਰ ਦੀ ਇਸ ਸਰਕਾਰ ਦਾ ਨਾ ਸਿਰਫ ਭਾਈਵਾਲ ਹੈ, ਸਗੋਂ ਰਾਜ ਦੇ ਦੋ ਟੋਟੇ ਕਰਕੇ ਉਸ ਨੂੰ ਯੂਨੀਅਨ ਟੈਰੇਟਰੀ ਬਣਾਉਣ ਦਾ ਸਮਰਥਨ ਕਰ ਰਿਹਾ ਹੈ। ਇਸ ਤੋਂ ਕੁੱਝ ਦਿਨ ਪਹਿਲਾਂ ਯੂਏਪੀਏ. ਕਨੂੰਨ ਵਿੱਚ ਸੋਧ ਕਰਕੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੂੰ ਅਸੀਮਤ ਅਧਿਕਾਰ ਦੇ ਦਿੱਤੇ ਗਏ ਹਨ ਤੇ ਉਹ ਕਿਸੇ ਨੂੰ ਵੀ ਅੱਤਵਾਦੀ ਐਲਾਨ ਸਕਦੀ ਹੈ। ਜੇ ਹੁਣ ਵੀ ਯੂਐਨਓ. ਵਰਗੀਆਂ ਸੰਸਥਾਵਾਂ ਕੋਈ ਕਾਰਵਾਈ ਨਾ ਕਰਨ ਤਾਂ ਏਹੋ ਜਿਹੇ ਸਫੈਦ ਹਾਥੀ ਪਾਲਣ ਦਾ ਕੀ ਫਾਇਦਾ ਹੈ?


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਭਾਰਤ-ਪਾਕਿ ’ਚ ਤਣਾਅ ਕਾਰਨ ਪ੍ਰਭਾਵਿਤ ਹੋ ਸਕਦੇ ਹਨ ਪ੍ਰਕਾਸ਼ ਪੁਰਬ ਸਮਾਗਮ

## ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਕਿ ਨੂੰ ਕਰਤਾਰਪੁਰ ਲਾਂਘੇ ਬਾਰੇ ਵਚਨਬੱਧਤਾ ਤੋਂ ਪਿੱਛੇ ਨਾ ਹਟਣ ਦੀ ਅਪੀਲ

**ਜਲੰਧਰ /ਵਿਸ਼ੇਸ਼ ਰਿਪੋਰਟਰ :**
ਭਾਰਤ ਵਿਚ ਬਹੁਗਿਣਤੀ ਸੰਵਿਧਾਨ ਦੀ ਧਾਰਾ 370 ਨੂੰ ਅਮਲੀ ਰੂਪ ਵਿਚ ਖ਼ਤਮ ਕਰਨ, ਜੰਮੂ ਤੇ ਕਸ਼ਮੀਰ ਰਾਜ ਨੂੰ ਤੋੜ ਕੇ 2 ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਏ ਜਾਣ ਕਾਰਨ ਭਾਰਤ-ਪਾਕਿਸਤਾਨ ਦੇ ਸੰਬੰਧ ਬੁਰੀ ਤਰ੍ਹਾਂ ਵਿਗੜ ਚੁੱਕੇ ਹਨ। ਇਸ ਕਾਰਨ ਦੋਹਾਂ ਦੇਸਾਂ ਦਰਮਿਆਨ ਜੰਗ ਦੇ ਖਤਰੇ ਦੀ ਸੰਭਾਵਨਾ ਵਧ ਰਹੀ ਹੈ। ਪਾਕਿਸਤਾਨ ਨੇ ਹਿੰਦੋਸਤਾਨੀ ਸਫ਼ੀਰ ਨੂੰ ਵਾਪਸ ਭੇਜ ਦਿੱਤਾ ਹੈ ਅਤੇ ਇਸ ਤਰ੍ਹਾਂ ਕੂਟਨੀਤਕ ਤੇ ਸਫ਼ਾਰਤੀ ਸਬੰਧ ਨਿਵਾਣ ਵੱਲ ਜਾ ਰਹੇ ਹਨ। ਇਸ ਕਾਰਨ ਕਰਤਾਰਪੁਰ ਲਾਂਘੇ ਉੱਪਰ ਅਸਰ ਪੈਣ ਦੀ ਸੰਭਾਵਨਾ ਵਧ ਰਹੀ ਹੈ। ਇਸ ਬਾਰੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡੀਪਾਰਟਮੈਂਟ ਆਫ ਜਸਟਿਸ ਨੇ ਟਿੱਪਣੀ ਕਰਦਿਆਂ ਕਿਹਾ ਕਿ ਗੁਰੂ ਨਾਨਕ ਲਾਂਘਾ ਕਰਤਾਰਪੁਰ ਵਿਚ ਦੋਹਾਂ ਦੇਸਾਂ ਨੂੰ ਕੰਮ ਤੇਜ਼ੀ ਨਾਲ ਕਰਨਾ ਚਾਹੀਦਾ ਹੈ,





ਕਿਉਂਕਿ ਇਹ ਜਗਤ ਗੁਰੂ ਸਤਿਗੁਰੂ ਨਾਨਕ ਸਾਹਿਬ ਦੇ ਵਿਸ਼ਵ ਸ਼ਾਂਤੀ ਮਾਰਗ ਦਾ ਮਸਲਾ ਹੈ। ਭਾਰਤ ਸਰਕਾਰ ਨੇ 370 ਧਾਰਾ ਰੱਦ ਕਰਕੇ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਿਕ ਨਿਯਮਾਂ ਦੀ ਉਲੰਘਣਾ ਕੀਤੀ ਹੈ ਤੇ ਕਸ਼ਮੀਰੀਆਂ ਦੇ ਕਸ਼ਮੀਰ ਨੂੰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਹੈ। ਇਸ ਸੰਬੰਧ ਵਿਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਕਸ਼ਮੀਰੀਆਂ ਦੇ ਹਿੱਤ ਵਿਚ ਦਖਲ ਅੰਦਾਜ਼ੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵੀ ਇਤਿਹਾਸਕ ਤੌਰ ’ਤੇ ਕਸ਼ਮੀਰ ਦੇ ਹਿੱਸੇਦਾਰ ਹਨ ਤੇ ਭਾਰਤ ਸਰਕਾਰ ਨੂੰ ਤੀਸਰੀ ਧਿਰ ਵਜੋਂ ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਕਸ਼ਮੀਰੀ ਪੰਡਤ ਵੀ ਮੋਦੀ ਸਰਕਾਰ ਦੇ ਇਸ ਫੈਸਲੇ ਵਿਰੁੱਧ ਹਨ। ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਦੱਖਣੀ ਏਸ਼ੀਆ ਦੀ ਸ਼ਾਂਤੀ ਵਿਚ ਭਾਰਤ-ਪਾਕਿਸਤਾਨ ਨੂੰ ਗੱਲਬਾਤ ਦਾ ਰਾਹ ਅਪਨਾਉਣਾ ਚਾਹੀਦਾ ਹੈ ਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਮੌਕੇ ਨੂੰ ਖੁੰਝਾਉਣਾ ਨਹੀਂ ਚਾਹੀਦਾ ਅਤੇ ਕਰਤਾਰਪੁਰ ਲਾਂਘੇ ਨੂੰ ਉਸ ਸਮੇਂ ਤਕ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਕਰਤਾਰਪੁਰ ਲਾਂਘੇ ਦੇ ਮੁੱਦੇ ਉੱਪਰ ਦੂਸਰੇ ਵਿਵਾਦੀ ਮਸਲਿਆਂ ਨੂੰ ਭਾਰੂ ਨਹੀਂ ਪੈਣ ਦੇਣਾ ਚਾਹੀਦਾ ਤੇ ਨਾ ਹੀ ਉਕਸਾਹਿਟ ਭਰੇ ਬਿਆਨਬਾਜ਼ੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550-ਸਾਲਾ ਪ੍ਰਕਾਸ਼ ਪੁਰਬ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਸ ਨੂੰ ਨੇਪਰੇ ਚਾੜ੍ਹਿਆ ਜਾਣਾ ਚਾਹੀਦਾ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਮੁੱਠ ਹੋ ਕੇ ਕੇਂਦਰ ਸਰਕਾਰ ’ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਇਸ ਮਾਮਲੇ ਵਿਚ ਆਉਣ ਵਾਲੀ ਹਰ ਅੜਚਣ ਨੂੰ ਆਪਸੀ ਗੱਲਬਾਤ ਰਾਹੀਂ ਦੂਰ ਕੀਤਾ ਜਾਏ। ਦੋਹਾਂ ਦੇਸ਼ਾਂ ਵਿਚਕਾਰ ਵਿਗੜਦੇ ਹੋਏ ਸਬੰਧਾਂ ਦੇ ਹਨੇਰੇ ਵਿਚ ਕਰਤਾਰਪੁਰ ਲਾਂਘਾ ਆਸ ਦੀ ਕਿਰਨ ਹੈ। ਉਨ੍ਹਾਂ ਕਿਹਾ ਕਿ ਜੇ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਖ਼ਰਾਬ ਹੁੰਦੇ ਹਨ ਤਾਂ 550ਵੇਂ ਪ੍ਰਕਾਸ਼ ਪੁਰਬ ਦੇ ਦੋਵਾਂ ਦੇਸ਼ਾਂ ਵਿਚ ਹੋਰ ਸਮਾਗਮ ਵੀ ਪ੍ਰਭਾਵਿਤ ਹੋ ਸਕਦੇ ਹਨ।

**ਕੈਪਟਨ ਦੀ ਪਾਕਿ ਨੂੰ ਅਪੀਲ-**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਨੂੰ ਕਰਤਾਰਪੁਰ ਲਾਂਘੇ ਤੋਂ ਆਪਣੀ ਵਚਨਬੱਧਤਾ ਤੋਂ ਪਿੱਛੇ ਨਾ ਹਟਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਜੇਕਰ ਪ੍ਰਾਜੈਕਟ ਦੇ ਵਿਕਾਸ ਦੀ ਰਫ਼ਤਾਰ ਹੌਲੀ ਹੋ ਗਈ ਤਾਂ ਗੁਰੂ ਨਾਨਕ ਸਾਹਿਬ ਦੇ 550-ਸਾਲਾ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ ’ਤੇ ਇਹ ਕੰਮ ਅਧੂਰਾ ਰਹਿ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਅਜਿਹੀ ਢਿੱਲ-ਮੱਠ ਕਾਰਨ ਸਿੱਖਾਂ ਦੀਆਂ ਭਾਵਨਾਵਾਂ ਅਤੇ ਖ਼ਾਹਿਸ਼ਾਂ ਨੂੰ ਠੇਸ ਪਹੁੰਚੇਗੀ। ਪੰਜਾਬ ਦੇ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੇ ਕਿਹਾ ਹੈ ਕਿ ਭਾਰਤ ਵਾਲੇ ਪਾਸੇ ਕਰਤਾਰਪੁਰ ਲਾਂਘੇ ਦਾ ਕੰਮ 15 ਅਕਤੂਬਰ ਤਕ ਮੁਕੰਮਲ ਕਰ ਲਿਆ ਜਾਵੇਗਾ।

**ਕੀ ਕਹਿੰਦੇ ਹਨ ਪਾਕਿ ਦੇ ਪ੍ਰਧਾਨ ਮੰਤਰੀ-**
ਦੂਜੇ ਪਾਸੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਕਹਿਣਾ ਹੈ ਕਿ ਸਾਡਾ ਤਣਾਅ ਭਾਰਤ ਨਾਲ ਹੈ, ਸਿੱਖਾਂ ਨਾਲ ਨਹੀਂ। ਅਸੀਂ ਆਪਣੇ ਸ਼ਬਦਾਂ ’ਤੇ ਸਿੱਖ ਪੰਥ ਨਾਲ ਵਚਨਬੱਧ ਹਾਂ ਕਿ ਕਰਤਾਰਪੁਰ ਲਾਂਘੇ ਦਾ ਕੰਮ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਲਾਂਘੇ ਦਾ ਉਕਤ ਪ੍ਰਾਜੈਕਟ ਤੈਅ ਕੀਤੇ ਗਏ ਸਮੇਂ ਵਿਚ ਹੀ ਮੁਕੰਮਲ ਕੀਤਾ ਜਾਵੇਗਾ।

**ਲਾਂਘੇ ਬਾਰੇ ਭਾਰਤ-ਪਾਕਿ ਨਾਲ ਮੀਟਿੰਗ ਕਰਨ ਦਾ ਚਾਹਵਾਨ-**
ਭਾਰਤ ਨੇ ਕਰਤਾਰਪੁਰ ਲਾਂਘੇ ਦੇ ਤਕਨੀਕੀ ਪਹਿਲੂਆਂ ਬਾਰੇ ਗੱਲਬਾਤ ਕਰਨ ਲਈ ਪਾਕਿਸਤਾਨ ਨਾਲ ਬੈਠਕ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ। ਭਾਰਤ ਨੇ ਪਾਕਿਸਤਾਨ ਨੂੰ ਅਗਸਤ ਦੇ ਪਹਿਲੇ ਹਫਤੇ ਬੈਠਕ ਕਰਨ ਦਾ ਪ੍ਰਸਤਾਵ ਦਿੱਤਾ ਸੀ ਤਾਂ ਜੋ ਲਾਂਘੇ ਦੇ ਨਿਰਮਾਣ ਲਈ ਪ੍ਰਬੰਧ ਪੂਰੇ ਕੀਤੇ ਜਾ ਸਕਣ ਤੇ ਲਾਂਘੇ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ। ਹਾਲਾਂਕਿ ਪਾਕਿਸਤਾਨ ਨੇ ਹਾਲੇ ਤਕ ਇਸ ਬਾਰੇ ਕੋਈ ਜਵਾਬ ਨਹੀਂ ਦਿੱਤਾ। ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਕਿਹਾ ਕਿ ਕਰਤਾਰਪੁਰ ਪ੍ਰਾਜੈਕਟ ਵਿਚ 80 ਫ਼ੀਸਦੀ ਤੋਂ ਵਧੇਰੇ ਕੰਮ ਮੁਕੰਮਲ ਹੋ ਚੁੱਕਿਆ ਹੈ ਤੇ ਹੋਰਨਾਂ ਘੱਟ-ਗਿਣਤੀਆਂ ਦੇ ਪੂਜਾ ਸਥਾਨਾਂ ਵਿਚ ਵੀ ਵੱਡੇ ਪੱਧਰ ’ਤੇ ਸੁਧਾਰ ਕੀਤਾ ਜਾ ਰਿਹਾ ਹੈ, ਜਦਕਿ ਭਾਰਤ ਵਿਚ ਪਾਕਿਸਤਾਨ ਦੀ ਕੱਟੜਪੰਥੀ ਮੁਲਕ ਵਾਲੀ ਛਾਪ ਪੇਸ਼ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕਸ਼ਮੀਰ ਤੇ ਫ਼ਲਸਤੀਨ ਦੇ ਮਸਲੇ ਹੱਲ ਕੀਤੇ ਬਗੈਰ ਵਿਸ਼ਵ ਸ਼ਾਂਤੀ ਦਾ ਸੁਪਨਾ ਸਾਕਾਰ ਨਹੀਂ ਕੀਤਾ ਜਾ ਸਕਦਾ।

### ਪਾਕਿਸਤਾਨ ਨਾਲ ਵਪਾਰ ਬੰਦ ਹੋਣ ਨਾਲ ਪੰਜਾਬ ਦੀਆਂ ਸਨਅਤਾਂ ਨੂੰ ਹੋਵੇਗਾ ਆਰਥਿਕ ਨੁਕਸਾਨ

**ਲੁਧਿਆਣਾ/ਏਟੀ ਨਿਊਜ਼ :** ਭਾਰਤ ਨੇ ਸਾਲ 2018-2019 ਵਿਚ ਦੁਨੀਆ ਭਰ ਵਿਚ 230 772619.38 ਲੱਖ ਰੁਪਏ ਤੇ ਪਾਕਿਸਤਾਨ ਨੂੰ 1442651.41 ਲੱਖ ਰੁਪਏ ਦੇ ਉਤਪਾਦ ਨਿਰਯਾਤ ਕੀਤੇ, ਜਦਕਿ ਦੁਨੀਆ ਭਰ ਨੇ 359467461.19 ਲੱਖ ਰੁਪਏ ਤੇ ਪਾਕਿਸਤਾਨ ਨੇ ਭਾਰਤ ਨੂੰ 347648.12 ਲੱਖ ਰੁਪਏ ਦੇ ਉਤਪਾਦ ਆਯਾਤ ਕੀਤੇ। ਪਾਕਿਸਤਾਨ ਨਾਲ ਭਾਰਤ ਦਾ ਵਪਾਰ ਬੰਦ ਹੋਣ ਨਾਲ ਜਿੱਥੇ ਭਾਰਤ ਦੀਆਂ ਕਈ ਸਨਅਤਾਂ ਨੂੰ ਨੁਕਸਾਨ ਹੋਵੇਗਾ, ਉੱਥੇ ਪੰਜਾਬ ਦੀ ਸਾਈਕਲ, ਕੱਪੜਾ, ਟਾਇਰ ਟਿਊਬ, ਸਿਲਾਈ ਮਸ਼ੀਨ, ਖੇਡਾਂ ਦਾ ਸਾਮਾਨ ਬਣਾਉਣ ਵਾਲੀਆਂ ਸਨਅਤਾਂ ਨੂੰ ਭਾਰੀ ਢਾਹ ਲੱਗੇਗੀ।

**ਇਮਰਾਨ ਖ਼ਾਨ ਨੇ ਮੰਗੀ ਕਸ਼ਮੀਰ ’ਤੇ ਕੌਮਾਂਤਰੀ ਭਾਈਚਾਰੇ ਦੀ ਹਮਾਇਤ**
ਇਸਲਾਮਾਬਾਦ-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਸ਼ਮੀਰ ਮੁੱਦੇ ’ਤੇ ਕੌਮਾਂਤਰੀ ਭਾਈਚਾਰੇ ਦੀ ਹਮਾਇਤ ਮੰਗਦਿਆਂ ਕਿਹਾ ਕਿ ਜੇਕਰ ਨੈਤਿਕ ਹਿੰਮਤ ਹੈ ਤਾਂ ਉਨ੍ਹਾਂ ਨੂੰ ਕਸ਼ਮੀਰੀਆਂ ਦੇ ਖ਼ਿਲਾਫ਼ ਭਾਰਤ ਵਲੋਂ ਕੀਤੇ ਜਾ ਰਹੇ ਵੱਧ ਤੋਂ ਵੱਧ ਸੈਨਿਕ ਬਲ ਦੇ ਉਪਯੋਗ ਨੂੰ ਖ਼ਤਮ ਕਰਨਾ ਚਾਹੀਦਾ ਹੈ।

# ਵਿਧਾਨ ਸਭਾ ਤੋਂ ਫੂਲਕਾ ਦਾ ਅਸਤੀਫਾ ਮਨਜ਼ੂਰ

## ਵਿਧਾਇਕਾਂ ਨੂੰ ਅਸਤੀਫ਼ਿਆਂ ਦੀ ਝੜੀ ਲਾਉਣ ਦੀ ਕੀਤੀ ਅਪੀਲ

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਦਾਖਾ ਤੋਂ ਵਿਧਾਇਕ ਐੱਚ ਐੱਸ ਫੂਲਕਾ ਦਾ ਅਸਤੀਫਾ ਬੀਤੇ ਸ਼ੁੱਕਰਵਾਰ ਮਨਜ਼ੂਰ ਕਰ ਲਿਆ। ਅਸਤੀਫਾ ਮਨਜ਼ੂਰ ਹੋਣ ਮਗਰੋਂ ਪੰਜਾਬ ਵਿਧਾਨ ਸਭਾ ਤੋਂ ਸੁਰਖਰੂ ਹੋਏ ਪਦਮਸ੍ਰੀ ਸੀਨੀਅਰ ਵਕੀਲ ਐੱਚਐੱਸ ਫੂਲਕਾ



ਨੇ ਪੰਜਾਬ ਦੇ ਵਿਧਾਇਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਅਸਤੀਫ਼ਿਆਂ ਦੀ ਝੜੀ ਲਾਉਣ ਦਾ ਹੋਕਾ ਦਿੱਤਾ ਹੈ। ਉਨ੍ਹਾਂ ਵਿਸ਼ੇਸ਼ ਕਰਕੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਕਾਂਗਰਸੀ ਵਿਧਾਇਕਾਂ ਰਮਨਜੀਤ ਸਿੰਘ ਸਿੱਕੀ ਤੇ ਹਰਮਿੰਦਰ ਸਿੰਘ ਗਿੱਲ, ਬੈਂਸ ਭਰਾਵਾਂ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਬੇਅਦਬੀ ਕਾਂਡ ਉਪਰ ਪਰਦਾ ਪਾਉਣ ਲਈ ਕੈਪਟਨ ਅਤੇ ਬਾਦਲਾਂ ਵੱਲੋਂ ਖੇਡੀ ਜਾ ਰਹੀ ਕਥਿਤ ਦੋਸਤਾਨਾ ਖੇਡ ਵਿਰੁੱਧ ਆਪਣੀਆਂ ਜ਼ਮੀਰਾਂ ਦੀ ਆਵਾਜ਼ ਪਛਾਣ ਕੇ ਅਸਤੀਫ਼ੇ ਆਪਣੇ ਗੁਰੂ ਤੋਂ ਵਾਰ ਕੇ ਉਨ੍ਹਾਂ ਵਾਂਗ ਰੂਹਾਨੀ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਗਸਤ 2018 ਦੇ ਸੈਸ਼ਨ ਵਿੱਚ ਸਰਕਾਰ ਨੇ ਬੇਅਦਬੀ ਕਾਂਡ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਦਾ ਭਰੋਸਾ ਦਿੱਤਾ ਸੀ ਪਰ ਕੈਪਟਨ ਨੇ ਇਸ ਲਈ ਠੋਸ ਯਤਨ ਹੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਹੁਣ ਨਾ ਤਾਂ ਉਹ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਹੋਣਗੇ ਅਤੇ ਨਾ ਹੀ ਕੋਈ ਚੋਣ ਲੜਨਗੇ। ਫੂਲਕਾ ਨੇ ਕਿਹਾ ਕਿ ਮੁੱਖ ਮੰਤਰੀ ਬਾਦਲ ਨੂੰ ਬਰਗਾੜੀ ਦੇ ਉਸ ਗੋਲੀਕਾਂਡ ਬਾਰੇ ਪੂਰੀ ਜਾਣਕਾਰੀ ਸੀ। ਪਰ ਕੈਪਟਨ ਨੇ ਆਪਣੇ ਰਾਜ ਦੌਰਾਨ ਬਾਦਲਾਂ ’ਤੇ ਕੋਈ ਕਾਰਵਾਈ ਨਹੀਂ ਕੀਤੀ।

‘ਆਪ’ ਦੀ ਵਿਧਾਨ ਸਭਾ ਵਿੱਚ ਘਟਦੀ ਪਕੜ ਤੋਂ ਬਾਅਦ ਅਕਾਲੀ ਦਲ ਨੇ ਵਿਰੋਧੀ ਧਿਰ ਦੀ ਕੁਰਸੀ ਹਾਸਲ ਕਰਨ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਫੂਲਕਾ ਦਾ ਅਸਤੀਫਾ ਮਨਜ਼ੂਰ ਹੋਣ ਤੋਂ ਬਾਅਦ ਅਕਾਲੀ ਲੀਡਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵਿਧਾਨ ਸਭਾ ਦੇ ਸਪੀਕਰ ਅਤੇ ਕਾਂਗਰਸ ਸਰਕਾਰ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਅਸਤੀਫ਼ੇ ਪ੍ਰਵਾਨ ਕਰਨ ਵਿਚ ਦੇਰੀ ਅਤੇ ਅਸਤੀਫ਼ਾ ਦੇਣ ਵਾਲਿਆਂ ਨੂੰ ਸਹੂਲਤਾਂ ਦੇਣ ’ਤੇ ਸਰਕਾਰ ਨੂੰ ਘੇਰਿਆ।

### ਕੈਪਟਨ ਦੇ ਮੰਤਰੀਆਂ ਨੇ ਫੂਲਕੇ ਨੂੰ ਘੇਰਿਆ

ਕੈਬਨਿਟ ਮੰਤਰੀ ਤ੍ਰਿਪਤ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ ਤੇ ਗੁਰਪ੍ਰੀਤ ਸਿੰਘ ਕਾਂਗੜ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਫੂਲਕਾ ਦੀ ਸਿਆਸੀ ਅਹਿਮੀਅਤ ਘੱਟ ਰਹੀ ਹੈ ਇਸ ਲਈ ਉਹ ਡਰਾਮੇਬਾਜ਼ੀ ਕਰ ਰਹੇ ਹਨ। ਇਨ੍ਹਾਂ ਮੰਤਰੀਆਂ ਨੇ ਕਿਹਾ ਕਿ ਜੇ ਫੂਲਕਾ ਸੱਚਮੁੱਚ ਇਸ ਮੁੱਦੇ ਤੇ ਇਸ ’ਤੇ ਚਿੰਤਤ ਸਨ ਤਾਂ ਉਨ੍ਹਾਂ ਨੂੰ ਐਨਡੀਏ ਸਰਕਾਰ ਵੱਲੋਂ ਦਿੱਤਾ ਪਦਮ ਸ੍ਰੀ ਐਵਾਰਡ ਵੀ ਵਾਪਸ ਕਰਨਾ ਚਾਹੀਦਾ ਸੀ ਜਿਸ ਨੇ ਸੀਬੀਆਈ ’ਤੇ ਬਰਗਾੜੀ ਕੇਸ ਵਿੱਚ ਕਲੋਜ਼ਰ ਰਿਪੋਰਟ ਦਾਇਰ ਕਰਨ ਲਈ ਦਬਾਅ ਪਾਇਆ ਸੀ।

ਦੂਜੇ ਪਾਸੇ ਫੂਲਕਾ ਨੇ ਕਿਹਾ ਕਿ ਗੋਲੀ ਕਾਂਡ ਦੇ ਜ਼ਿੰਮੇਵਾਰ ਸੈਣੀ ਤੇ ਇਲਾਵਾ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਸਭ ਨੂੰ ਕੈਪਟਨ ਸਰਕਾਰ ਜੇਲ੍ਹ ਅੰਦਰ ਕਰ ਦੇਵੇ ਤਾਂ ਉਹ ਪਦਮਸ੍ਰੀ ਕੇਂਦਰ ਨੂੰ ਵਾਪਿਸ ਕਰ ਦੇਣਗੇ।


When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568





GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!






Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# 15ਵੇਂ ਵਿਸ਼ਵ ਕਬੱਡੀ ਕੱਪ ਨੂੰ ਹਰ ਪਾਸਿਓਂ ਮਿਲ ਰਿਹੈ ਵੱਡਾ ਸਹਿਯੋਗ : ਸਹੋਤਾ ਭਰਾ

***ਦੁਨੀਆ ਭਰ ਦੇ ਸੁਪਰ ਸਟਾਰ ਹੋਣਗੇ ਕਬੱਡੀ ਕੱਪ ਦਾ ਸ਼ਿੰਗਾਰ : ਸੰਦੀਪ, ਮੰਗੀ***






**ਯੂਨੀਅਨ ਸਿਟੀ/ਏਟੀ ਨਿਊਜ਼ :** ਯੂਨਾਈਟਡ ਸਪੋਰਟਸ ਕਲੱਬ ਦੇ 15 ਸਤੰਬਰ, ਦਿਨ ਐਤਵਾਰ ਨੂੰ ਸਥਾਨਕ ਲੋਗਨ ਹਾਈ ਸਕੂਲ ਵਿਖੇ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਬੋਲਦਿਆਂ ਕਲੱਬ ਦੇ ਪ੍ਰਧਾਨ ਸ. ਜੁਗਰਾਜ ਸਿੰਘ ਸਹੋਤਾ ਅਤੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਖੇਡ ਮੇਲੇ ਲਈ ਹਰ ਵਰਗ ਵਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਨਾਲੋਂ ਇਸ ਵਾਰ ਸੰਗਤਾਂ ਦੇ ਉਤਸ਼ਾਹ ਨੂੰ ਵੇਖਦਿਆਂ ਰਿਕਾਰਡ ਤੋੜ ਇਕੱਠ ਹੋਣ ਦੀ ਆਸ ਬਣੀ ਹੈ। ਸਹੋਤਾ ਭਰਾਵਾਂ ਨੇ ਇਹ ਵੀ ਕਿਹਾ ਕਿ ਕਲੱਬ ਵਲੋਂ ਵਿਸ਼ਵ ਕੱਪ ਦੇ ਪ੍ਰਬੰਧਾਂ ਵਿਚ ਕੋਈ ਵੀ ਕਮੀ ਪੇਸ਼ੀ ਨਹੀ ਆਉਣ ਦਿੱਤੀ ਅਤੇ ਦਰਸ਼ਕਾਂ ਦੀ ਹਰ ਸਹੂਲਤ ਦਾ ਖਿਆਲ ਰੱਖਿਆ ਜਾਵੇਗਾ। ਖਾਣ ਪੀਣ, ਬੈਠਣ ਉੱਠਣ ਅਤੇ ਪਾਰਕਿੰਗ ਦਾ ਪ੍ਰਬੰਧ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਫਿਰ ਵੀ ਇਸ ਇਤਿਹਾਸਕ ਕਬੱਡੀ ਕੱਪ ਨੂੰ ਵੇਖਣ ਲਈ ਸਮੂਹ ਪੰਜਾਬੀਆਂ, ਕਬੱਡੀ ਪ੍ਰੇਮੀਆਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਇਕ ਦਿਨ ਯੁਨਾਈਟਡ ਸਪੋਰਟਸ ਕਲੱਬ ਲਈ ਰਾਖਵਾਂ ਰੱਖਣ ਅਤੇ ਕਬੱਡੀ ਦੇ ਲੇਖੇ ਲਾਉਣ, ਕਿਉਂਕਿ ਇਹ ਨਾ ਸਿਰਫ ਕਬੱਡੀ ਦਾ ਮਹਾਂ ਕੁੰਭ ਹੈ ਸਗੋਂ ਭਾਈਚਾਰਕ ਸਾਂਝ ਏਕਤਾ ਤੇ ਵਿਰਾਸਤੀ ਪ੍ਰੰਪਰਾਵਾਂ ਨੂੰ ਜਿਉਂਦੇ ਰੱਖਣ ਦੀ ਵਿਵਸਥਾ ਵੀ ਹੈ। ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਇਕ ਪਲ ਵੀ ਦਰਸ਼ਕ ਕਬੱਡੀ ਦੇ ਨਿਵੇਕਲੇ ਰੰਗ ਵੇਖਣ ਤੋਂ ਵਿਰਵੇਂ ਨਹੀਂ ਹੋਣਗੇ। ਨਾਮੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਮੰਗੀ ਬੱਗਾ ਪਿੰਡ ਨੇ ਕਿਹਾ ਕਿ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਇਹ ਪਹਿਲਾ ਵੱਡਾ ਅਮਰੀਕਾ ਦੀ ਧਰਤੀ 'ਤੇ ਹੋਣ ਵਾਲਾ ਵਿਸ਼ਵ ਕਬੱਡੀ ਕੱਪ ਹੋਵੇਗਾ ਜਿਸ ਵਿਚ ਦੁਨੀਆਂ ਭਰ ਦੇ ਧਨੰਤਰ ਤੇ ਸੁਪਰ ਸਟਾਰ ਕਬੱਡੀ ਖਿਡਾਰੀ ਆਪਣੀ ਕਬੱਡੀ ਖੇਡ ਦੇ ਜੌਹਰ ਦਿਖਾਉਣਗੇ। ਮੁਕੰਮਲ ਰੂਪ ਵਿਚ ਇਹ ਡਰੱਗ ਫ੍ਰੀ ਕਬੱਡੀ ਕੱਪ ਹੋਵੇਗਾ। ਸੰਦੀਪ ਨੰਗਰ ਅੰਬੀਆਂ ਅਤੇ ਮੰਗੀ ਬੱਗਾ ਪਿੰਡ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਇਸ ਖੇਡ ਮੇਲੇ ਦਾ ਹਿੱਸਾ ਬਣੋ ਅਤੇ ਕਬੱਡੀ ਦੇ ਉੱਜਲ ਭਵਿੱਖ ਲਈ ਨਵੀਆਂ ਲੀਹਾਂ ਪਾਉਣ ਦੀ ਪ੍ਰੰਪਰਾ 'ਤੇ ਮੋਹਰ ਲਗਾਓ।

## ਵਾਟਕੌਮ ਕਾਊਂਟੀ ਐਗਜ਼ੈਕਟਿਵ ਦੀ ਚੋਣ ਵਾਸਤੇ ਦੰਗਲ ਸ਼ੁਰੂ

***ਸਤਪਾਲ ਸਿੱਧੂ ਦਾ ਮੁਕਾਬਲਾ ਟੋਨੀ ਲਾਰਸ਼ਨ ਨਾਲ***



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਤੋਂ 100 ਮੀਲ ਦੂਰ ਵਾਟਕੌਮ ਕਾਊਂਟੀ ਐਗਜ਼ੈਕਟਿਵ ਦੀ ਮੁਢਲੀ ਚੋਣ ਜਿੱਤਣ ਤੋਂ ਬਾਅਦ ਨਵੰਬਰ ਮਹੀਨੇ ਵਿਚ ਜਨਰਲ ਚੋਣ ਵਾਸਤੇ ਪੰਜਾਬੀ ਭਾਈਚਾਰੇ ਦੇ ਉਮੀਦਵਾਰ ਸਤਪਾਲ ਸਿੱਧੂ ਦਾ ਅਖੀਰੀ ਮੁਕਾਬਲਾ ਟੋਨੀ ਲਾਰਸ਼ਨ ਨਾਲ ਹੋਏਗਾ। ਸਤਪਾਲ ਸਿੱਧੂ ਨੂੰ ਪੰਜਾਬੀ ਭਾਈਚਾਰੇ ਤੋਂ ਇਲਾਵਾ ਘੱਟਗਿਣਤੀਆਂ ਦੇ ਦੂਜੇ ਲੋਕਾਂ ਦੀ ਵੀ ਕਾਫੀ ਹਮਾਇਤ ਹਾਸਲ ਹੈ।

ਜ਼ਿਕਰਯੋਗ ਹੈ ਕਿ ਸਤਪਾਲ ਸਿੱਧੂ ਨੂੰ ਮੁਢਲੀ ਚੋਣ ਵਿਚ 20,000 ਤੋਂ ਵੱਧ ਵੋਟਾਂ ਮਿਲੀਆਂ ਹਨ ਅਤੇ ਪੂਰੀ ਉਮੀਦ ਹੈ ਕਿ ਸਤਪਾਲ ਸਿੱਧੂ ਨਵੰਬਰ ਵਿਚ ਜਿੱਤ ਹਾਸਲ ਕਰਕੇ ਨਵਾਂ ਇਤਿਹਾਸ ਸਿਰਜਣਗੇ। 100 ਸਾਲ ਪਹਿਲਾਂ ਵਾਟਕੌਮ ਕਾਊਂਟੀ ਵਿਚੋਂ ਘੱਟਗਿਣਤੀ ਦੇ ਲੋਕਾਂ ਨੂੰ ਧੱਕੇ ਨਾਲ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ, ਜਿੱਥੋਂ ਪਿਛਲੀ ਵਾਰ ਸਤਪਾਲ ਸਿੱਧੂ ਵਾਟਕੌਮ ਕਾਊਂਟੀ ਦੇ ਕੌਂਸਲ

**ਬਾਕੀ ਸਫ਼ਾ 32 'ਤੇ**

## ਸਿਆਟਲ ਦੀ ਏਬੀਸੀ ਭੰਗੜਾ ਟੀਮ ਦੇ ਨਾਰਥ ਅਮਰੀਕਾ ਚੈਂਪੀਅਨਸ਼ਿਪ ਜਿੱਤਣ 'ਤੇ ਸੁਆਗਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਸਿਆਟਲ ਦੀ ਏਬੀਸੀ ਭੰਗੜਾ ਟੀਮ (ਲੜਕੇ) ਨਾਰਥ ਅਮਰੀਕਾ ਚੈਂਪੀਅਨਸ਼ਿਪ ਟਰਾਫ਼ੀ ਜਿੱਤ ਦੇ ਸਿਆਟਲ ਪਹੁੰਚੀ, ਜਿੱਥੇ ਖੇਡ ਕੈਂਪ ਦੇ ਬੱਚਿਆਂ, ਮਾਪਿਆਂ, ਵਲੰਟੀਅਰ, ਕੋਚਾਂ ਅਤੇ ਪੰਜਾਬੀ ਭਾਈਚਾਰੇ ਦੇ ਪਤਵੰਤਿਆਂ ਨੇ ਨਿੱਘਾ ਸਵਾਗਤ ਕੀਤਾ। ਨਾਰਥ ਅਮਰੀਕਾ ਦੇ ਭੰਗੜੇ ਦੇ ਮੁਕਾਬਲਿਆਂ ਵਿਚੋਂ ਏਬੀਸੀ ਲੜਕੀਆਂ ਦੀ ਟੀਮ ਦੂਸਰੇ ਦਰਜੇ ਤੇ ਰਹੀ, ਜਿਨ੍ਹਾਂ ਨੂੰ ਬੀਬੀ ਬਲਜਿੰਦਰ ਕੌਰ ਨੇ ਸਨਮਾਨਤ ਕੀਤਾ।

ਖੇਡ ਕੈਂਪ ਦੇ ਬੱਚਿਆਂ ਨੂੰ ਬਾਬਾ ਬੁੱਢਾ ਸੰਸਥਾ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਤੇ ਅਮਰਪਾਲ ਸਿੰਘ ਕਾਹਲੋਂ ਨੇ ਖੇਡ ਕਿੱਟਾਂ ਵੰਡੀਆਂ। ਪ੍ਰਬੰਧਕਾਂ ਨੇ ਦੱਸਿਆ ਕਿ 24-25 ਅਗਸਤ ਨੂੰ ਸਮਾਪਤੀ ਸਮਾਰੋਹ ਸਮੇਂ ਬੱਚਿਆਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿੱਥੇ 25 ਅਗਸਤ ਸ਼ਾਮ ਨੂੰ 5 ਤੋਂ 7 ਵਜੇ ਤੱਕ ਜੇਤੂ ਖਿਡਾਰੀਆਂ ਨੂੰ ਮੈਡਲਾਂ ਨਾਲ ਸਨਮਾਨਿਆ ਜਾਵੇਗਾ। ਇਸ ਮੌਕੇ ਸਿਆਟਲ ਦੇ ਖੇਡ ਪ੍ਰੇਮੀਆਂ ਨੂੰ ਇਸ ਕੈਂਪ ਦੇ 10 ਸਾਲ ਪੂਰੇ ਹੋਣ 'ਤੇ ਹੋ ਰਹੇ ਸਮਾਗਮ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ ਮੌਕੇ ਵਲੰਟੀਅਰ, ਕੋਚਾਂ, ਉਸਤਾਦਾਂ ਤੇ ਦਾਨੀ ਸੱਜਣਾਂ ਨੂੰ ਸਨਮਾਨਤ ਕੀਤਾ ਜਾਵੇਗਾ। ਗੌਰਤਲਬ ਹੈ ਕਿ ਇਥੇ ਪੰਜਾਬੀ ਭਾਈਚਾਰੇ ਦੇ ਲਗਭਗ 200 ਬੱਚੇ ਖੇਡ ਕੈਂਪ ਦਾ ਲਾਭ ਉਠਾ ਰਹੇ ਹਨ, ਜਿੱਥੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।




## ਫਰੀਮੌਂਟ ਵਿਖੇ 18 ਅਗਸਤ ਨੂੰ ਹੋਣ ਜਾ ਰਹੀ ਭਾਰਤੀ ਅਜ਼ਾਦੀ ਪਰੇਡ ਵਿਰੁੱਧ ਰੋਸ ਮੁਜ਼ਾਹਰਾ ਕਰਨ ਦਾ ਐਲਾਨ

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਫਰੀਮੌਂਟ ਸ਼ਹਿਰ ਵਿਚ ਭਾਰਤੀ ਭਾਈਚਾਰੇ ਵੱਲੋਂ ਅਜ਼ਾਦੀ ਦੀ ਪਰੇਡ ਕੱਢੀ ਜਾਣੀ ਹੈ, ਜਿਸ ਦਾ ਸਿੱਖ ਕੌਮ ਵੱਲੋਂ ਡਟ ਕੇ ਵਿਰੋਧ ਕੀਤਾ ਜਾਂਦਾ ਹੈ ਤੇ ਲੋਕਤੰਤਰੀ ਢੰਗਾਂ ਨਾਲ ਇਸ ਪਰੇਡ ਦੇ ਵਿਰੁਧ ਅਮਨਮਈ ਮੁਜ਼ਾਹਰਾ ਕੀਤਾ ਜਾਂਦਾ ਹੈ। ਭਾਰਤੀ ਅਜ਼ਾਦੀ ਦਾ ਵਿਰੋਧ ਕਰਨ ਦੇ ਠੋਸ ਕਾਰਨ ਹਨ, ਜਿਨਾਂ ਵਿਚ ਸੰਨ 1947 ਤੋਂ ਹੀ ਸਿੱਖ ਕੌਮ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕਰਨਾ ਪ੍ਰਮੁੱਖ ਹੈ। ਆਜ਼ਾਦੀ ਤੋਂ ਤੁਰੰਤ ਬਾਅਦ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਕੌਮ ਕਿਹਾ ਗਿਆ। ਸੰਨ 1955 ਤੇ 1984 ਵਿਚ ਸ੍ਰੀ ਦਰਬਾਰ ਸਾਹਿਬ, ਪੰਜਾਬ ਤੇ ਪੂਰੇ ਭਾਰਤ ਵਿਚ ਸਿੱਖ ਕੌਮ ਦੀ ਨਸਲਕੁਸ਼ੀ ਕੀਤੀ ਗਈ, ਜਿਸ ਵਿਚ ਲੱਖਾਂ ਸਿੱਖ ਸ਼ਹੀਦ ਕਰ ਦਿਤੇ ਗਏ। ਹੁਣ ਤਕ ਪੰਜਾਬ ਦਾ 600 ਬਿਲੀਅਨ ਡਾਲਰ ਦਾ ਪਾਣੀ ਲੁੱਟਿਆ ਗਿਆ ਹੈ ਤੇ ਇਹ ਲੁੱਟ ਹਾਲੇ ਵੀ ਜਾਰੀ ਹੈ। ਦੁਨੀਆ ਦੇ ਪੰਜਵੇਂ ਵੱਡੇ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਕਿਹਾ ਜਾ ਰਿਹਾ ਹੈ ਤੇ ਸਿੱਖ ਧਰਮ ਨੂੰ ਨਿਗਲਣ ਲਈ ਸਰਕਾਰੀ ਜ਼ੋਰ ਲਾਇਆ ਜਾ ਰਿਹਾ ਹੈ। ਨਸ਼ਿਆਂ ਰਾਹੀਂ ਸਿੱਖ ਨਸਲਕੁਸ਼ੀ ਕੀਤੀ ਜਾ ਰਹੀ ਹੈ। ਸਿੱਖਾਂ ਦੀ ਮਾਂ ਬੋਲੀ ਪੰਜਾਬੀ ਨੂੰ ਮਾਰ ਮੁਕਾਇਆ ਜਾ ਰਿਹਾ ਹੈ ਤੇ ਗੁਰੂ ਗਰੰਥ ਸਾਹਿਬ ਜੀ ਦੀ ਲਗਾਤਾਰ ਬੇਅਦਬੀ ਕੀਤੀ ਜਾ ਰਹੀ ਹੈ। ਇਸ ਕਰਕੇ ਭਾਰਤ ਨੂੰ ਆਪਣਾ ਦੇਸ਼ ਕਹਿੰਦੀਆਂ ਹੋਇਆਂ ਸ਼ਰਮ ਆਉਂਦੀ ਹੈ ਤੇ ਆਪਣੇ ਆਪ ਸਿੱਖਾਂ ਦੇ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਪੈਦਾ ਹੁੰਦੀ ਹੈ।

ਸੋ ਆਪਣੀ ਅਜ਼ਾਦੀ ਦੀ ਮੰਗ ਕਰਨ ਲਈ ਤੇ ਭਾਰਤੀ ਨੀਤੀਆਂ ਦਾ ਵਿਰੋਧ ਕਰਨ ਲਈ ਇਸ ਵਾਰ ਵੀ ਫਰੀਮੌਂਟ ਵਿਚ 18 ਅਗਸਤ ਐਤਵਾਰ ਨੂੰ ਸਵੇਰੇ ਦਸ ਵਜੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ ਜੋ ਪੈਸੀਓ ਪਾਦਰੇ ਤੇ ਮੌਰੀ ਅਵੇਨਿਊ ਦੇ ਕੋਨੇ ਉਤੇ ਕੀਤਾ ਜਾ ਰਿਹਾ ਹੈ। ਸਮੂਹ ਜਥੇਬੰਦੀਆਂ ਤੇ ਸਿੱਖ ਸੰਗਤਾਂ ਨੂੰ ਇਸ ਮੁਜ਼ਾਹਰੇ ਵਿਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਫਰੀਮੌਂਟ ਵੱਲੋਂ ਚਾਹ ਪਾਣੀ ਦੀ ਸੇਵਾ ਕੀਤੀ ਜਾਵੇਗੀ।

# ਗੁਰਚਰਨ ਮਾਨ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਲੰਗਰ ਬੰਦ ਕਰਾਉਣ ਦੀ ਕੋਝੀ ਚਾਲ

### *ਸੰਗਤਾਂ ਵੱਲੋਂ ਲੱਖ ਲਾਹਨਤਾਂ*

**ਫਰੀਮੌਂਟ/ਏਟੀ ਨਿਊਜ਼ :** ਰੇਡੀਓ ਚੜ੍ਹਦੀ ਕਲਾ ਦੇ ਮਾਲਕ ਅਤੇ ਸਾਬਕਾ ਕਮੇਟੀ ਮੈਂਬਰ ਗੁਰਚਰਨ ਮਾਨ ਨੂੰ ਉਸ ਵੇਲੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਸ ਵੱਲੋਂ ਲੰਗਰ ਦੀ ਰਸੋਈ ਬੰਦ ਕਰਾਉਣ ਲਈ ਸਿਟੀ ਨੂੰ ਦਿੱਤੀ ਇਤਲਾਹ ਦਾ ਪਰਦਾਫਾਸ਼ ਹੋਇਆ। ਮਾਨ ਦੀ ਸ਼ਿਕਾਇਤ 'ਤੇ ਕਾਰਵਾਈ ਕਰਨ ਲਈ ਸਿਟੀ ਇੰਸਪੈਕਟਰ ਆਇਆ ਪਰ ਉਸ ਨੇ ਰਸੋਈ ਵਿੱਚ ਕੋਈ ਤਕਨੀਕੀ ਗਲਤ ਨਾ ਹੋਣ ਕਰਕੇ ਮਾਨ ਦੀ ਲਾਹ ਪਾਹ ਵੀ ਕੀਤੀ। ਲੋਕਲ ਏਰੀਏ ਵਿੱਚ ਸ਼ੋਸ਼ਲ ਮੀਡੀਏ 'ਤੇ ਮਾਨ ਨੂੰ ਲਾਹਨਤਾਂ ਮਿਲ ਰਹੀਆਂ ਹਨ। ਕਈਆਂ ਨੇ ਤਾਂ ਮਾਨ ਦੀ ਤੁਲਨਾ ਪ੍ਰਿਥੀਏ ਨਾਲ ਕਰ ਦਿੱਤੀ।



ਕੁਝ ਮਹੀਨੇ ਪਹਿਲਾਂ ਮਾਨ ਨੇ ਦੋ ਸੁਪਰੀਮ ਕੌਂਸਲ ਮੈਂਬਰਾਂ ਸਮੇਤ ਫਰੀਮੌਂਟ ਪੁਲਿਸ ਨੂੰ ਵੀ ਇਸ ਤਰ੍ਹਾਂ ਦੀ ਹੀ ਇੱਕ ਸ਼ਿਕਾਇਤ ਜਸਜੀਤ ਸਿੰਘ ਵਿਰੁੱਧ ਵੀ ਕੀਤੀ ਸੀ। ਉਸ ਵਿਚ ਇਸ ਨੇ ਪੁਲਿਸ ਨੂੰ ਕਿਹਾ ਕਿ ਐਤਵਾਰ ਨੂੰ ਜਸਜੀਤ ਸਿੰਘ ਨੇ ਗੁਰਦਆਰੇ ਵਿਚ ਹੰਗਾਮਾ ਕਰਨਾ ਹੈ ਤੇ ਜਦੋਂ ਪੁਲਿਸ ਵਾਲੇ ਇੰਸਪੈਕਟਰ ਨੇ ਜਸਜੀਤ ਸਿੰਘ ਨੂੰ ਕਾਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਤਾਂ ਦੇਸ਼ ਤੋਂ ਬਾਹਰ ਆਇਆ ਹੋਇਆ ਤੇ ਦੋ ਹਫ਼ਤਿਆਂ ਨੂੰ ਵਾਪਿਸ ਆਉਣਾ ਹੈ। ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਦੋ ਵਾਰ ਪੁਲਿਸ ਕੋਲ ਗਈਆਂ ਹਨ। ਪਹਿਲੀ ਤਿੰਨ ਸੁਪਰੀਮ ਕੌਂਸਲ ਮੈਂਬਰ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਵਲੋਂ ਈਮੇਲ ਦੁਆਰਾ ਤੇ ਦੂਜੀ ਗੁਰਚਰਨ ਮਾਨ ਦੀ ਈਮੇਲ ਤੋਂ ਗਈ ਹੈ, ਜਿਸ ਵਿੱਚ ਕੁਲਜੀਤ ਸਿੰਘ ਦਾ ਨਾਮ ਵੀ ਲਿਖਿਆ ਸੀ। ਗੁਰਚਰਨ ਮਾਨ ਇੱਕ ਅਜਿਹਾ ਸ਼ਖ਼ਸ ਹੈ ਜਿਹੜਾ ਆਪ ਕਮੇਟੀ ਵਿਚ ਰਹਿ ਚੁੱਕਾ ਹੈ ਤੇ ਦੁਬਾਰਾ ਕਮੇਟੀ ਵਿਚ ਆਉਣ ਲਾਈ ਹਰੇਕ ਗਰੁੱਪ ਦੇ ਤਰਲੇ ਕੱਢ ਚੁੱਕਾ ਹੈ। ਪਹਿਲਾਂ ਇਹ ਗਰੇਵਾਲ ਗਰੁੱਪ ਵਿਚ ਸ਼ਾਮਿਲ ਹੋਇਆ, ਫਿਰ ਇਕ ਨਵਾਂ ਧੜਾ ਬਣਾ ਕੇ ਚੋਣਾਂ ਲੜਿਆ ਤੇ ਫਿਰ ਸਿੱਖ ਪੰਚਾਇਤ, ਫਿਰ ਜਸਵਿੰਦਰ ਸਿੰਘ ਜੰਡੀ ਤੇ ਹੁਣ ਇਹਦੇ ਪੈਰ ਦੋ ਬੇੜੀਆਂ ਵਿਚ ਹਨ। ਕਿਸੇ ਨੂੰ ਨਹੀਂ ਪਤਾ ਇਹ ਗੁਰਮੀਤ ਸਿੰਘ ਨਾਲ ਹੈ ਕਿ ਜਾਅਲੀ ਬੌਸਾਂ ਨਾਲ ਹੈ।

ਇਹ ਉਹ ਬੰਦਾ ਹੈ, ਜਦੋਂ ਕਮੇਟੀ ਵਿਚ ਸੀ, ਤਾਂ ਗੁਰਦੁਆਰਾ ਸਾਹਿਬ ਤੋਂ 700 ਡਾਲਰ ਮਹੀਨਾ ਆਪਣੇ ਰੇਡੀਓ ਲਈ ਗੁਰੂ ਦੀ ਗੋਲਕ ਵਿੱਚੋਂ ਲੈਂਦਾ ਸੀ।

ਇਹ ਉਹ ਬੰਦਾ ਹੈ, ਜਿਸ ਨੇ ਸਿੱਖ ਪੰਚਾਇਤ ਵਲੋਂ ਆਏ ਪੰਜ ਸਿੰਘਾਂ 'ਤੇ ਪੈਸਾ ਗਬਨ ਕਰਨ ਦਾ ਦੋਸ਼ ਲਾਇਆ ਸੀ ਜਿਸ ਕਾਰਨ ਬੇਵਜ੍ਹਾ ਆਡਿਟ ਕਰਾਉਣਾ ਪਿਆ ਜਿਸ 'ਤੇ ਗੁਰੂਘਰ ਦਾ 20 ਹਜ਼ਾਰ ਡਾਲਰ ਤੋਂ ਉੱਪਰ ਖਰਚਾ ਆਇਆ ਸੀ। ਇਹ ਦੋਸ਼ ਉਸ ਨੇ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਵਿਚ ਲਾਏ ਸਨ। ਇੱਕ ਮੀਟਿੰਗ ਦੌਰਾਨ ਇਸ ਨੇ ਇਹ ਮੰਨਿਆ ਵੀ ਕਿ ਉਸ ਨੇ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਵਿਚ ਝੂਠ ਬੋਲਿਆ ਸੀ। ਇਸ ਸਬੰਧੀ ਜਸਜੀਤ ਸਿੰਘ ਨੇ ਕਿਹਾ ਹੈ ਕਿ ਇਹ ਉਹ ਬੰਦੇ ਹਨ, ਜੋ ਗੁਰੂਘਰ ਨੂੰ ਦੇ ਕੁਝ ਨਹੀਂ ਸਕਦੇ ਪਰ ਉੱਥੋਂ ਖਾ ਸਕਦੇ ਹਨ। ਜਸਜੀਤ ਸਿੰਘ ਨੇ ਗੁਰਚਰਨ ਮਾਨ ਨੂੰ ਸੁਆਲ ਕੀਤਾ ਕਿ ਉਹ ਗੁਰੂਘਰ ਨੂੰ 700 ਡਾਲਰ ਮਹੀਨੇ ਦਾ ਚੂਨਾ ਲਾਉਂਦਾ ਰਿਹਾ ਹੈ ਤੇ ਇਸ ਨੂੰ ਬੇਨਤੀ ਹੈ ਕਿ ਪਿਛਲੇ ਸਾਲ 2018 ਵਿਚ ਜੇ ਉਸ ਨੇ ਗੁਰੂਘਰ ਨੂੰ ਸਾਰੇ ਸਾਲ ਵਿਚ 700 ਡਾਲਰ ਵੀ ਦਿੱਤੇ ਹੋਣ, ਤਾਂ ਸਬੂਤ ਪੇਸ਼ ਕਰੇ। ਉਨ੍ਹਾਂ ਕਿਹਾ ਕਿ ਸਾਡੀ ਸੰਗਤ ਨੂੰ ਬੇਨਤੀ ਹੈ ਕਿ ਗੁਰਮੀਤ ਸਿੰਘ, ਐਸ. ਪੀ. ਤੇ ਗੁਰਚਰਨ ਮਾਨ ਵਰਗੇ ਬੰਦੇ ਸੰਗਤ ਸਾਹਮਣੇ ਨਸ਼ਰ ਹੋ ਗਏ ਹਨ, ਇਹਨਾਂ ਦੀ ਪੰਥ ਨੂੰ ਕੋਈ ਦੇਣ ਨਹੀਂ, ਉਲਟਾ ਟਾਊਟ ਬਿਰਤੀ ਵਾਲੇ ਬੰਦੇ ਹਨ, ਜਿਹਨਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਇੱਕ ਬਹੁਤ ਮਸ਼ਹੂਰ ਅਖਾਣ ਹੈ ਕਿ ਜਿਹੋ ਜਿਹਾ ਬੰਦਾ ਆਪ ਹੋਵੇ, ਉਸ ਨੂੰ ਸਾਰੇ ਉਹੋ ਜਿਹੇ ਹੀ ਲਗਦੇ ਹਨ। ਮਾਨ ਹਮੇਸ਼ਾ ਗੁਰੂਘਰ ਵਿਚ ਗਬਨ ਦੀ ਗੱਲ ਕਰਦਾ ਹੈ, ਇਸ ਲਈ ਇਹ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਜੇ ਅਜਿਹੇ ਬੰਦਿਆਂ ਹੱਥ ਗੋਲਕ ਆ ਜਾਵੇ ਤਾਂ ਇਹਨਾਂ ਦੁਆਰਾ ਗਬਨ ਕਰਨ ਦੇ ਪੂਰੇ ਅਸਾਰ ਹਨ। ਇਸ ਗੱਲ ਦਾ ਸਬੂਤ, ਜਦੋਂ ਇਹ ਆਪ ਕਮੇਟੀ ਵਿਚ ਸੀ, ਉਸ ਵੇਲੇ ਦੇ ਚੈਕਾਂ ਤੋਂ ਵੀ ਦੇਖਿਆ ਜਾ ਸਕਦਾ ਹੈ।

## ਮਾਤਾ ਰੁਪਿੰਦਰਜੀਤ ਰੰਧਾਵਾ ਨਹੀਂ ਰਹੇ, ਅੰਤਿਮ ਸੰਸਕਾਰ ਯੂਬਾ ਸਿਟੀ 'ਚ 16 ਅਗਸਤ ਨੂੰ

**ਯੂਬਾ ਸਿਟੀ/ਹੁਸਨ ਲੜੋਆ ਬੰਗਾ :**

ਯੂਬਾ ਸਿਟੀ ਦੇ ਇਲਾਕੇ 'ਚ ਸਨਮਾਨਯੋਗ ਸਖਸ਼ੀਅਤ ਸਮਾਜ ਸੇਵਕ ਮਾਤਾ ਰੁਪਿੰਦਰਜੀਤ ਰੰਧਾਵਾ ਇਸ ਫਾਨੀ ਦੁਨੀਆ ਤੋਂ ਅਚਾਨਕ ਰੁਖਸਤ ਹੋ ਗਏ ਹਨ। ਉਨਾਂ ਦਾ ਪੰਜਾਬ ਵਿਚਲਾ ਪਿਛਲਾ ਪਿੰਡ ਸੁਲਤਾਨਪੁਰ ਲੋਧੀ ਸੀ। ਇਥੇ ਯੂਬਾ ਸਿਟੀ 'ਚ ਉਹ ਕਰੀਬ 5 ਸਾਲ ਤੋਂ ਆਪਣੀ ਧੀ ਨਵਨੀਤ ਰੰਧਾਵਾ ਪਾਸ ਰਹਿੰਦੇ ਸਨ। ਉਨ੍ਹਾਂ ਆਪਣੇ ਪਤੀ ਡਾ. ਬਲਜੀਤ ਸਿੰਘ,



ਬੇਟੀ ਡਾ. ਲਵਪ੍ਰੀਤ ਲਵਲੀ, ਡਾ. ਤੇਜਿੰਦਰਪਾਲ ਸਿੰਘ ਰੰਧਾਵਾ ਤੇ ਹੋਰ ਪਰਿਵਾਰ ਦੇ ਜੀਆਂ ਦੀਆਂ ਦੀ ਹਾਜ਼ਰੀ 'ਚ ਪ੍ਰਾਣ ਤਿਆਗੇ। ਉਨਾਂ ਦਾ ਅੰਤਿਮ ਸੰਸਕਾਰ 16 ਅਗਸਤ, ਦਿਨ ਸ਼ੁੱਕਰਵਾਰ ਨੂੰ ਚੈਪਲ ਆਫ ਦਾ ਟਵਿਨ ਸਿਟੀਜ਼, 175 ਸ਼ਾਸਤਾ ਸਟਰੀਟ, ਯੂਬਾ ਸਿਟੀ ਵਿਖੇ ਸਵੇਰੇ 11 ਵਜੇ ਹੋਵੇਗਾ। ਹੋਰ ਜਾਣਕਾਰੀ ਲਈ ਪਰਿਵਾਰ ਨਾਲ ਫੋਨ ਨੰ. 530-933-2211 'ਤੇ ਸੰਪਰਕ ਕੀਤਾ ਜਾ ਸਕਦਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਹੋਇਆ ਵੰਨ-ਬੀਟ ਕਾਲਜ ਆਫ ਮੈਡੀਕਲ ਸਾਇੰਸਜ਼ ਦਾ ਉਦਘਾਟਨੀ ਸਮਾਰੋਹ

**ਉਤਰ ਪ੍ਰਦੇਸ਼ (ਭਾਰਤ)/ਰਾਜ ਗੋਗਨਾ :** ਅਮਰੀਕਾ ਦੇ ਉੱਘੇ ਸਿੱਖ ਆਗੂ ਅਤੇ ਸਮਾਜ ਸੇਵੀ ਅਤੇ ਵੰਨ-ਬੀਟ ਸੰਸਥਾ ਦੇ ਚੇਅਰਮੈਨ ਸ. ਬਹਾਦਰ ਸਿੰਘ ਵੱਲੋਂ ਸੰਤਗੜ੍ਹ (ਯੂਪੀ) ਵਿਖੇ ਵੰਨ ਬੀਟ ਆਫ ਮੈਡੀਕਲ ਸਾਇੰਸ ਦਾ ਉਦਘਾਟਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਰਹਿਨੁਮਾਈ ਹੇਠ ਸੰਤ-ਮਹਾਂਪੁਰਸ਼ਾਂ ਦੀ ਮੌਜੂਦਗੀ 'ਚ ਬੜੀ ਧੂਮਧਾਮ ਨਾਲ ਕੀਤਾ ਗਿਆ। ਇਸ ਮੌਕੇ 'ਤੇ ਸੰਤ ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ ਖੀਰੀ ਵਾਲੇ, ਉੱਤਰ ਪ੍ਰਦੇਸ਼ ਸਰਕਾਰ ਦੇ ਅਲਾਪ ਸੰਖਯਕ ਆਯੋਗ ਦੇ ਮੰਤਰੀ ਸ. ਬਲਦੇਵ ਸਿੰਘ ਔਲਖ , ਵਿਧਾਇਕ ਸ਼੍ਰੀ ਰੋਮੀ ਸਾਹਨੀ, ਸ਼੍ਰੀਨਗਰ ਦੀ ਵਿਧਾਇਕਾ ਸ਼੍ਰੀਮਤੀ ਮੰਜੂ ਤਿਆਗੀ, ਐਸਡੀਐਮ. ਸ਼੍ਰੀਮਤੀ ਪੂਜਾ ਯਾਦਵ, ਸੀ.ਓ. ਸ਼੍ਰੀ ਪ੍ਰਦੀਪ ਯਾਦਵ, ਕਮਾਂਡੈਂਟ ਸ਼੍ਰੀ ਮੁੰਨਾ ਸਿੰਘ, ਸ. ਸੋਨੀ ਸਿੰਘ ਮੀਤ ਪ੍ਰਧਾਨ, ਵਨ-ਬੀਟ ਸੰਸਥਾ ਦੇ ਐਗਜੇਕਟਿਵ ਮੈਂਬਰ ਸ. ਜਗਮੋਹਨ ਸਿੰਘ, ਸ. ਅਮੋਲਕ ਸਿੰਘ, ਸ਼੍ਰੀ ਸੰਦੀਪ ਸ਼ਰਮਾ, ਸਮੂਹ ਸਟਾਫ ਅਤੇ ਹੋਰ ਬਹੁਤ ਸਾਰੇ ਸੰਤਾ ਮਹਾਪੁਰਖਾਂ ਨੇ ਹਾਜ਼ਰੀ ਭਰੀ। ਇਸ ਸੁਭਾਗ ਸਮੇਂ ਯੂਐਸਏ ਦੇ ਉੱਘੇ ਸਮਾਜ ਸੇਵੀ ਸ. ਬਹਾਦਰ ਸਿੰਘ ਦੇ ਸਪੁੱਤਰ ਕਾਕਾ ਅੰਮ੍ਰਿਤ ਸਿੰਘ ਦੀ ਦਸਤਾਰਬੰਦੀ ਦੀ ਰਸਮ ਵੀ ਨਿਭਾਈ ਗਈ।

## ਡੇਟਨ ਵਿਖੇ ਆਯੋਜਿਤ ਨੈਸ਼ਨਲ ਨਾਈਟ ਆਊਟ ਪ੍ਰੋਗਰਾਮ ਵਿਚ ਸਿੱਖਾਂ ਨੇ ਕੀਤੀ ਭਰਵੀਂ ਸ਼ਮੂਲੀਅਤ




**ਡੇਟਨ/ਰਾਜ ਗੋਗਨਾ :** ਅਮਰੀਕਾ ਦੇ ਓਹਾਇਓ ਸੂਬੇ ਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਨਾਲ ਲਗਦੇ ਸ਼ਹਿਰ ਬੀਵਰਕ੍ਰੀਕ ਤੇ ਸਪਰਿੰਗਫੀਲਡ ਵਿਖੇ ਪੁਲੀਸ ਵੱਲੋਂ ਇਲਾਕੇ ਦੇ ਲੋਕਾਂ ਅਤੇ ਬੱਚਿਆਂ ਨਾਲ ਨੇੜਤਾ ਕਾਇਮ ਕਰਨ ਲਈ ਨੈਸ਼ਨਲ ਨਾਇਟ ਆਊਟ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਇਲਾਕੇ ਦੇ ਸਿੱਖਾਂ ਨੇ ਵੀ ਭਾਗ ਲਿਆ। ਇਹ ਪ੍ਰੋਗਰਾਮ ਹਰ ਸਾਲ ਅਗਸਤ ਮਹੀਨੇ ਦੇ ਪਹਿਲੇ ਮੰਗਲਵਾਰ ਦੀ ਸ਼ਾਮ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਪੁਲੀਸ ਵਿਭਾਗ ਵਲੋਂ ਕਰਵਾਇਆ ਜਾਂਦਾ ਹੈ। ਬੀਵਰਕ੍ਰੀਕ ਪੁਲੀਸ ਦੇ ਕਮਿਊਨਿਟੀ ਐਂਗੇਜ਼ਮੈਂਟ ਅਫਸਰ ਮਾਰਕ ਬਰਾਉਨ ਦੇ ਅਨੁਸਾਰ ਹਰ ਸਾਲ ਇਹ ਪ੍ਰੋਗਰਾਮ ਲੋਕਾਂ ਨੂੰ ਪੁਲੀਸ ਬਾਰੇ ਜਾਣਕਾਰੀ ਦੇਣ ਲਈ ਅਤੇ ਸਾਰੀ ਕਮਿਊਨਿਟੀ ਨੂੰ ਇਕੱਠਾ ਕਰਨ ਲਈ ਕਰਵਾਇਆ ਜਾਂਦਾ ਹੈ। ਉਹਨਾਂ ਨੇ ਸਿੱਖ ਭਾਈਚਾਰੇ ਅਤੇ ਹੋਰਨਾਂ ਧਰਮਾਂ ਦੇ ਲੋਕਾਂ ਵਲੋਂ ਇਸ ਪ੍ਰੋਗਰਾਮ ਵਿਚ ਆਉਣ ਲਈ ਧੰਨਵਾਦ ਕੀਤਾ।ਸਪਰਿੰਗ ਫਲਿਡ ਦੇ ਸਨਾਈਡਰ ਪਾਰਕ ਵਿਚ ਕਰਵਾਏ ਗਏ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਕਲਾਰਕ ਕਾਉਂਟੀ ਦੀ ਚੀਫ ਸ਼ੈਰਿਫ ਡੈਬਰਾ ਬਰਸ਼ਟ

**ਬਾਕੀ ਸਫ਼ਾ 32 'ਤੇ**

## ਰਾਮ ਦੇ ਨਾਂ 'ਤੇ ਸਿਆਸਤ ਕਰਨ ਵਾਲੇ ਮਰਿਯਾਦਾ ਨਿਭਾਉਣੀ ਨਹੀਂ ਜਾਣਦੇ : ਸ਼੍ਰੋਮਣੀ ਅਕਾਲੀ ਦਲ (ਅ) ਯੂਕੇ

**ਲੰਡਨ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅ) ਯੂਕੇ ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸਕੱਤਰ ਜਨਰਲ ਸੂਬਾ ਸਿੰਘ ਲਿਤਰਾਂ, ਜਨਰਲ ਸਕੱਤਰ ਕੁਲਵੰਤ ਸਿੰਘ ਮੁਠੱਡਾ, ਚੀਫ ਔਰਗੇਨਾਈਜਰ ਮਨਜੀਤ ਸਿੰਘ ਸਮਰਾ, ਪ੍ਰਧਾਨ ਯੂਥ ਵਿੰਗ ਸਤਿੰਦਰ ਸਿੰਘ ਮੰਗੂਵਾਲ, ਸੀ. ਮੀ. ਪ੍ਰਧਾਨ ਅਵਤਾਰ ਸਿੰਘ ਖੰਡਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਭਾਰਤ ਵਿਚ ਰਾਮ ਮੰਦਰ ਬਣਾਉਣ ਦੇ ਨਾਂ ਉਤੇ ਵੋਟਾਂ ਬਟੋਰਨ ਅਤੇ ਕਥਿਤ 'ਰਾਮ ਰਾਜ' ਸਥਾਪਤ ਕਰਨ ਵਾਲੇ ਸਿਆਸਤਦਾਨ ਸੰਵਿਧਾਨ ਅਤੇ ਕਾਨੂੰਨ ਤੋਂ ਉਲਟ ਜਾ ਕੇ ਕੰਮ ਕਰ ਰਹੇ ਹਨ। ਇਨ੍ਹਾਂ ਨੇ ਲਿਖਤੀ ਇਕਰਾਰਨਾਮੇ ਤੋਂ ਮੁੱਕਰਦੇ ਹੋਏ ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹ ਲਿਆ ਅਤੇ ਜੰਮੂ-ਕਸ਼ਮੀਰ ਅਤੇ ਲਦਾਖ ਨੂੰ ਅਲੱਗ ਕਰਕੇ ਦੋ ਕੇਂਦਰ ਸ਼ਾਸਤ ਪ੍ਰਦੇਸ਼ ਐਲਾਨ ਦਿੱਤੇ। ਅਜੇਹਾ ਕਰਨ ਲੱਗੇ ਉਹ ਇਹ ਵੀ ਭੁੱਲ ਗਏ ਕਿ ਰਮਾਇਣ ਅਨੁਸਾਰ ਇਹ ਮਰਿਯਾਦਾ ਪੁਰਸ਼ੋਤਮ ਰਾਮ ਦੇ ਭਗਤ ਅਖਵਾਉਣ ਦੇ ਵੀ ਉਲਟ ਹੈ। ਰਮਾਇਣ ਅਨੁਸਾਰ ਰਾਮ ਆਪਣੀ ਪਤਨੀ ਸੀਤਾ ਅਤੇ ਸੌਤੇਲੇ ਭਰਾ ਲਛਮਣ ਨਾਲ 14 ਸਾਲ ਦੇ ਬਨਵਾਸ 'ਤੇ ਗਿਆ। ਰਾਜਾ ਦਸ਼ਰਥ ਆਪਣੀ ਪਤਨੀ ਕੈਕੇਈ ਨੂੰ ਜ਼ੁਬਾਨੀ ਦਿੱਤੇ ਵਚਨ ਤੋਂ ਮੁੱਕਰ ਸਕਦਾ ਸੀ, ਉਸ ਨੂੰ ਕਹਿ ਸਕਦਾ ਸੀ ਕਿ ਇਹ ਨਹੀਂ ਹੋ ਸਕਦਾ, ਆਪਣੇ ਲਈ ਕੁੱਝ ਹੋਰ ਮੰਗ ਲੈ, ਉਸ ਦੇ ਜ਼ਿੱਦ ਕਰਨ 'ਤੇ ਉਸਨੂੰ ਕੈਦ ਕਰਕੇ ਕੋਈ ਵੀ ਸਲੂਕ ਕਰ ਸਕਦਾ ਸੀ। ਰਾਮ ਆਪਣੇ ਪਿਤਾ ਦਾ ਹੁਕਮ ਮੰਨਣ ਤੋਂ ਇਨਕਾਰ ਕਰਦੇ ਹੋਏ ਬਗਾਵਤ ਕਰਕੇ ਹੋਰ ਵਿਰੋਧੀ ਰਾਜਿਆਂ ਤੋਂ ਮੱਦਦ ਲੈ ਸਕਦਾ ਸੀ। ਸੀਤਾ ਪਤੀਵਰਤਾ ਧਰਮ ਨਿਭਾਉਂਦੇ ਹੋਏ ਨਾਲ ਜਾਣ ਦੀ ਬਜਾਏ ਪਿੱਛੇ ਰਹਿ ਸਕਦੀ ਸੀ, ਲਛਮਣ ਲਈ ਤਾਂ ਮਤਰੇਏ ਭਰਾ ਨਾਲ ਜਾਣ ਦੀ ਕੋਈ ਸ਼ਰਤ ਹੀ ਨਹੀਂ ਸੀ। "ਰਘੂਕੁਲ ਰੀਤ ਸਦਾ ਚਲੀ ਆਏ ਪ੍ਰਾਣ ਜਾਏ ਪਰ ਵਚਨ ਨਾ ਜਾਏ" ਦੇ ਉਪਦੇਸ਼ ਨੂੰ ਮੰਨਕੇ ਰਾਮ ਨੇ ਮਤਰੇਈ ਮਾਂ ਵੱਲੋਂ ਪਿਤਾ ਤੋਂ ਮੰਗੇ ਵਚਨ ਨੂੰ ਨਿਭਾਇਆ ਅਤੇ ਮਰਿਯਾਦਾ ਪੁਰਸ਼ੋਤਮ ਰਾਮ ਕਹਾਏ। ਬਾਬਰ ਤੋਂ ਔਰੰਗਜ਼ੇਬ ਤੱਕ ਹੋਏ ਤੁਅਸਬੀ ਬਾਦਸ਼ਾਹਾਂ ਵਾਂਗ ਅੱਜ ਦੇ ਭਾਰਤੀ ਹੁਕਮਰਾਨ ਮਨੂੰਵਾਦੀ ਧਰਮ ਦੇ ਨਾਂ ਉੱਪਰ ਵਿਚਾਰਧਾਰਾ ਠੋਸ ਰਹੇ ਹਨ। ਵੱਡੀ ਗਿਣਤੀ ਫੌਜ, ਸੀਆਰਪੀ.ਪੁਲੀਸ ਅਤੇ ਪ੍ਰਸ਼ਾਸਨ ਦੇ ਪਹਿਰੇ ਹੇਠ ਜੰਮੂ ਕਸ਼ਮੀਰ ਦੇ ਆਗੂਆਂ ਅਤੇ ਸਰਗਰਮ ਮੈਂਬਰਾਂ ਨੂੰ ਨਜ਼ਰਬੰਦ ਕਰਕੇ ਐਮਰਜੈਂਸੀ ਵਰਗੇ ਹਲਾਤ ਵਿੱਚ ਸਾਰੇ ਇਲਾਕੇ ਵਿੱਚ ਜੇਲ੍ਹਨੁਮਾ ਮਾਹੌਲ ਸਿਰਜਕੇ, ਮੁੱਖ ਸਕਿਊਰਿਟੀ ਅਡਵਾਈਜ਼ਰ 'ਆਪਣੇ ਬੰਦਿਆਂ' ਵਿੱਚ ਖੜੇ ਹੋ ਕੇ ਸਰਕਾਰੀ ਖਿੱਲਤ ਪ੍ਰਵਾਨ ਕਰ ਚੁੱਕੇ ਮੀਡੀਆ ਵਿੱਚ ਆਮ ਲੋਕਾਂ ਵਿਚ ਬੇਖੌਫ ਖੁੱਲ੍ਹੇਆਮ ਵਿਚਰਨ ਦਾ ਪ੍ਰਚਾਰ ਕਰਵਾ ਰਿਹਾ ਹੈ। ਯੂਐਨਓ., ਅਮਰੀਕਾ ਅਤੇ ਉਸ ਦੀਆਂ ਅਲਾਇਡ ਫੋਰਸਾਂ ਸ਼ਾਇਦ ਮੂੰਹ ਵਿੱਚ ਘੁੰਗਣੀਆਂ ਪਾਈ ਬੈਠੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਨਾਲ ਵੀ ਇਹ 15 ਅਗਸਤ 1947 ਤੋਂ ਹੁੰਦਾ ਆ ਰਿਹਾ ਹੈ ਪਰ ਪੰਜਾਬ ਦੀਆਂ ਨਾ ਅਹਿਲ ਪਾਰਟੀਆਂ ਅਤੇ ਆਗੂਆਂ ਨੂੰ ਇਹ ਦਿਖਾਈ ਨਹੀਂ ਦਿੰਦਾ। ਪੰਜਾਬ ਦੇ ਆਗੂਆਂ ਨੂੰ ਜੰਮੂ ਕਸ਼ਮੀਰ ਦੇ ਹੱਕ ਖੋਹਣ ਵੇਲੇ ਖੁਸ਼ੀ ਵਿੱਚ ਖੀਵੇ ਹੋ ਕੇ ਤਾੜੀਆਂ ਮਾਰਦੇ ਅਤੇ ਹੱਕ ਖੋਹਣ ਦੀਆਂ ਸਲਾਹਾਂ ਦਿੰਦੇ ਹੋਏ ਦੇਖ ਕੇ ਬਾਂਦਰ ਵਾਲੀ ਕਹਾਣੀ ਯਾਦ ਆ ਗਈ, ਜਿਸ ਨੂੰ ਤੇਜ਼ ਬਾਰਸ਼ ਤੋਂ ਬਚਣ ਲਈ ਇੱਧਰ ਉੱਧਰ ਲੁਕਦਾ ਫਿਰਦਾ ਦੇਖਕੇ ਬਿੱਜੜੇ ਨੇ ਕਿਹਾ ਸੀ ਕਿ ਜੇ ਤੂੰ ਮੇਰੇ ਵਾਂਗ ਘਰ ਬਣਾ ਲੈਂਦਾ ਤਾਂ ਅੱਜ ਇਹ ਹਾਲ ਨਾ ਹੁੰਦਾ। ਫਿਰ ਉਸ ਬਾਂਦਰ ਨੇ ਬਿੱਜੜੇ ਦੇ ਘਰ ਦਾ ਹੀ ਤੀਲਾ-ਤੀਲਾ ਕਰ ਦਿੱਤਾ ਸੀ। ਇਨ੍ਹਾਂ ਆਗੂਆਂ ਨੇ ਦੁਨੀਆ ਭਰ ਦੇ ਅਮਨ ਪਸੰਦਾਂ ਨੂੰ ਅਪੀਲ ਕੀਤੀ ਹੈ ਕਿ ਜਾਗੋ ਅਤੇ ਮਾਨਵਤਾ ਦੀ ਰਾਖੀ ਲਈ ਅਵਾਜ਼ ਬੁਲੰਦ ਕਰੋ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਗੁਰੂ ਨਾਨਕ ਸਾਹਿਬ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ ਸੈਕਰਾਮੈਂਟੋ ਵਿਖੇ ਆਤਮ-ਰਸ ਕੀਰਤਨ ਦਰਬਾਰ ਸਜਿਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਰੂਹਾਨੀ ਅਤੇ ਮਾਨਵਤਾਵਾਦੀ ਸੰਦੇਸ਼ ਦੇਣ ਵਾਲੇ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ ਮਹਾਨ ਆਤਮ ਰਸ ਕੀਰਤਨ ਦਰਬਾਰ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਰਿਓ ਲਿੰਡਾ, ਸੈਕਰਾਮੈਂਟੋ ਵਿਖੇ ਸਜਾਏ ਗਏ। ਇਸ ਸ਼ੁਭ ਮੌਕੇ 'ਤੇ ਆਰੰਭ ਹੋਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਐਤਵਾਰ ਸਵੇਰੇ ਪਾਏ ਗਏ। ਮਹਾਨ ਆਤਮ ਰਸ ਕੀਰਤਨ ਦਰਬਾਰ ਵਿੱਚ ਸਿੱਖ ਜਗਤ ਦੇ ਮਹਾਨ ਕੀਰਤਨੀਏ ਭਾਈ ਹਰਚਰਨ ਸਿੰਘ ਖ਼ਾਲਸਾ ਅਤੇ ਉਨ੍ਹਾਂ ਦਾ ਕੀਰਤਨੀ ਜਥਾ ( ਹਜ਼ੂਰੀ ਰਾਗੀ ਜਥਾ ਸ਼੍ਰੀ ਦਰਬਾਰ ਸਾਹਿਬ), ਭਾਈ ਸਰਬਜੀਤ ਸਿੰਘ ਲਾਡੀ ਅਤੇ ਉਨ੍ਹਾਂ ਦਾ ਕੀਰਤਨੀ ਜਥਾ (ਹਜ਼ੂਰੀ ਰਾਗੀ ਜਥਾ ਸ਼੍ਰੀ ਦਰਬਾਰ ਸਾਹਿਬ), ਭਾਈ ਜਸਪਾਲ ਸਿੰਘ ਸਾਰੰਗ, ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ ਹਜ਼ੂਰੀ ਰਾਗੀ ਜਥਾ, ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ ਅਤੇ ਭਾਈ ਅਮਰਜੀਤ ਸਿੰਘ ਵਲੋਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਕਥਾਵਾਚਕ ਭਾਈ ਚਮਕੌਰ ਸਿੰਘ ਫਰਿਜ਼ਨੋ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਗੁਰੂ ਬਾਬਾ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਸੰਗਤਾਂ ਦਾ ਉਤਸ਼ਾਹ ਦੇਖਦੇ ਹੀ ਬਣਦਾ ਸੀ। ਗੁਰੂਘਰ ਵਲੋਂ ਆਏ ਹੋਏ ਕੀਰਤਨੀਏ ਜਥਿਆਂ ਨੂੰ ਅਤੇ ਹੋਰ ਸੇਵਾਦਾਰ ਪਰਿਵਾਰਾਂ ਨੂੰ ਸ਼੍ਰੀ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ। ਗੁਰੂਘਰ ਵਿਖੇ ਬੇਅੰਤ ਸੰਗਤਾਂ ਨੇ ਲੰਗਰ ਛਕਿਆ ਤੇ ਬੱਚਿਆਂ ਲਈ ਅਤੇ ਹੋਰ ਘਰੇਲੂ ਵਸਤੂਆਂ ਦੇ ਸਟਾਲ ਵੀ ਲਗਾਏ ਗਏ। ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ਼੍ਰੀ ਰਮੇਸ਼ ਬੰਗੜ, ਸ਼੍ਰੀ ਸਤਨਾਮ ਸਿੰਘ ਮੰਢਾਲੀ ਅਤੇ ਸ਼੍ਰੀ ਦਿਲਬਾਗ ਸਿੰਘ ਰਾਣਾ ਜੀ ਦੇ ਪਰਿਵਾਰਾਂ ਵਲੋਂ ਹੋਈ। ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦੀ ਪ੍ਰਬੰਧਕ ਕਮੇਟੀ, ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਅਤੇ ਗੁਰੂਘਰ ਦੀ ਸਮੂਹ ਸਾਧ ਸੰਗਤ ਵਲੋਂ ਸਮੁੱਚੇ ਵਿਸ਼ਵ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਦੀਆਂ ਵਧਾਈਆਂ ਦਿੱਤੀਆਂ ਗਈਆਂ।

# 550ਵੇਂ ਪਕਾਸ਼ ਪੁਰਬ ਲਈ ਸਾਂਝੇ ਲੰਗਰ ਲਗਾਉਣ ਦਾ ਫੈਸਲਾ

## ਸੰਤ ਸੀਚੇਵਾਲ ਦੀ ਅਗਵਾਈ ਵਿਚ ਹੋਈ 20 ਪਿੰਡਾਂ ਦੀ ਮੀਟਿੰਗ



**ਖਡੂਰ ਸਾਹਿਬ/ਜੀ. ਖਾਲਸਾ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵਿਚ ਆਉਣ ਵਾਲੀਆਂ ਸੰਗਤਾਂ ਲਈ ਵਰਤਾਏ ਜਾਣ ਵਾਲੇ ਲੰਗਰਾਂ ਲਈ ਸਾਂਝੇ ਪ੍ਰਬੰਧ ਕਰਨ ਲਈ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਨਿਰਮਲ ਕੁਟੀਆ ਸੀਚੇਵਾਲ ਵਿਚ ਉਚੇਚੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਦੋਨਾ ਇਲਾਕੇ ਦੇ 20 ਦੇ ਕਰੀਬ ਪਿੰਡਾਂ ਤੋਂ ਆਈ ਸੰਗਤ ਨੇ ਹਿੱਸਾ ਲਿਆ। ਸੰਤ ਸੀਚੇਵਾਲ ਨੇ ਸੁਝਾਅ ਰੱਖਦਿਆ ਕਿਹਾ ਕਿ 550ਵੇਂ ਪ੍ਰਕਾਸ਼ ਪੁਰਬ ਲਈ ਸੁਲਤਾਨਪੁਰ ਲੋਧੀ ਆਉਣ ਵਾਲੀਆਂ ਸੰਗਤਾਂ ਲਈ ਦੋ-ਤਿੰਨ ਹਫਤੇ ਪਹਿਲਾਂ ਲੰਗਰਾਂ ਦੀ ਸੇਵਾ ਸ਼ੁਰੂ ਕੀਤੀ ਜਾਵੇ ਤੇ ਇਸ ਲਈ ਪੰਜ-ਪੰਜ ਪਿੰਡਾਂ ਦੀਆਂ ਸੰਗਤਾਂ ਆਪਸ ਵਿਚ ਰਲਮਿਲ ਕੇ ਲੰਗਰਾਂ ਦੀ ਸੇਵਾ ਕਰਨ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਆਉਣ ਵਾਲੀਆਂ ਸੰਗਤਾਂ ਲਈ ਚੋਣਵੀਆਂ ਥਾਵਾਂ 'ਤੇ ਲੰਗਰ ਲਾਏ ਜਾਣ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਪ੍ਰਕਾਸ਼ ਪੁਰਬ ਲਈ ਸੰਗਤਾਂ ਨੂੰ ਵਰਤਾਏ ਜਾਣ ਵਾਲੇ ਲੰਗਰਾਂ ਲਈ ਆਰਗੈਨਿਕ ਦਾਲਾਂ-ਸਬਜ਼ੀਆਂ ਦਾ ਪ੍ਰਬੰਧ ਕਰਨ ਲਈ ਹੁਣ ਤੋਂ ਹੀ ਵਿਊਂਤਬੰਦੀ ਕੀਤੀ ਜਾਵੇ।

ਸੰਤ ਸੀਚੇਵਾਲ ਨੇ ਕਿਹਾ ਕਿ ਅਕਤੂਬਰ - ਨਵੰਬਰ ਵਿਚ ਸੁਲਤਾਨਪੁਰ ਲੋਧੀ ਵਿਚ ਆਉਣ ਵਾਲੇ ਨਗਰ ਕੀਰਤਨਾਂ 'ਤੇ ਫੁੱਲਾਂ ਦੀ ਵਰਖਾ ਕਰਨ ਅਤੇ ਸਮਾਗਮਾਂ ਵਿਚ ਸ੍ਰੀ ਦਰਬਾਰ ਸਾਹਿਬ ਜੀ ਦੀ ਸਜਾਵਟ ਲਈ ਫੁੱਲਾਂ ਦੀ ਵੱਡੇ ਪੱਧਰ 'ਤੇ ਲੋੜ ਪਵੇਗੀ ਤੇ ਕਿਸਾਨ ਫੁੱਲਾਂ ਦੀ ਖੇਤੀ ਵੱਲ ਵੀ ਧਿਆਨ ਦੇਣ। ਸੰਤ ਸੀਚੇਵਾਲ ਨੇ ਇਹ ਪੇਸ਼ਕਸ਼ ਵੀ ਕੀਤੀ ਕਿ ਜਿਹੜੇ ਕਿਸਾਨ ਫੁੱਲਾਂ ਦੀ ਖੇਤੀ ਕਰਨ ਦੇ ਇੱਛਕ ਹਨ, ਉਨ੍ਹਾਂ ਨੂੰ ਲੋੜੀਦੀ ਜ਼ਮੀਨ ਵੀ ਮੁੱਹਈਆ ਕਰਵਾ ਦਿੱਤੀ ਜਾਵੇਗੀ। ਤਲਵੰਡੀ ਮਾਧੋ, ਨਿਹਾਲੂਵਾਲ ਪਿੰਡਾਂ ਵਿੱਚ ਸਾਂਝੇ ਤੌਰ 'ਤੇ ਲੰਗਰ ਲਗਾਏ ਜਾਣਗੇ। ਪ੍ਰਕਾਸ਼ ਪੁਰਬ ਸਮੇਂ ਸਰਦੀ ਦਾ ਮੌਸਮ ਵੀ ਸ਼ੁਰੂ ਹੋ ਜਾਵੇਗਾ ਤੇ ਸੰਗਤਾਂ ਲਈ ਲੋੜੀਦੇ ਗਰਮ ਬਿਸਤਰੇ ਇਕੱਠੇ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਮੀਟਿੰਗ ਵਿਚ ਆਏ ਆਰਜੂ ਹਸਪਤਾਲ ਦੇ ਮੁਖੀ ਵੱਲੋਂ 50 ਕੰਬਲ ਸੰਗਤ ਲਈ ਦਾਨ ਕਰਨ ਦੀ ਸੇਵਾ ਲਈ ਗਈ ਅਤੇ ਸਮਾਗਮਾਂ ਦੌਰਾਨ ਸੰਗਤ ਲਈ ਫਰੀ ਡਾਕਟਰੀ ਸਹੂਲਤ ਮੁਹੱਈਆ ਕਰਨ ਲਈ ਕਿਹਾ ਗਿਆ। ਇਸ ਮੌਕੇ ਸੰਤ ਸੀਚੇਵਾਲ ਜੀ ਵੱਲੋਂ 550ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਆ ਰਹੀਆਂ ਸੰਗਤਾਂ ਦੇ ਠਹਿਰਣ ਲਈ ਯੋਗ ਪ੍ਰਬੰਧ ਕਰਨ ਵਾਸਤੇ ਪਿੰਡਾਂ ਵਿਚ ਪੰਜ ਮੈਂਬਰੀ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ ਅਤੇ ਬਾਕੀ ਦੇ ਰਹਿੰਦੇ ਪਿੰਡਾਂ ਦੀਆਂ ਕਮੇਟੀਆਂ ਜਲਦ ਹੀ ਬਣਾਈਆਂ ਜਾਣਗੀਆਂ। ਇਸ ਮੀਟਿੰਗ ਵਿਚ ਸੰਤ ਬਲਦੇਵ ਕ੍ਰਿਸ਼ਨ ਸਿੰਘ, ਸੰਤ ਸੁਖਜੀਤ ਸਿੰਘ, ਸਰਪੰਚ ਜੋਗਾ ਸਿੰਘ ਚੱਕ ਚੇਲਾ, ਸਰਪੰਚ ਤਜਿੰਦਰ ਸਿੰਘ ਸੀਚੇਵਾਲ, ਸਰਪੰਚ ਸੁਲੱਖਣ ਸਿੰਘ ਵਾੜਾ ਜਗੀਰ, ਸਰਪੰਚ ਹਰਜਿੰਦਰ ਸਿੰਘ ਮਹਿਮੂਵਾਲ, ਸਰਪੰਚ ਕੁਲਦੀਪ ਸਿੰਘ ਮੁਰੀਦਵਾਲ, ਸਰਪੰਚ ਸੁਰਿੰਦਰ ਸਿੰਘ ਬਦਲੀ, ਸਰਪੰਚ ਤੀਰਥ ਸਿੰਘ ਸ਼ੇਰਪੁਰ ਦੋਨਾ, ਸਰਪੰਚ ਹਰਵਿੰਦਰ ਸਿੰਘ ਰੂਪੇਵਾਲ, ਸਰਪੰਚ ਗੁਰਜੀਤ ਸਿੰਘ ਤਲਵੰਡੀ ਮਾਧੋ, ਅਵਤਾਰ ਸਿੰਘ ਸਾਬਕਾ ਸਰਪੰਚ ਸੋਹਲ ਖਾਲਸਾ ਅਤੇ ਮੌਜੂਦਾ ਪੰਚਾਇਤ ਮੈਂਬਰ, ਸਰਪੰਚ ਭਜਨ ਸਿੰਘ ਜਾਫਰਾਪੁਰ, ਸੀਨੀਅਰ ਅਕਾਲੀ ਆਗੂ ਕਵੇਲ ਸਿੰਘ ਰੂਪੇਵਾਲ, ਐਡਵੋਕੇਟ ਸੁਰਿੰਦਰਪਾਲ ਸਿੰਘ, ਸੁਰਜੀਤ ਸਿੰਘ ਸ਼ੰਟੀ, ਸਤਨਾਮ ਸਿੰਘ, ਅਮਰੀਕ ਸਿੰਘ ਸੰਧੂ, ਗੁਰਵਿੰਦਰ ਸਿੰਘ ਬੋਪਾਰਾਏ ਤੇ ਕੁਲਦੀਪ ਸਿੰਘ ਪਿੰਡ ਅਹਿਮਦਪੁਰ, ਚੈਂਚਲ ਸਿੰਘ ਮਾਲੂਪੁਰ, ਸੂਬਾ ਸਿੰਘ, ਤੇਗਾ ਸਿੰਘ, ਗੁਰਮੁਖ ਸਿੰਘ ਨਿਹਾਲੂਵਾਲ ਅਤੇ ਹੋਰ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਯੂਥ ਕਲੱਬ, ਪੰਚਾਇਤਾਂ ਅਤੇ ਸੇਵਾਦਾਰ ਬੀਬੀਆਂ ਹਾਜ਼ਿਰ ਸਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਭਗਵਿਆਂ ਦੀ ਕਸ਼ਮੀਰੀ ਕੁੜੀਆਂ ਬਾਰੇ ਭੱਦੀ ਜੁਮਲੇਬਾਜ਼ੀ

- **ਹੁਣ ਕਸ਼ਮੀਰ ਦੀ 'ਗੋਰੀ' ਨਾਲ ਵਿਆਹ ਕਰਾਓ : ਭਾਜਪਾ ਵਿਧਾਇਕ ਵਿਕਰਮ**
- **ਹਿੰਦੂ ਭਾਈਓ! ਸਹੁਰੇ ਵੀ ਤੁਹਾਡੇ ਕਸ਼ਮੀਰ ਵਿੱਚ ਹੋ ਜਾਣਗੇ, ਸਾਡਾ ਸੁਪਨਾ ਪੂਰਾ ਹੋ ਗਿਆ : ਸਾਧਵੀ ਪ੍ਰਾਚੀ**
- **ਹਰਿਆਣੇ ਦਾ ਮੁੱਖ ਮੰਤਰੀ ਖੱਟਰ ਵੀ ਨਸਲਵਾਦੀ ਭਾਸ਼ਾ ਬੋਲਿਆ**
- **ਕਸ਼ਮੀਰੀ ਧੀਆਂ-ਭੈਣਾਂ ਵੱਲ 'ਅੱਖ ਚੁੱਕਣ' ਵਾਲਿਆਂ ਨੂੰ ਡੱਕਣ ਲਈ ਅਕਾਲ ਤਖ਼ਤ ਸਾਹਿਬ ਤੋਂ ਫੁਰਮਾਨ ਜਾਰੀ**



**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬ. 9815700916)

ਸੋਮਵਾਰ 5 ਅਗਸਤ ਨੂੰ ਭਾਰਤ ਦੀ ਸੰਸਦ ਵਿੱਚ ਕਸ਼ਮੀਰ ਤੇ ਚਰਚਾ ਹਾਲੇ ਸ਼ੁਰੂ ਹੀ ਹੋਈ ਸੀ ਕਿ ਇੱਕ ਖਾਸ ਤਰ੍ਹਾਂ ਦਾ ਸੰਦੇਸ਼ ਘੁੰਮਣ ਲੱਗਾ; "ਮੇਰੇ ਕੁਆਰੇ ਦੋਸਤੋ ਕਰੋ ਤਿਆਰੀ, ਹੁਣ ਕਸ਼ਮੀਰ ਵਿੱਚ ਹੋ ਸਕਦਾ ਹੈ ਸਹੁਰਾ ਪਰਿਵਾਰ ਤੁਹਾਡਾ।" ਕੁਝ ਲੋਕ ਤਾਂ ਤਰੀਕ ਵੀ ਦੱਸਣ ਲੱਗੇ ਕਿ 15 ਅਗਸਤ ਤੋਂ ਬਾਅਦ ਕਸ਼ਮੀਰ ਵਿੱਚ ਹੋ ਸਕਦਾ ਹੈ ਸਹੁਰਾ ਪਰਿਵਾਰ। ਕਈ ਭਗਵਿਆਂ ਨੂੰ ਆਪਣੇ ਕੁਆਰੇ ਹੋਣ ਦੀ ਖੁਸ਼ੀ ਹੋ ਰਹੀ ਸੀ, "ਚੰਗਾ ਹੋਇਆ ਜੋ ਹਾਲੇ ਤੱਕ ਵਿਆਹ ਨਹੀਂ ਕੀਤਾ ਸੀ। ਹੁਣ ਤਾਂ ਲੱਗਦਾ ਹੈ ਕਸ਼ਮੀਰ ਵਿੱਚ ਹੀ ਸਹੁਰੇ ਹੋਣਗੇ।" ਭਗਵੇਂਵਾਦੀ ਮੋਦੀ ਸਰਕਾਰ ਦੇ ਫੈਸਲੇ ਤੋਂ ਏਨੇ ਖੁਸ਼ ਹੋਏ ਕਿ ਐਲਾਨ ਕਰਨ ਲੱਗੇ–'ਕਸ਼ਮੀਰੀ ਕੁੜੀਓ ਕਰੋ ਤਿਆਰੀ, ਆ ਰਹੇ ਹਨ ਭਗਵੇਂਧਾਰੀ'।

### ਕਸ਼ਮੀਰੀ ਪਲਾਟ ਦੇ ਅਰਥ-

ਅਜਿਹੇ ਸੰਦੇਸ਼ ਨਾਲ ਕਈ ਕੁੜੀਆਂ ਦੀਆਂ ਗਰੁੱਪ ਵਿੱਚ ਤਸਵੀਰਾਂ ਸਨ ਤਾਂ ਉਸ 'ਤੇ ਨਿਸ਼ਾਨਦੇਹੀ ਵੀ ਹੋਣ ਲੱਗੀ, 'ਸੱਜੇ ਵਾਲੀ ਮੇਰੀ' ਤਾਂ ਕੋਈ ਕਹਿਣ ਲੱਗਾ 'ਇਹ ਨੀਲੇ ਵਾਲਾ ਕਸ਼ਮੀਰੀ ਪਲਾਟ ਮੇਰਾ ਹੈ, ਬਾਕੀ ਤੁਸੀਂ ਆਪਣਾ ਦੇਖ ਲਓ।' ਇਸ ਤਰ੍ਹਾਂ ਫੇਸਬੁੱਕ 'ਤੇ ਕਸ਼ਮੀਰੀ ਕੁੜੀਆਂ ਦੀ ਗਰੁੱਪ ਫੋਟੋ ਪਾ ਕੇ ਭਗਵੇਂਵਾਦੀਆਂ ਵਲੋਂ ਘਟੀਆ ਕੁਮੈਂਟ ਕੀਤੇ ਜਾ ਰਹੇ ਸਨ। ਕਸ਼ਮੀਰੀ ਪਲਾਟ ਦਾ ਅਰਥ ਕਸ਼ਮੀਰੀ ਕੁੜੀ ਸੀ। ਇੱਕ ਭਗਵੇਂਵਾਦੀ ਨੇ ਤਾਂ ਇਨਾਮ ਦਾ ਐਲਾਨ ਕਰ ਦਿੱਤਾ ਕਿ 'ਜੋ ਹਿੰਦੀ ਭਰਾ ਇੱਕ ਕਸ਼ਮੀਰੀ ਕੁੜੀ ਦੇ ਨਾਲ ਵਿਆਹ ਕਰੇਗਾ ਉਸ ਨੂੰ ਮੈਂ 50 ਹਜ਼ਾਰ ਨਗਦੀ ਦੇਵਾਂਗਾ।' ਇਹ ਸਮੁੱਚੇ ਸੰਦੇਸ਼ ਭਗਵੇਂਵਾਦੀ ਅੱਤਵਾਦ ਤੇ ਨਸਲਵਾਦ ਦਾ ਪ੍ਰਗਟਾਵਾ ਹਨ।

### ਕੀ ਔਰਤ ਯੁੱਧ ਜਿੱਤਣ ਦਾ ਇਨਾਮ ਹੈ ?

ਇਤਿਹਾਸ ਸਾਨੂੰ ਦੱਸਦਾ ਹੈ ਕਿ ਕਬੀਲੇ ਵਾਲੇ ਦੌਰ ਅਤੇ ਮੱਧ ਕਾਲ ਦੇ ਸਾਮੰਤਵਾਦੀ ਜ਼ਮਾਨੇ ਵਿੱਚ ਇਲਾਕੇ/ ਸਾਮਰਾਜ ਵਿਸਥਾਰ ਲਈ ਜੰਗ ਹੁੰਦੀ ਸੀ। ਜੇਤੂ ਹਾਰੇ ਹੋਏ ਇਲਾਕੇ/ਸੂਬੇ ਦੀ ਜ਼ਮੀਨ ਅਤੇ ਜਾਇਦਾਦਾਂ 'ਤੇ ਕਬਜ਼ਾ ਕਰ ਲੈਂਦੇ ਸਨ। ਬਹੁਤ ਸਾਰੇ ਹਮਲਾਵਰ, ਔਰਤਾਂ ਨੂੰ ਵੀ ਜਿੱਤੀਆਂ ਹੋਈਆਂ ਜਾਇਦਾਦਾਂ ਵਿੱਚ ਮੰਨਦੇ ਸਨ ਤੇ ਉਹਨਾਂ ਨੂੰ ਗੁਲਾਮ ਬਣਾ ਕੇ ਹਰਮ ਵਿਚ ਰੱਖ ਲੈਂਦੇ ਸਨ ਤਾਂ ਜੋ ਉਹਨਾਂ ਨਾਲ ਦਿਲ ਪ੍ਰਚਾਵਾ ਕੀਤਾ ਜਾ ਸਕੇ। ਮੋਦੀ ਸਰਕਾਰ ਦੇ ਕਸ਼ਮੀਰ ਬਾਰੇ ਲਏ ਫੈਸਲੇ ਤੋਂ ਬਾਅਦ ਇਹੀ ਜੰਗ ਭਗਵੇਂਵਾਦੀਆਂ ਵਲੋਂ ਥੋਪੀ ਜਾ ਰਹੀ ਹੈ ਕਿ ਹੁਣ ਕਸ਼ਮੀਰੀ ਔਰਤਾਂ ਦੀ ਖੈਰ ਨਹੀਂ।

### ਭਗਵੇਂਵਾਦੀਆਂ ਦੀ ਗੁੰਡਾਗਰਦੀ-

ਭਗਵੇਂਵਾਦੀ ਸੰਦੇਸ਼ ਦੱਸ ਰਹੇ ਹਨ ਕਿ ਸਾਨੂੰ ਕਸ਼ਮੀਰੀ ਜਾਇਦਾਦ ਦੀ ਲਾਲਸਾ ਹੈ, ਜਿਸ ਵਿਚ ਕਸ਼ਮੀਰੀ ਔਰਤ ਵੀ ਸ਼ਾਮਲ ਹੈ। ਉਹ ਔਰਤ ਨੂੰ ਪਦਾਰਥ ਤੋਂ ਵੱਧ ਕੁਝ ਨਹੀਂ ਮੰਨਦੇ। ਇੱਕ ਖ਼ਬਰ ਮੁਤਾਬਕ ਸਾਧਵੀ ਪ੍ਰਾਚੀ ਬਾਗਪਤ ਦੇ ਬੜੋਤ ਵਿੱਚ ਕਹਿੰਦੀ ਹੈ, "ਜਿਹੜੇ ਕੁਆਰੇ ਹਿੰਦੂ ਨੌਜਵਾਨ ਹਨ, ਉਨ੍ਹਾਂ ਲਈ ਵੱਡੀ ਖੁਸ਼ਖਬਰੀ ਹੈ। ਡਲ ਝੀਲ 'ਤੇ 15 ਅਗਸਤ ਤੋਂ ਬਾਅਦ ਪਲਾਟ ਖਰੀਦੋ ਰਜਿਸਟਰੀ ਤੁਹਾਡੇ ਨਾਮ ਹੋਵੇਗੀ। ਹਿੰਦੂ ਭਾਈਓ! ਸਹੁਰੇ ਵੀ ਤੁਹਾਡੇ ਕਸ਼ਮੀਰ ਵਿੱਚ ਹੋ ਜਾਣਗੇ, ਸਾਡਾ ਸੁਪਨਾ ਪੂਰਾ ਹੋ ਗਿਆ।"

ਖਤੌਲੀ, ਮੁਜ਼ੱਫਰਨਗਰ ਦੇ ਭਾਜਪਾ ਵਿਧਾਇਕ ਵਿਕਰਮ ਸਿੰਘ ਸੈਣੀ ਨੇ ਇਸ ਗੱਲ ਨੂੰ ਹੋਰ ਅੱਗੇ ਤੋਰਿਆ, "ਪਾਰਟੀ ਦੇ ਵਰਕਰ ਉਤਸ਼ਾਹਿਤ ਹਨ. ਕਿਉਂਕਿ ਉਹ ਕਸ਼ਮੀਰ ਦੀਆਂ ਗੋਰੀਆਂ ਕੁੜੀਆਂ ਨਾਲ ਵਿਆਹ ਕਰਵਾ ਸਕਣਗੇ। ਉਨ੍ਹਾਂ ਦਾ ਵਿਆਹ ਉੱਥੇ ਹੀ ਕਰਵਾ ਦਿਆਂਗੇ, ਕੋਈ ਦਿੱਕਤ ਨਹੀਂ ਹੈ।

ਸੁਆਲ ਇਹ ਹੈ ਕਿ ਇਹ ਭਗਵੇਂਵਾਦੀ ਹਿਮਾਚਲ ਜਾਂ ਉਤਰਾਖੰਡ ਲਈ ਅਜਿਹੀ ਟਿੱਪਣੀ ਕਿਉਂ ਨਹੀਂ ਕਰਦੇ? ਉੱਥੇ ਵੀ ਤਾਂ ਖੂਬਸੂਰਤ ਕੁੜੀਆਂ ਰਹਿੰਦੀਆਂ ਹਨ, ਪਰ ਮਸਲਾ ਇਹ ਹੈ ਕਿ ਉਹਨਾਂ ਦਾ ਧਰਮ ਹਿੰਦੂ ਹੈ। ਕਸ਼ਮੀਰ ਉਹਨਾਂ ਲਈ ਅੱਤਵਾਦੀ ਭੂਮੀ ਹੈ, ਪਰ ਹਿਮਾਚਲ ਤੇ ਉਤਰਾਖੰਡ ਦੇਵ ਭੂਮੀ। ਆਰੀਅਨ ਇਤਿਹਾਸ ਇਹੀ ਰਿਹਾ ਹੈ ਕਿ ਉਹ ਹਾਰੇ ਹੋਏ ਦਰਾਵੜਾਂ ਨੂੰ ਰਾਖਸ਼ ਕਹਿੰਦੇ ਰਹੇ ਹਨ ਤੇ ਉਹਨਾਂ ਦੀਆਂ ਇਸਤਰੀਆਂ ਨੂੰ ਆਪਣੇ ਮਹਿਲ ਦੇ ਹਰਮ ਦਾ ਸ਼ਿੰਗਾਰ ਬਣਾਉਂਦੇ ਰਹੇ ਹਨ।

ਕਸ਼ਮੀਰੀ ਹਾਰੇ ਹੋਏ ਲੋਕ ਹਨ ਤੇ ਭਗਵੇਂਵਾਦੀਆਂ ਚਾਹੇ ਉਹ ਮੰਤਰੀ ਹਨ ਜਾਂ ਇਸ ਤੋਂ ਵੀ ਵੱਡਾ ਦਰਜਾ ਰੱਖਦੇ ਹਨ, ਉਹਨਾਂ ਲਈ ਕਸ਼ਮੀਰੀਆਂ ਦੀ ਕੋਈ ਕੀਮਤ ਨਹੀਂ। ਉਹਨਾਂ ਲਈ ਇਹ ਗੁਲਾਮ ਹਨ। ਜੇਕਰ ਅਜਿਹਾ ਨਾ ਹੁੰਦਾ ਤਾਂ ਅਜਿਹੀ ਗੁੰਡਾਗਰਦੀ ਕਰਨ ਵਾਲੇ ਲੋਕਾਂ 'ਤੇ ਕੇਸ ਦਰਜ ਹੋ ਗਏ ਹੁੰਦੇ। ਅਸਲ ਵਿਚ ਇਹਨਾਂ ਦੀ ਧਾਰਨਾ ਇਹ ਹੈ ਕਿ ਜੇਕਰ ਕਸ਼ਮੀਰ ਵਿੱਚ ਸਥਾਈ ਸ਼ਾਂਤੀ ਚਾਹੁੰਦੇ ਹੋ ਤਾਂ ਉੱਥੇ ਦੀਆਂ ਕੁੜੀਆਂ ਨਾਲ ਵਿਆਹ ਕਰੋ ਅਤੇ ਉਨ੍ਹਾਂ ਤੋਂ ਬੱਚੇ ਪੈਦਾ ਕਰੋ ਤਾਂ ਜੋ ਨਸਲ ਤਬਦੀਲ ਹੋ ਸਕੇ ਤੇ ਉਹ ਹਿੰਦੂ ਰਾਸ਼ਟਰਵਾਦ ਵਿਚ ਸ਼ਾਮਲ ਹੋ ਸਕਣ ਅਤੇ ਇਹੀ ਕਸ਼ਮੀਰ ਦੀ ਸ਼ਾਂਤੀ ਦਾ ਸਭ ਤੋਂ ਸਹੀ ਰਾਹ ਹੈ।"

ਇਹ ਸੰਦੇਸ਼ ਆਮ ਹੀ ਸ਼ੋਸ਼ਲ ਮੀਡੀਆ 'ਤੇ ਘੁੰਮ ਰਹੇ ਹਨ। ਇਕ ਹਰਿਆਣਵੀ ਗੀਤ ਕਹਿੰਦਾ ਹੈ, 'ਪਹਿਲੀ ਬਾਰ ਕਿਸੀ ਸਰਕਾਰ ਨੇ ਕੁਵਾਰੇ ਕੀ ਫਰਿਆਦ ਸੁਨੀ ਹੈ/ ਅਰੇ ਕਸ਼ਮੀਰ ਮੇਂ ਹਰਿਆਣਾ ਕੇ ਤਾਕਤਵਰ ਜਵਾਨੋਂ ਕੀ ਬਹੁਤ ਜ਼ਰੂਰਤ ਹੈ। ਅਬ ਬਿਹਾਰ ਕੋ ਛੋੜ, ਕਸ਼ਮੀਰ ਸੇ ਬਹੂ ਲਾਨੀ ਹੈ।'

ਆਮ ਕਰਕੇ ਹਰਿਆਣਾ ਕੁੜੀਮਾਰ ਪ੍ਰਾਂਤ ਰਿਹਾ ਹੈ ਤੇ ਉਥੋਂ ਦੇ ਛੋਰੇ ਬਿਹਾਰ, ਉੜੀਸਾ ਤੋਂ ਮੁੱਲ ਦੀਆਂ ਤੀਵੀਆਂ ਲਿਆ ਕੇ ਵਿਆਹ ਕਰਦੇ ਰਹੇ ਹਨ। ਇਸੇ ਕਰਕੇ ਹਰਿਆਣੇ ਦੇ ਭਗਵੇਂਵਾਦੀਆਂ ਦਾ ਸੰਦੇਸ਼ ਜਾਰੀ ਹੈ ਕਿ ਅਸੀਂ ਬਿਹਾਰ ਨਹੀਂ ਕਸ਼ਮੀਰ ਜਾਵਾਂਗੇ। ਉੱਥੋਂ ਨੂੰਹ ਲਿਆਵਾਂਗੇ।

### ਮਮਤਾ ਵਲੋਂ ਖੱਟਰ ਦੇ ਬਿਆਨ ਦੀ ਨਿੰਦਾ-

ਮੁੱਖ ਮੰਤਰੀ ਮਮਤਾ ਬੈਨਰਜੀ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਬਿਆਨ ਦੀ ਨਿੰਦਾ ਕੀਤੀ ਹੈ। ਉਨਾਂ ਖੱਟਰ ਦਾ ਨਾਂਅ ਲਏ ਬਗੈਰ ਕਿਹਾ ਕਿ ਸਾਨੂੰ ਤੇ ਸਾਡੇ ਜਿਹੇ ਬੰਦਿਆਂ ਨੂੰ ਜੰਮੂ–ਕਸ਼ਮੀਰ ਦੇ ਪਿਆਰੇ ਲੋਕਾਂ ਬਾਰੇ ਸੋਚ–ਸਮਝ ਕੇ ਬੋਲਣਾ ਚਾਹੀਦਾ ਹੈ। ਇਹ ਸਿਰਫ ਜੰਮੂ–ਕਸ਼ਮੀਰ ਲਈ ਨਹੀਂ ਸਾਰੇ ਭਾਰਤ ਲਈ ਤਕਲੀਫਦਾਇਕ ਹੈ। ਜ਼ਿਕਰਯੋਗ ਹੈ ਕਿ ਧਾਰਾ 370 ਹਟਾਏ ਜਾਣ ਦੇ ਐਲਾਨ ਤੋਂ ਬਾਅਦ ਖੱਟਰ ਨੇ ਇਹ ਬਿਆਨ ਦਿੱਤਾ ਸੀ ਕਿ ਹੁਣ ਹਰਿਆਣੇ ਦੇ ਲੋਕ ਜੰਮੂ–ਕਸ਼ਮੀਰ ਦੀਆਂ ਕੁੜੀਆਂ ਨਾਲ ਵਿਆਹ ਕਰ ਸਕਣਗੇ, ਪਰ ਬਾਅਦ ਵਿਚ ਉਨ੍ਹਾਂ ਆਪਣਾ ਬਿਆਨ ਵਾਪਸ ਲੈ ਲਿਆ ਸੀ ਤੇ ਆਖਿਆ ਸੀ ਕਿ ਇਹ ਸਭ ਮਜ਼ਾਕ ਨਾਲ ਕਿਹਾ ਸੀ।

### ਪੰਥਕ ਤੇ ਰਾਜਨੀਤਕ ਜਥੇਬੰਦੀਆਂ ਵਲੋਂ ਨਿਖੇਧੀ-

ਦਮਦਮੀ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਵੱਲੋਂ ਦਿੱਤੇ ਗਏ ਵਿਵਾਦਤ ਬਿਆਨ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਜਨਤਕ ਮੁਆਫੀ ਮੰਗਣ ਲਈ ਕਿਹਾ ਹੈ।

ਅਕਾਲੀ ਦਲ (ਟਕਸਾਲੀ) ਮੀਤ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਦਾ ਕਸ਼ਮੀਰੀ ਬੇਟੀਆਂ ਬਾਰੇ ਦਿੱਤਾ ਬਿਆਨ ਸ਼ਰਮਨਾਕ ਹੈ।

ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਕਸ਼ਮੀਰੀ ਔਰਤਾਂ ਬਾਰੇ ਵਰਤੀ ਜਾ ਰਹੀ ਸ਼ਬਦਾਵਲੀ ਦਾ ਵਿਰੋਧ ਕਰਦਿਆਂ ਕਿਹਾ ਕਿ ਕਸ਼ਮੀਰੀ ਔਰਤਾਂ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਵਲੀ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਸ਼ਮੀਰੀ ਔਰਤਾਂ ਨੂੰ ਭਰੋਸਾ ਦਿੱਤਾ ਕਿ ਸਿੱਖ ਕੌਮ ਉਨ੍ਹਾਂ ਨਾਲ ਖੜ੍ਹੀ ਹੈ ਅਤੇ ਹਰ ਤਰ੍ਹਾਂ ਦੀ ਸੁਰੱਖਿਆ ਮੁਹੱਈਆ ਕਰੇਗੀ। ਆਪ ਪੰਜਾਬ ਦੀ ਮੁੱਖ ਤਰਜਮਾਨ ਅਤੇ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਭਾਜਪਾ ਤੋਂ ਖੱਟਰ ਨੂੰ ਬਰਖ਼ਾਸਤ ਕਰਨ ਦੀ ਮੰਗ ਰੱਖੀ ਹੈ।

### ਕੌਮੀ ਮਹਿਲਾ ਕਮਿਸ਼ਨ ਸਖ਼ਤ-

ਕੌਮੀ ਮਹਿਲਾ ਕਮਿਸ਼ਨ ਦੀ ਚੇਅਰਮੈਨ ਰੇਖਾ ਸ਼ਰਮਾ ਨੇ ਕਿਹਾ ਕਿ ਉਹ ਉੱਤਰ ਪ੍ਰਦੇਸ਼ ਦੇ ਬੀਜੇਪੀ ਵਿਧਾਇਕ ਵਿਕਰਮ ਸਿੰਘ ਸੈਣੀ ਤੋਂ ਉਨ੍ਹਾਂ ਵੱਲੋਂ ਕੀਤੀਆਂ ਟਿੱਪਣੀਆਂ ਲਈ ਜਵਾਬ ਮੰਗਣਗੇ। ਦਿੱਲੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਸਵਾਤੀ ਮਾਲੀਵਾਲ ਨੇ ਕਿਹਾ ਕਿ ਖੱਟਰ ਨੂੰ ਆਪਣੇ ਬਿਆਨ 'ਤੇ ਸ਼ਰਮ ਆਉਣੀ ਚਾਹੀਦੀ ਹੈ।

### ਪੰਜਾਬ ਦੇ ਮੰਤਰੀ ਖੱਟਰ ਵਿਰੁੱਧ-

ਪੰਜਾਬ ਦੇ ਜੇਲ੍ਹ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨੂੰ ਆਪਣੇ ਬਿਆਨ 'ਤੇ ਮੁਆਫ਼ੀ ਮੰਗਣੀ ਚਾਹੀਦੀ ਹੈ।

### ਰਾਹੁਲ ਗਾਂਧੀ ਖੱਟਰ 'ਤੇ ਵਰਿਆ-

ਹਰਿਆਣਾ ਦੇ ਮੁੱਖ ਮੰਤਰੀ ਖੱਟੜ ਦੇ ਬਿਆਨ ਨੂੰ ਲੈ ਕੇ ਰਾਹੁਲ ਗਾਂਧੀ ਨੇ ਨਿੰਦਾ ਕਰਦਿਆਂ ਕਿਹਾ ਕਿ ਇਹ ਲੋਕ ਮਾਨਸਿਕ ਤੌਰ 'ਤੇ ਹਿੱਲੇ ਹੋਏ ਤੇ ਸ਼ੈਤਾਨ ਹਨ। ਇਨ੍ਹਾਂ ਖਿਲਾਫ਼ ਐੱਫ਼ ਆਈ ਆਰ ਦਰਜ ਹੋਣੀ ਚਾਹੀਦੀ ਹੈ।

## ਅਕਾਲ ਤਖ਼ਤ ਦੇ ਜਥੇਦਾਰ ਨੇ ਭਗਵੇਂਵਾਦੀਆਂ ਨੂੰ ਵੰਗਾਰਿਆ

ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਨਸਲੀ ਆਧਾਰ 'ਤੇ ਕਸ਼ਮੀਰੀ ਔਰਤਾਂ ਦਾ ਜੋ ਅਪਮਾਨ ਕਰ ਰਹੇ ਹਨ, ਉਹ ਵੱਡਾ ਗੁਨਾਹ ਹੈ ਜੋ ਬਿਲਕੁਲ ਬਖਸ਼ਣਯੋਗ ਨਹੀਂ। ਉਹਨਾਂ ਕਿਹਾ ਕਿ ਅਸੱਭਿਅਕ ਮਾਨਸਿਕਤਾ ਵਾਲੇ ਲੋਕਾਂ ਦੀ ਭੀੜ ਵੱਲੋਂ ਕਸ਼ਮੀਰ ਦੀਆਂ ਨੌਜਵਾਨ ਧੀਆਂ ਦੀਆਂ ਸੋਸ਼ਲ ਮੀਡੀਆ 'ਤੇ ਫੋਟੋਆਂ ਪਾ ਕੇ ਉਨ੍ਹਾਂ 'ਤੇ ਕੀਤੀਆਂ ਜਾ ਰਹੀਆਂ ਟਿੱਪਣੀਆਂ ਨੇ ਭਾਰਤ ਦਾ ਦੁਨੀਆਂ ਭਰ ਵਿੱਚ ਸਿਰ ਨੀਵਾਂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨੀਚ ਮਾਨਸਿਕਤਾ ਵਾਲੇ ਵਰਗ ਨੇ ਹੀ ਨਵੰਬਰ 1984 ਵਿੱਚ ਨਿਹੱਥੇ ਸਿੱਖਾਂ ਦੀ ਨਸਲਕੁਸ਼ੀ ਦੌਰਾਨ ਦਿੱਲੀ ਦੀ ਤਤਕਾਲੀ ਹਕੂਮਤ ਦੀ ਛਤਰ ਛਾਇਆ ਹੇਠ ਸਿੱਖ ਬੀਬੀਆਂ ਨਾਲ ਅਜਿਹਾ ਕੁਝ ਹੀ ਕੀਤਾ ਸੀ ਜੋ ਔਰਤਾਂ ਬਾਰੇ ਅੱਜ ਖੁੱਲ੍ਹਆਮ ਐਲਾਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਸ਼ਮੀਰ ਦੀਆਂ ਬਹੂ–ਬੇਟੀਆਂ ਸਾਡੇ ਸਮਾਜ ਦਾ ਅੰਗ ਹਨ। ਕਸ਼ਮੀਰੀ ਔਰਤਾਂ ਦੇ ਗੌਰਵ ਤੇ ਸਵੈਮਾਣ ਦੀ ਰੱਖਿਆ ਕਰਨਾ ਸਾਡਾ ਧਰਮ ਹੈ। ਉਨ੍ਹਾਂ ਕਿਹਾ ਕਿ ਸਿੱਖ ਕਦੇ ਵੀ ਮਾੜੇ ਅਨਸਰਾਂ ਨੂੰ ਕਸ਼ਮੀਰੀ ਔਰਤਾਂ ਵੱਲ ਅੱਖ ਚੁੱਕਣ ਨਹੀਂ ਦੇਵੇਗਾ, ਇਹੀ ਸਾਡਾ ਇਤਿਹਾਸ ਹੈ।

## ਮਨੂਵਾਦ ਬਨਾਮ ਕਸ਼ਮੀਰੀ ਬੀਬੀਆਂ

ਵਿਚਾਰਧਾਰਕ ਟਕਰਾਅ ਗੁਰੂ ਨਾਨਕ ਪੰਥ ਦਾ ਮਨੂਵਾਦ ਨਾਲ ਚਲਦਾ ਰਹੇਗਾ। ਮਨੂਵਾਦ ਦਾ ਹਿੰਦੂ ਧਰਮ ਨਾਲ ਕੋਈ ਰਿਸ਼ਤਾ ਨਹੀਂ। ਇਹ ਮਨੂਵਾਦ ਮਨੁੱਖਤਾ ਲਈ ਵਾਇਰਸ ਹੈ ਤੇ ਹਿੰਦੂ ਧਰਮ ਦਾ ਅਕਸ ਵਿਗਾੜ ਰਿਹਾ ਹੈ। ਗੁਰੂ ਨਾਨਕ ਦਾ ਪੰਥ ਮਨੁੱਖੀ ਹਿਤਾਂ ਤੇ ਸਰਬੱਤ ਆਜ਼ਾਦੀ ਤੇ ਸਾਂਝੀਵਾਲਤਾ ਦੀ ਪ੍ਰਤੀਨਿਧਤਾ ਕਰਦਾ ਹੈ। ਭਾਰਤੀ ਸੱਭਿਅਤਾ ਦੀ ਪ੍ਰਾਚੀਨਤਮ ਮਨੂੰਵਾਦੀ ਵਿਚਾਰਧਾਰਾ ਅਨੁਸਾਰ ਔਰਤ ਨੂੰ ਸਮਾਜ ਵਿਚ ਸ਼ੂਦਰ ਦੇ ਬਰਾਬਰ ਮੰਨਿਆ ਗਿਆ ਹੈ ਜੋ ਕਿਸੇ ਵੀ ਪ੍ਰਕਾਰ ਨਾਲ ਸਮਾਜਿਕ, ਰਾਜਨੀਤਕ ਅਤੇ ਆਰਥਿਕ ਢਾਂਚੇ ਵਿਚ ਯੋਗਦਾਨ ਪਾਉਣ ਤੋਂ ਅਸਮਰੱਥ ਹੈ। ਉਸ ਨੂੰ ਕੁਲੱਛਿਨੀ ਤੇ ਕੁਲਟਾ ਆਦਿ ਕਹਿ ਕੇ ਅਪਮਾਨਿਤ ਕੀਤਾ ਗਿਆ। ਮਨੂੰ ਸਿਮ੍ਰਤੀ ਅਨੁਸਾਰ "ਇਸਤਰੀਆਂ ਦੇ ਸੰਸਕਾਰ ਵੇਦ ਮੰਤ੍ਰਾਂ ਨਾਲ ਨਹੀਂ ਕਰੇ ਜਾਂਦੇ, ਇਹ ਧਰਮ ਦਾ ਫ਼ੈਸਲਾ ਹੈ। ਇਸਤਰੀਆਂ ਵੇਦ ਮੰਤ੍ਰਾਂ ਦੇ ਅਧਿਕਾਰ ਤੋਂ ਵਾਂਝੀਆਂ ਅਤੇ ਝੂਠ ਦੀ ਮੂਰਤ ਤੇ ਮੂਰਖ ਹਨ।" (ਮਨੂੰ ਸਿਮ੍ਰਤੀ ਅ: ਪ: ਸਲੋਕ 247–48)। ਔਰਤ ਮਨੂਵਾਦ ਲਈ ਸੈਕਸ ਸਿੰਬਲ ਹੈ ਤੇ ਗੁਰੂ ਨਾਨਕ ਪੰਥ ਲਈ ਜਗਤ ਜਨਣੀ ਤੇ ਮਰਦ ਬਰਾਬਰ ਸਥਾਨ ਰਖਦੀ ਹੈ। ਸ਼ਸ਼ਤਰ ਧਾਰਨ ਕਰ ਸਕਦੀ ਹੈ, ਪੜ੍ਹ ਲਿਖ ਸਕਦੀ ਹੈ। ਗੁਰੂ ਗਰੰਥ ਸਾਹਿਬ ਦੀ ਤਾਬਿਆ ਬੈਠ ਸਕਦੀ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਅਨੁਸਾਰ, ਮਰਦ–ਇਸਤਰੀਆਂ ਵਿੱਚ ਬਰਾਬਰਤਾ, ਸਵੈਮਾਨ ਤੇ ਸਾਂਝੀਵਾਲਤਾ ਦੇ ਗੁਣ ਗੁਰੂ ਨਾਨਕ ਸਾਹਿਬ ਜੀ ਦੀ ਹੀ ਦੇਣ ਹਨ। ਇਸੇ ਲਈ ਦੁਨੀਆਂ ਦਾ ਮਹਾਨ ਫਿਲਾਸਫਰ ਐੱਚ. ਐੱਲ. ਬਰਾਡਸ਼ਾਹ ਕਹਿੰਦਾ ਹੈ ਕਿ ਸਿੱਖੀ ਹੀ ਨਵੇਂ ਯੁੱਗ ਦਾ ਧਰਮ ਹੈ। ਇਹ ਪੂਰਨ ਤੌਰ 'ਤੇ ਪੁਰਾਣੇ ਮੱਤਾਂ ਦੀ ਥਾਂ ਮੱਲਦਾ ਹੈ ਅਤੇ ਮਨੁੱਖ ਨੂੰ ਨਵੀਂ ਦਿਸ਼ਾ ਦਿੰਦਾ ਹੈ। ਕਸ਼ਮੀਰੀ ਔਰਤਾਂ ਬਾਰੇ ਸਿਖ ਧਰਮ ਦਾ ਅਜੋਕਾ ਸਟੈਂਡ ਗੁਰੂ ਨਾਨਕ ਫਿਲਾਸਫੀ ਅਨੁਕੂਲ ਹੈ। ਸਿਖ ਪੰਥ ਹਮੇਸਾ ਔਰਤਾਂ ਦੀ ਪੈਜ ਰਖਦਾ ਆਇਆ ਹੈ। ਰਖਦਾ ਰਹੇਗਾ। ਇਹੀ ਗੁਰੂ ਨਾਨਕ ਦੀ ਦਿਤੀ ਗੁੜਤੀ ਤੇ ਸਿੱਖੀ ਦਾ ਕਿਰਦਾਰ ਹੈ।ਕਸ਼ਮੀਰੀ ਔਰਤਾਂ ਬਾਰੇ ਭਾਜਪਾ ਦੇ ਕੁਝ ਸੀਨੀਅਰ ਆਗੂਆਂ ਦਾ ਮਾਲੀਨ ਵਿਚਾਰ ਭਾਰਤੀ ਕਨੂੰਨ ਸੰਵਿਧਾਨ ਦੇ ਉਲਟ ਹੈ, ਜਿਸ ਦੀਆਂ ਇਹ ਸੌਂਹਾਂ ਚੁਕਦੇ ਹਨ। ਸਿੱਖ ਪੰਥ ਨੇ ਅਮਲੀ ਤੌਰ ਤੇ ਕਸ਼ਮੀਰੀ ਔਰਤਾਂ ਦੀ ਪੈਜ , ਰੱਖ ਕੇ ਆਪਣੀ ਦਸਤਾਰ ਨਾਲ ਪਤ ਢੱਕ ਕੇ ਪੁਰਾਤਨ ਸਿੱਖ ਇਤਿਹਾਸ ਫਿਰ ਦੁਹਰਾ ਦਿੱਤਾ। ਜਦੋਂ ਭਾਰਤ ਦਾ ਇਕ ਖਾਸ ਅਧਿਕਾਰ ਪ੍ਰਾਪਤ ਫਿਰਕਾ ਕਸ਼ਮੀਰੀ ਭੈਣਾਂ ਤੇ ਗੰਦੇ ਤੇ ਕੋਹਜੇ ਹਮਲੇ ਕਰ ਰਿਹਾ ਹੈ ਉਦੋਂ ਪੂਨੇ ਵਿੱਚ ਘਿਰੀਆਂ ਬੈਠੀਆਂ 34 ਕਸ਼ਮੀਰੀ ਭੈਣਾਂ ਨੂੰ ਖਾਲਸਾ ਭਰਾਵਾਂ ਨੇ ਕਸ਼ਮੀਰ ਪਹੁੰਚਾਇਆ। ਭਾਈ ਜਾਫੀ ਸਿੰਘ ਖਾਲਸਾ ਦੇ ਉਦਮ ਨਾਲ ਭਾਈ ਹਰਮਿੰਦਰ ਸਿੰਘ ਤੇ ਸੰਗਤਾਂ ਦੇ ਸਹਿਯੋਗ ਨਾਲ ਚਾਰ ਲੱਖ ਰੁਪਏ ਦੀਆਂ ਜਹਾਜ਼ ਟਿਕਟਾਂ ਖਰੀਦ ਕੇ ਸਿੱਖ ਕੁੜੀਆਂ ਨੂੰ ਆਪ ਸ੍ਰੀਨਗਰ ਛੱਡਣ ਗਏ। ਮਾਣ ਕਰਨ ਵਾਲੀ ਗੱਲ ਇਹ ਹੈ ਕਿ ਇਹ ਉਹੀ ਸਿੱਖ ਹਨ ਜੋ ਕਦੇ ਹਿੰਦੋਸਤਾਨ ਚੋਂ ਅਬਦਾਲੀ ਵੱਲੋਂ ਚੁੱਕੀਆਂ ਕੁੜੀਆਂ ਨੂੰ ਅਬਦਾਲੀ ਕੋਲੋਂ ਖੋਹ ਕੇ ਵਾਪਸ ਘਰਾਂ ਤੱਕ ਪਹੁੰਚਾ ਕੇ ਆਉਂਦੇ ਸਨ। ਅੱਜ ਅਬਦਾਲੀ ਮਨੂਵਾਦ ਦੇ ਰੂਪ ਵਿਚ ਸੈਕਸ ਸਿੰਬਲ ਧਾਰਨ ਕਰਕੇ ਖਲੋਤਾ ਹੈ ਤੇ ਸਿਖ ਪੰਥ ਆਪਣੀ ਦਸਤਾਰ ਦੀ ਵਾੜ ਲਗਾਕੇ ਕਸ਼ਮੀਰੀ ਔਰਤਾਂ ਲਈ ਡਟ ਗਿਆ ਹੈ। ਇਹ ਅਗਵਾਈ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਹੈ। ਸਿੱਖ ਦੀ ਰੂਹ ਵਿਚ ਗੁਰੂ ਨਾਨਕ ਦਾ ਹੁਕਮ ਸਦਾ ਵਰਤਦਾ ਰਹੇਗਾ।

ਹਮ ਰਾਖਤ ਪਾਤਿਸ਼ਾਹੀ ਦਾਵਾ ।।
ਜਾਂ ਇਤ ਕੋ ਜਾਂ ਅਗਲੋ ਪਾਵਾ।।
ਜੋ ਸਤਿਗੁਰ ਸਿੱਖਨ ਕਹੀ ਬਾਤ । ਹੋਗ ਸਾਈ ਨਹਿ ਖਾਲੀ ਜਾਤ ।। ਆਰੀਅਨਾਂ ਦਾ ਇਤਿਹਾਸ ਹੈ ਕਿ ਜਦੋਂ ਆਰੀਅਨਾਂ ਨੇ ਦਰਾਵਿੜਾਂ ਤੇ ਮੂਲਨਿਵਾਸੀਆਂ ਤੋਂ ਜੰਗ ਜਿਤੀ ਤਾਂ ਆਰੀਅਨ ਕਿੰਗ ਇੰਦਰ ਨੇ ਆਪਣਾ ਸਵਰਗ ਤਿਆਰ ਕੀਤਾ, ਜਿਸ ਵਿਚ ਗੁਲਾਮ ਤੇ ਕੈਦੀ ਬਣਾਈਆਂ ਔਰਤਾਂ ਨੂੰ ਅਪਸਰਾ ਦਾ ਰੂਪ ਦਿੱਤਾ। ਮੁਗਲ ਰਾਜਿਆਂ ਤੇ ਅਬਦਾਲੀ ਤੇ ਨਾਦਰਸ਼ਾਹ ਧਾੜਵੀਆਂ ਨੇ ਹਿੰਦੂ ਔਰਤਾਂ ਨਾਲ ਇਹੀ

**ਬਾਕੀ ਸਫ਼ਾ 32 'ਤੇ**

# ਭਾਜਪਾ ਦਾ ਪੰਜਾਬ ਵਿਚ ਭਗਵਾਂ ਮੁੱਖ ਮੰਤਰੀ ਬਣਾਉਣ ਦਾ ਸੁਪਨਾ

- ਬਾਦਲ ਅਕਾਲੀ ਦਲ ਨੂੰ ਚੁਣੌਤੀ ਦੇਵੇਗੀ ਭਾਜਪਾ
- ਪੰਜਾਬ ਉੱਪਰ ਕਬਜ਼ਾ ਕਰਨ ਲਈ ਅੰਦਰਖਾਤੇ ਅਰੰਭਿਆ 'ਮਿਸ਼ਨ ਪੰਜਾਬ'
- ਅਕਾਲੀ ਦਲ ਦੀ ਹਾਈਕਮਾਂਡ ਸੋਚਾਂ ਵਿਚ ਪਈ
- ਸੁਖਬੀਰ ਦੇ ਹੱਥ ਅਕਾਲੀ ਦਲ ਦੀ ਕਮਾਂਡ ਆਉਣ ਕਾਰਨ ਭਾਜਪਾ ਅਕਾਲੀ ਦਲ 'ਤੇ ਪਈ ਭਾਰੂ



**ਅੰਮ੍ਰਿਤਸਰ/ਸਰਬਜੀਤ ਸਿੰਘ ਘੁਮਾਣ**

ਭਾਜਪਾ ਦੀ ਅੱਖ ਹੁਣ ਪੰਜਾਬ 'ਤੇ ਹੈ। ਦੇਸ਼ ਭਰ ਵਿੱਚ ਚੰਗਾ ਆਧਾਰ ਬਣਾਉਣ ਮਗਰੋਂ ਬੀਜੇਪੀ ਨੂੰ ਪੰਜਾਬ ਰੜਕ ਰਿਹਾ ਹੈ। ਇੱਥੇ ਅਜੇ ਪਾਰਟੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਰਹਿਮੋ-ਕਰਮ 'ਤੇ ਹੈ। ਪੰਜਾਬ ਬੀਜੇਪੀ ਪਿਛਲੇ ਸਮੇਂ ਵਿੱਚ ਅਕਾਲੀ ਦਲ ਤੋਂ ਵੱਧ ਸੀਟਾਂ ਦੀ ਮੰਗ ਕਰਦੀ ਰਹੀ ਹੈ ਪਰ ਹਾਈਕਮਾਨ ਨੇ ਇਸ ਨੂੰ ਨਹੀਂ ਗੌਲਿਆ। ਹੁਣ ਮੰਨਿਆ ਜਾ ਰਿਹਾ ਹੈ ਕਿ ਬੀਜੇਪੀ ਪੰਜਾਬ ਵਿੱਚ ਪੈਰ ਪਸਾਰਣ ਲਈ ਹੱਥ-ਪੈਰ ਮਾਰ ਰਹੀ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਤੇ ਰਾਜ ਸਭਾ ਮੈਂਬਰ ਸਵੇਤ ਮਲਿਕ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਮੈਂਬਰਸ਼ਿਪ ਫਾਰਮ ਭਰਨ ਦਾ 2 ਲੱਖ ਦਾ ਟੀਚਾ ਰੱਖਿਆ ਗਿਆ ਸੀ ਪਰ ਸਮੇਂ ਤੋਂ ਪਹਿਲਾਂ ਹੀ 4 ਲੱਖ ਦਾ ਟੀਚਾ ਪੂਰਾ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਵਰਕਰਾਂ ਦੀ ਮਿਹਨਤ ਸਦਕਾ ਪੰਜਾਬ ਦੀ ਧਰਤੀ 'ਤੇ 2022 ਵਿੱਚ ਕਮਲ ਦਾ ਫੁੱਲ ਖਿੜਾ ਕੇ ਹੀ ਦਮ ਲੈਣਗੇ। ਮਲਿਕ ਦੇ ਦਾਅਵੇ ਤੋਂ ਸਪਸ਼ਟ ਹੈ ਕਿ ਬੀਜੇਪੀ ਹੁਣ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਤੋਂ ਬਰਾਬਰ ਟਿਕਟਾਂ ਮੰਗੇਗੀ ਜਾਂ ਫਿਰ ਅਲੱਗ ਹੀ ਮੈਦਾਨ ਵਿੱਚ ਨਿੱਤਰ ਸਕਦੀ ਹੈ। ਉਂਝ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਬੀਜੇਪੀ ਤੇ ਆਰਐਸਐਸ ਦੇ ਏਜੰਡੇ ਕਰਕੇ ਔਖ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਅਗਲੇ ਸਮੇਂ ਵਿੱਚ ਇਹ ਗੱਠਜੋੜ ਟੁੱਟ ਸਕਦਾ ਹੈ। ਸੂਤਰਾਂ ਮੁਤਾਬਕ ਬੀਜੇਪੀ ਸੁਪਰੀਮੋ ਅਮਿਤ ਸ਼ਾਹ ਖੁਦ ਪੰਜਾਬ ਦੀ ਸਿਆਸਤ ਵਿੱਚ ਦਿਲਚਸਪੀ ਲੈ ਰਹੇ ਹਨ। ਉਨ੍ਹਾਂ ਨੇ ਇਸ ਲਈ ਰਣਨੀਤੀ ਵੀ ਘੜੀ ਹੈ। ਬੀਜੇਪੀ ਪੰਜਾਬ ਵਿੱਚ ਸਿੱਖ ਤੇ ਜੱਟ ਚਿਹਰੇ ਨਾਲ ਹੀ ਅੱਗੇ ਵਧੇਗੀ।

ਚੇਤੇ ਰਹੇ ਕਿ ਪੰਜਾਬ ਭਰ ਵਿਚ ਆਰ.ਐਸ.ਐਸ ਨੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਗੁਪਤ ਰੂਪ ਵਿਚ ਕਈ ਸਰਗਰਮੀਆਂ ਆਰੰਭੀਆਂ ਹੋਈਆਂ ਹਨ ਜਿੰਨ੍ਹਾਂ ਦਾ ਮੁੱਖ ਏਜੰਡਾ ਸਿੱਖਾਂ ਦਾ ਸਿਖੀ ਵਿਚ ਵਿਸਵਾਸ਼ ਪੇਤਲਾ ਕਰਕੇ ਉਨ੍ਹਾਂ ਨੂੰ ਭਾਜਪਾ ਦੇ ਹਮਾਇਤੀ ਬਣਾਉਣਾ ਹੈ। ਇਕ ਪਾਸੇ ਇਹ ਚਰਚਾ ਜੋਰਾਂ ਉਪਰ ਹੋ ਰਹੀ ਹੈ ਕਿ ਆਮ ਆਦਮੀ ਪਾਰਟੀ ਵੱਲ ਭੁਗਤੇ ਵੋਟ-ਬੈਂਕ ਨੂੰ ਹਥਿਆਉਣ ਲਈ ਭਾਜਪਾ ਅੱਡੀ-ਚੋਟੀ ਦਾ ਜੋਰ ਲਾ ਰਹੀ ਹੈ, ਦੂਜੇ ਪਾਸੇ ਬਾਦਲ ਦਲ ਦੇ ਹੱਥਾਂ ਦੇ ਤੋਤੇ ਉੱਡ ਗਏ ਨੇ ਕਿ ਭਾਜਪਾ ਨੇ ਅਗਲੀ ਵਿਧਾਨ ਸਭਾ ਚੋਣਾਂ ਮੌਕੇ ਸੂਬੇ ਵਿਚ ਭਾਜਪਾ ਦਾ ਬ੍ਰਾਹਮਣ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦਾ ਅਹੁਦਾ ਲੈਣ ਦੀ ਸ਼ਰਤ ਰੱਖਣੀ ਹੈ। ਉਂਝ ਬਾਦਲਕਿਆਂ ਦੇ ਅਲੋਚਕ ਕਹਿੰਦੇ ਨੇ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਹੁੰਦਿਆਂ ਭਾਜਪਾ/ਆਰ.ਐਸ.ਐਸ.ਨੂੰ ਕਿਸੇ ਬ੍ਰਾਹਮਣ ਮੁਖ ਮੰਤਰੀ ਦੀ ਕੀ ਲੋੜ ਪੈ ਗਈ? ਅਲੋਚਕਾਂ ਦੇ ਕਹਿਣ ਦਾ ਅਰਥ ਹੈ ਕਿ ਸਰਦਾਰ ਬਾਦਲ ਉਹੀ ਸਭ ਕੁਝ ਕਰਦੇ-ਕਰਾਂਉਂਦੇ ਨੇ ਜੋ ਭਾਜਪਾ/ਆਰ.ਐਸ.ਐਸ. ਨੇ ਕਿਸੇ ਬ੍ਰਾਹਮਣ ਮੁਖ ਮੰਤਰੀ ਤੋਂ ਕਰਵਾਉਣਾ ਹੈ। ਉਂਝ ਸਿਆਸੀ ਨੁਕਤਾ ਨਜ਼ਰ ਤੋਂ ਭਾਜਪਾ/ਆਰ.ਐਸ.ਐਸ.ਦਾ ਪੰਜਾਬ ਵਿਚ ਬ੍ਰਾਹਮਣ ਮੁੱਖ-ਮੰਤਰੀ ਦਾ ਸੁਪਨਾ ਸਾਧਾਰਨ ਗੱਲ ਹੈ ਪਰ ਇਸ ਦੇ ਪੰਜਾਬ ਅਤੇ ਪੰਥ ਲਈ ਬੇਹੱਦ ਘਾਤਕ ਅਰਥ ਹੋਣਗੇ। ਚੇਤੇ ਰਹੇ ਕਿ ਭਾਜਪਾ ਨੇ ਪਿਛਲੇ ਸਮਿਆਂ ਵਿਚ ਜਦ ਵੀ ਉਪ ਮੁੱਖ ਮੰਤਰੀ ਦਾ ਅਹੁਦਾ ਮੰਗਿਆ ਤਾਂ ਬਾਦਲ ਦਲ ਨੇ ਕੋਰਾ ਜਵਾਬ ਦੇ ਦਿਤਾ।
ਜਦ ਤੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਹੱਥੋਂ ਕਮਾਂਡ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਆਈ ਹੈ, ਉਦੋਂ ਤੋਂ ਤਾਂ ਭਾਜਪਾ ਦੇ ਸਿਆਸੀ ਹਿੱਤ ਸੂਬੇ ਵਿਚ ਬੁਰੀ ਤਰਾਂ ਪ੍ਰਭਾਵਿਤ ਹੋ ਰਹੇ ਹਨ। ਹੁਣ ਆਪਣਾ ਸਿਆਸੀ ਵਜਨ ਵਧਾਉਣ ਲਈ ਭਾਜਪਾ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸੰਨ੍ਹ ਲਾ ਲਈ ਹੈ। ਇਸ ਮੌਕੇ ਪੰਜਾਬ ਦੇ ਕਈ ਗੁਰਦਵਾਰਿਆਂ ਵਿਚ ਆਰ.ਐਸ.ਐਸ. ਭਾਜਪਾ ਦੀਆਂ ਸਰਗਰਮੀਆਂ ਚੱਲ ਰਹੀਆਂ ਹਨ ਜਿੰਨ੍ਹਾਂ ਨੂੰ ਰੋਕਣ-ਟੋਕਣ ਦੀ ਬਾਦਲਕਿਆਂ ਵਿਚ ਸਿਆਸੀ ਇੱਛਾ ਸ਼ਕਤੀ ਵੀ ਨਹੀ ਰਹੀ। ਅਕਾਲੀ ਵਰਕਰ ਤੇ ਅਹੁਦੇਦਾਰ ਬਾਦਲ ਦਲ ਦੀ ਲੀਡਰਸ਼ਿਪ ਵੱਲ ਵੇਖਦੇ ਹਨ ਪਰ ਉਪਰੋਂ ਕੋਈ ਹਦਾਇਤ ਨਹੀ ਮਿਲ ਰਹੀ ਜਿਸ ਕਰਕੇ ਭਾਜਪਾ/ਆਰ. ਐਸ. ਐਸ. ਦੀ ਜੁਰਅੱਤ ਵਧ ਰਹੀ ਹੈ। ਜਿਥੇ-ਜਿਥੇ ਵੀ ਭਾਜਪਾ/ਆਰ. ਐਸ. ਐਸ. ਦੀਆਂ ਸਰਗਰਮੀਆਂ ਦਾ ਪਤਾ ਲੱਗਦਾ ਹੈ, ਆਮ ਸਿਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਅਕਾਲੀ ਵਰਕਰਾਂ ਤੇ ਰੋਸ ਕਰਦੇ ਹਨ ਜਦ ਕਿ ਇਸ ਮਾਹੌਲ ਦਾ ਲਾਭ ਕੇਵਲ ਭਾਜਪਾ/ਆਰ. ਐਸ. ਐਸ. ਨੂੰ ਹੋ ਰਿਹਾ ਹੈ। ਬੇਵੱਸ ਤੇ ਲਾਚਾਰ ਹੁੰਦੀ ਜਾ ਰਹੀ ਬਾਦਲ ਦਲ ਦੀ ਲੀਡਰਸ਼ਿਪ ਭਾਜਪਾ/ਆਰ. ਐਸ. ਐਸ. ਸਾਹਮਣੇ ਨਿੱਸਲ ਹੁੰਦੀ ਜਾ ਰਹੀ ਹੈ। ਯਕੀਨਨ ਭਾਜਪਾ/ਆਰ. ਐਸ. ਐਸ. ਸਾਹਮਣੇ ਬਾਦਲਕਿਆਂ ਦਾ ਚਾਰੇ ਖਾਨੇ ਚਿੱਤ ਹੋਣਾ ਨਵੇਂ ਸਿਆਸੀ ਸਮੀਕਰਨ ਨੂੰ ਜਨਮ ਦੇਵੇਗਾ!

ਸਪਸ਼ਟ ਦਿਖਾਈ ਦੇ ਰਿਹਾ ਹੈ ਕਿ ਪੰਜਾਬ ਦੇ ਲੋਕਾਂ ਦੇ ਦਿਲ ਵਿਚ 'ਕਮਲ ਦਾ ਫੁੱਲ" ਬਿਰਾਜਮਾਨ ਕਰਨ ਲਈ ਸੰਵੇਦਨਸ਼ੀਲ ਤੇ ਭਾਵੁਕ ਮਸਲਿਆਂ ਬਾਰੇ ਭਾਜਪਾ/ਆਰ. ਐਸ. ਐਸ. ਵੱਲੋਂ ਬੜੇ ਅਹਿਮ ਐਲਾਨ/ਫੁਰਮਾਨ ਤੇ ਕੰਮ ਇੰਝ ਕੀਤੇ ਜਾਣਗੇ ਕਿ ਭਾਜਪਾ ਦੀ ਨਵੀਂ ਸਥਾਪਿਤ ਤੇ ਪ੍ਰਭਾਵਸ਼ਾਲੀ ਲੀਡਰਸ਼ਿਪ ਪੰਜਾਬ ਵਿਚ ਉਭਰ ਆਵੇ। ਭਾਜਪਾ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਕਾਂਗਰਸੀ/ਬਾਦਲ ਦਲੀਏ ਤੇ ਹੋਰ ਖੂੰਜੇ ਲੱਗੇ ਹੋਏ ਆਗੂਆਂ ਦੇ ਨਾਲ-ਨਾਲ ਸਿਖਾਂ ਵਿਚ ਵਕਾਰ ਤੇ ਆਧਾਰ ਰੱਖਦੇ ਸਮਾਜਿਕ-ਧਾਰਮਿਕ ਪਿਛੋਕੜ ਵਾਲੇ ਨਾਮਵਰ ਤੇ ਚਰਚਿਤ ਸਿਖਾਂ ਨੂੰ ਵੀ ਨਾਲ ਗੰਢਣ ਲਈ ਨਿਸ਼ਾਨੇ ਤੇ ਰੱਖਿਆ ਹੋਇਆ ਹੈ ਤੇ ਕਾਮਯਾਬੀ ਵੀ ਮਿਲ ਰਹੀ ਹੈ।ਜਿਹੜੇ ਸਿਆਸੀ ਖੇਤਰ ਵਿਚ ਵਿਚਰਦੇ ਆਗੂ ਬਾਦਲਕਿਆਂ ਨਾਲ ਖਹਿੰਦੇ ਰਹੇ ਹਨ,ਹੁਣ ਉਹ ਭਾਜਪਾ/ਆਰ. ਐਸ. ਐਸ. ਰਾਂਹੀ ਨਵੇਂ ਰੂਪ ਵਿਚ ਉਭਰ ਸਕਦੇ ਹਨ। ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਮੌਕੇ ਬਾਦਲ ਦਲ ਦੇ ਨਿਸ਼ਾਨ ਉਤੇ ਭਾਜਪਾ ਦੇ ਘੱਟੋ ਘੱਟ ਚਾਲ਼ੀ ਉਮੀਦਵਾਰ ਚੋਣ ਲੜ ਸਕਦੇ ਹਨ ਜਿਹੜੇ ਆਰ. ਐਸ. ਐਸ ਨਾਲ ਸਬੰਧਿਤ ਸਿਖ ਹੋਣਗੇ। ਕਾਂਗਰਸ ਨੂੰ ਪੰਜਾਬ ਵਿਚੋਂ ਪੂਰੇ ਮੁਲਕ ਵਾਂਗ ਅਗਲੀ ਵਿਧਾਨ ਸਭਾ ਚੋਣ ਮੌਕੇ ਹੂੰਝ ਦੇਣ ਦੇ ਏਜੰਡੇ ਤਹਿਤ ਬਾਦਲਕਿਆਂ ਨੂੰ ਕੰਡਕਟਰ ਸੀਟ ਤੇ ਬਿਠਾਕੇ ਭਾਜਪਾ ਦੀ ਲੀਡਰਸ਼ਿਪ ਡਰਾਈਵਰ ਸੀਟ ਮੱਲਕੇ ਗੱਡੀ ਭਜਾਉਣ ਲਈ ਜੋ ਕੁਝ ਕਰ ਰਹੀ ਹੈ ਉਹ ਸਾਡੇ ਲੋਕਾਂ ਲਈ ਬੜਾ ਨਿਵੇਕਲਾ ਹੈ। ਕਾਂਗਰਸੀਆਂ, ਬਾਦਲਕਿਆਂ, ਕਾਮਰੇਡਾਂ ਤੇ ਹੋਰਾਂ ਤੋਂ ਦੁਖੀ ਸਿਖਾਂ ਨੂੰ ਭਾਜਪਾ ਦੇ ਪੱਖ ਵਿਚ ਭੁਗਤਾਉਣ ਲਈ ਬੜੇ ਉਕਸਾਊ, ਲੁਭਾਵਣੇ ਤੇ ਠੋਸ ਏਜੰਡੇ ਦੇ ਨੁਕਤੇ ਆਮ ਬੰਦੇ ਦੇ ਪੈਰਾਂ ਹੇਠੋਂ ਜਮੀਨ ਕੱਢ ਦੇਣ ਵਾਲੇ ਹਨ। ਸਿਖਾਂ ਵਿਚ ਲੋਕ ਸਭਾ ਚੋਣ ਮੌਕੇ ਵੀ ਇਹ ਚਰਚਾ ਚੱਲਦੀ ਰਹੀ ਹੈ ਕਿ ਮੋਦੀ/ਭਾਜਪਾ ਨੇ ਪੰਜ ਸਾਲ ਕੋਈ ਐਹੋ ਜਿਹੀ ਗੱਲ ਨਹੀ ਕੀਤੀ ਜੋ ਸਿੱਖ ਹਿੱਤਾਂ ਤੇ ਸਿਖ ਜਜਬਾਤਾਂ ਦੇ ਉਲਟ ਹੋਵੇ ਅਤੇ ਜੋ ਕੁਝ ਸਿਖਾਂ ਨੂੰ ਦੁਖੀ ਕਰਨ ਵਾਲਾ ਵੀ ਵਾਪਰਿਆ ਹੈ ਉਹਦੀ ਜਿੰਮੇਵਾਰੀ ਸਿਰਫ ਤੇ ਸਿਰਫ ਬਾਦਲਕਿਆਂ ਦੇ ਸਿਰ ਪਾਈ ਜਾਵੇ। ਇਉਂ ਬਾਦਲਕਿਆਂ ਨੂੰ ਸਿਖ ਮਨਾਂ ਵਿਚ ਖਲਨਾਇਕ ਤੇ ਭਾਜਪਾ ਨੂੰ ਖਲਨਾਇਕ ਮੰਨਣ ਵਾਲੀ ਸਿਖ-ਬਿਰਤੀ ਨੂੰ ਕਾਂਗਰਸ ਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਰਣਨੀਤਕ ਤੌਰ ਤੇ ਭਾਜਪਾ ਨਾਲ ਮੇਲ-ਮਿਲਾਪ ਕਰਨਾ ਮਾੜਾ ਨਹੀ ਲੱਗਦਾ। ਜਿਹੜੇ ਸਿਖ ਆਗੂ ਬਾਦਲਕਿਆਂ ਦੇ ਪੰਥ-ਵਿਰੋਧੀ ਏਜੰਡੇ ਕਾਰਨ ਦੁਖੀ ਨੇ ਉਨ੍ਹਾਂ ਨੂੰ ਵੀ ਮਹਿਸੂਸ ਹੁੰਦਾ ਹੈ ਕਿ ਜੇ ਉਹ ਭਾਜਪਾ ਵਿਚ ਚਲੇ ਜਾਂਦੇ ਨੇ ਤਾਂ ਉਹ ਬਾਦਲ ਦਲ ਦੇ ਆਗੂਆਂ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰਨ ਵਾਲ਼ੀ ਸਥਿਤੀ ਵਿਚ ਹੋ ਜਾਣਗੇ, ਕਿਉਂਕਿ ਫੇਰ ਉਨ੍ਹਾਂ ਦਾ ਦਰਜਾ ਕੇਂਦਰ ਵਿਚ ਰਾਜ ਕਰਨ ਵਾਲ਼ੀ ਪਾਰਟੀ ਦੇ ਆਗੂ ਵਾਲ਼ਾ ਹੋਵੇਗਾ! ਭਾਜਪਾ ਦੇ ਏਸ ਏਜੰਡੇ ਦੀ ਸਾਰੀ ਬਣਤਰ ਤੇ ਰੂਪ ਰੇਖਾ ਖੁਫੀਆ ਅਪਰੇਸ਼ਨਾਂ ਦੇ ਮਾਹਿਰ ਅਜੀਤ ਡੋਭਾਲ, ਸਿਆਸੀ ਸਾਜਿਸ਼ਾਂ ਵਿਚ ਮਾਹਿਰ ਅਮਿਤ ਸ਼ਾਹ ਤੇ ਆਰ.ਐਸ ਐਸ ਦੀ ਕਮਾਂਡ ਹੇਠ ਜਦ ਅੱਗੇ ਵਧੇਗੀ ਤਾਂ ਯਕੀਨਨ ਬਾਦਲਕਿਆਂ ਦੇ ਹਿੱਤ ਪ੍ਰਭਾਵਿਤ ਹੋਣਗੇ ਪਰ ਬਾਦਲਕਿਆਂ ਦੀ ਸਿਆਸੀ ਸਥਿਤੀ ਹੁਣ ਬਿਲਕੁਲ ਹੇਠਲੇ ਦਰਜ਼ੇ ਦੀ ਹੈ। ਲੋਕ ਸਭਾ ਚੋਣਾਂ ਵਿਚ ਹਰਸਿਮਰਤ ਕੌਰ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਜਿੱਤ ਬਾਰੇ ਸ਼ਰੇਆਮ ਕਿਹਾ ਜਾ ਰਿਹਾ ਹੈ ਕਿ ਇਹ ਮੋਦੀ-ਲਹਿਰ ਦਾ ਜਲਵਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਜਿੰਨੀ ਕੁ ਵੋਟ ਪੰਜਾਬ ਵਿਚ ਬਾਦਲ ਦਲ ਤੇ ਭਾਜਪਾ ਦੇ ਉਮੀਦਵਾਰਾਂ ਨੂੰ ਪਈ ਹੈ,ਇਹਦਾ ਅੱਸੀ -ਨੱਬੇ ਪਰਸੈਂਟ ਮੋਦੀ-ਲਹਿਰ ਦਾ ਜਲਵਾ ਹੀ ਹੈ। ਮੋਦੀ-ਲਹਿਰ ਦੀ ਅਲੋਚਨਾ ਕਰਨ ਵਾਲਿਆਂ ਨੂੰ ਇਹ ਕਹਿ ਕੇ ਚੁਪ ਕਰਾਇਆ ਜਾਂਦਾ ਹੈ ਕਿ ਜੇ ਇਹ ਲਹਿਰ ਨਾ ਹੁੰਦੀ ਤਾਂ ਭਾਜਪਾ ਫੇਰ ਗੁਰਦਾਸਪੁਰ ਸੀਟ ਯਕੀਨਨ ਹਾਰਦੀ। ਇਹ ਹਕੀਕਤ ਹੈ ਕਿ ਬਾਦਲਕਿਆਂ ਨੇ ਪੰਥਕ ਏਜੰਡਾ ਤਿਆਗ ਕੇ ਆਪਣੇ ਰਵਾਇਤੀ ਵੋਟ-ਬੈਂਕ ਨੂੰ ਗਵਾ ਲਿਆ ਹੈ ਪਰ ਪਿਛਲੇ ਦਸ-ਪੰਦਰਾਂ ਸਾਲਾਂ ਦੌਰਾਨ ਪੰਜਾਬ ਵਿਚ ਭਾਜਪਾ ਨੇ ਕਾਂਗਰਸ ਦੇ ਮੁਕਾਬਲੇ ਆਪਣਾ ਵੋਟ-ਬੈਂਕ ਮਜਬੂਤ ਕਰ ਲਿਆ ਹੈ ਜਿਹੜਾ ਹੁਣ ਮੋਦੀ ਲਹਿਰ ਦੌਰਾਨ ਕਈ ਸੀਟਾਂ ਉਤੇ ਬਾਦਲਕਿਆਂ ਦੇ ਉਮੀਦਵਾਰਾਂ ਦੇ ਕੰਮ ਆਇਆ। ਪੰਜਾਬ ਵਿਚ ਬਾਦਲਕਿਆਂ ਦੀ ਸਿਆਸੀ ਹਮਾਇਤ ਬਹੁਤ ਬੁਰੀ ਤਰ੍ਹਾਂ ਖੁਰ ਗਈ ਹੈ ਤੇ ਉਸਦੇ ਮੁਕਾਬਲੇ ਭਾਜਪਾ ਦਾ ਕੱਦ ਵਧਿਆ ਹੈ। ਜਿਸ ਕਮਲ ਦੇ ਫੁਲ ਨੂੰ 1990 ਦੇ ਦਹਾਕੇ ਵਿਚ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਕੋਈ ਜਾਣਦਾ ਨਹੀ ਸੀ, ਹੁਣ ਇਸ ਚੋਣ-ਨਿਸ਼ਾਨ ਨੇ ਹਰ ਥਾਂ ਆਪਣਾ ਜਲਵਾ ਦਿਖਾਉਣਾ ਸ਼ੁਰੂ ਕੀਤਾ ਹੋਇਆ ਹੈ। ਪਿਛਲੇ ਤਿੰਨ-ਚਾਰ ਸਾਲ, ਮੋਦੀ ਸਰਕਾਰ ਦੇ ਸਖਤ ਫੈਸਲਿਆਂ ਦੀ ਤਿਖੀ ਅਲੋਚਨਾ ਵਾਲਾ ਮਾਹੌਲ ਮੋਦੀ ਲਹਿਰ ਨੇ ਹੂੰਝ ਦਿੱਤਾ ਤੇ ਹੁਣ ਬਿਲਕੁਲ ਸਥਿਤੀ ਬਦਲ ਗਈ ਹੈ। ਪੰਜਾਬ ਵਿਚ ਭਾਜਪਾ/ਆਰ ਐਸ ਐਸ ਦੀ ਪਕੜ ਦਾ ਮਜਬੂਤ ਹੋਣਾ ਸਿੱਖ ਹਿੱਤਾਂ ਲਈ ਬੇਹਦ ਘਾਤਕ ਹੈ। ਕਾਂਗਰਸ ਨੂੰ ਨਰਮ ਹਿੰਦੂਤਵ ਦੀ ਝੰਡਾਬਰਦਾਰ ਕਿਹਾ ਜਾਂਦਾ ਹੈ ਜਿਸ ਨੇ ਸਿਖਾਂ ਦੀ ਸ਼ਰੇਆਮ ਨਸਲਕੁਸ਼ੀ ਕੀਤੀ ਹੈ ਤੇ ਹੁਣ ਤਾਂ ਗਰਮ ਹਿੰਦੂਤਵ ਵਾਲੀ ਭਾਜਪਾ ਮਜਬੂਤ ਹੋ ਰਹੀ ਹੈ।

ਪਰ ਪੰਜਾਬ ਤੇ ਸਿਖ ਕਿੱਧਰ ਜਾਣ? ਬਾਦਲਕਿਆਂ, ਕਾਂਗਰਸੀਆਂ, ਭਾਜਪਾਈਆਂ ਤੇ ਹੋਰਾਂ ਨੇ ਪੰਥ ਤੇ ਪੰਜਾਬ ਬਾਰੇ ਜੋ ਨੀਤੀ ਰੱਖੀ ਹੋਈ ਹੈ ਉਹ ਬੇਹੱਦ ਘਾਤਕ ਹੈ ਤੇ ਇਕੋ ਜਿਹੀ ਹੀ ਹੈ। ਬਾਕੀ ਦਲ ਪੰਥ ਤੇ ਪੰਜਾਬ ਦੇ ਰਾਖੇ ਬਨਣ ਦੀ ਬਜਾਇ ਆਪਦੀ ਪਛਾਣ "ਬਾਦਲ-ਵਿਰੋਧੀ" ਤੱਕ ਸੀਮਿਤ ਕਰੀ ਬੈਠੇ ਹਨ। ਇਹ ਸਾਰੇ ਓਸ ਬਾਦਲ ਦਲ ਨੂੰ ਢਹਿ-ਢੇਰੀ ਕਰਨ ਤੇ ਹਰਾਉਣ ਲਈ ਯਤਨਸ਼ੀਲ ਨੇ ਜਿਸ ਨੂੰ ਹੁਣ ਭਾਜਪਾ ਵੀ ਘੇਰ ਕੇ ਖੁੱਡੇ ਵਿਚ ਵਾੜਨ ਲਈ ਯਤਨਸ਼ੀਲ ਹੈ। ਇੰਨ੍ਹਾਂ ਦਲਾਂ ਨੂੰ ਬਾਦਲ ਦਲ ਹੀ ਕਾਂਗਰਸ ਤੇ ਭਾਜਪਾ ਨਾਲੋਂ ਵੱਡਾ ਦੁਸ਼ਮਣ ਜਾਪਦਾ ਹੈ। ਜਿਹੜੇ ਬਾਦਲ ਦਲ ਨੂੰ ਪਾਰ ਕਰਨ ਜੋਗੇ ਨਹੀ ਹੋ ਸਕੇ ਉਹ ਕਾਂਗਰਸ-ਭਾਜਪਾ ਨਾਲ ਕਿਵੇਂ ਮੱਥਾ ਲਾਉਣਗੇ? ਇਸ ਸਿਆਸੀ ਖਲਜਗਣ ਵਿਚ ਸਿਖ ਕੌਮ ਦੇ ਹੱਕਾਂ ਤੇ ਹਿੱਤਾਂ ਦਾ ਨੁਕਸਾਨ ਹੋਣ ਤੋਂ ਕੌਣ ਤੇ ਕਿਵੇਂ ਬਚਾਊ, ਇਹ ਸਵਾਲ ਬਰਕਰਾਰ ਹੈ। ਖਾਲਿਸਤਾਨੀ ਜੁਝਾਰੂਆਂ ਨੇ ਆਪਦੀ ਪਾਰੀ ਖੇਡ ਲਈ ਹੈ ਤੇ ਹੁਣ ਜਨਤਕ ਤੌਰ ਤੇ ਵਿਚਰਦੇ ਖਾਲਿਸਤਾਨੀ ਵੀ ਦਿਨੋ ਦਿਨ ਕਸੂਤੀ ਸਥਿਤੀ ਵਿਚ ਫਸਦੇ ਦਿਖ ਰਹੇ ਹਨ। ਪੰਥ-ਪ੍ਰਸਤ ਸੋਚ ਵਾਲਿਆਂ ਉਨ੍ਹਾਂ ਸਿਖ ਆਗੂਆਂ ਦੀ ਸਥਿਤੀ ਵੀ ਕੋਈ ਬਹੁਤੀ ਵਧੀਆ ਨਹੀ ਜਿਹੜੇ ਖਾਲਿਸਤਾਨੀ ਸੋਚ ਨਾਲ ਸਹਿਮਤ ਨਹੀ ਪਰ ਉਂਝ ਖਾਲਿਸਤਾਨੀ ਧਿਰਾਂ ਤੇ ਆਗੂਆਂ ਨਾਲ ਮੇਲ-ਮਿਲਾਪ ਰੱਖਦੇ ਹਨ। ਸਿੱਖ ਸਮਾਜ ਵਿਚ ਪਾਟੋਧਾੜ, ਵੰਡੀਆਂ, ਤਕਰਾਰ ਤੇ ਟਕਰਾਅ ਐਨੇ ਜਿਆਦਾ ਵਧ ਗਏ ਹਨ ਕਿ ਭਾਜਪਾ, ਆਰ ਐਸ ਐਸ ਵਰਗੀਆਂ ਜਮਾਤਾਂ ਲਈ ਬੇਹੱਦ ਮੌਕਾ ਹੈ। ਇਸ ਮੌਕੇ ਪੰਥ ਤੇ ਪੰਜਾਬ ਨੂੰ ਇਕ ਈਮਾਨਦਾਰ ਤੇ ਮਜਬੂਤ ਲੀਡਰਸ਼ਿਪ ਦੀ ਲੋੜ ਹੈ ਜਿਹੜੀ ਭ੍ਰਿਸ਼ਟ, ਲਾਲਚ ਤੇ ਹੋਰ ਮਾਰੂ ਰੁਝਾਨਾਂ ਤੋਂ ਮੁਕਤ ਹੋਵੇ। ਇਹੋ ਜਿਹੀ ਆਦਰਸ਼ਕ ਲੀਡਰਸ਼ਿਪ ਕਿਤੇ ਦਿਸਦੀ ਨਹੀ।

## ਓਕ ਕਰੀਕ ਗੁਰਦੁਆਰਾ ਗੋਲੀਕਾਂਡ ਦੀ ਸੱਤਵੀ ਬਰਸੀ ਮਨਾਈ

**ਵਾਸ਼ਿੰਗਟਨ/ਏਟੀ ਨਿਊਜ਼ :** ਓਕ ਕਰੀਕ ਗੁਰਦੁਆਰੇ ਵਿਚ ਗੋਲੀਬਾਰੀ ਦੀ ਘਟਨਾ ਦੀ ਸੱਤਵੀਂ ਬਰਸੀ 'ਤੇ ਅਮਰੀਕਾ ਦੇ ਅੱਧੀ ਦਰਜਨ ਤੋਂ ਵੱਧ ਕਾਨੂੰਨਸਾਜ਼ਾਂ ਨੇ ਸਖ਼ਤ ਬੰਦੂਕ ਕੰਟਰੋਲ ਕਾਨੂੰਨ ਦੀ ਮੰਗ ਕਰਦਿਆਂ ਨਫ਼ਰਤੀ ਅਪਰਾਧਾਂ ਖ਼ਿਲਾਫ਼ ਕੰਮ ਕਰਨ ਦਾ ਅਹਿਦ ਲਿਆ ਹੈ। ਜ਼ਿਕਰਯੋਗ ਹੈ ਕਿ ਓਕ ਕਰੀਕ ਵਿਚ 5 ਅਗਸਤ 2012 ਨੂੰ ਇਕ ਵਿਅਕਤੀ ਨੇ ਗੁਰਦੁਆਰੇ ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਛੇ ਵਿਅਕਤੀਆਂ ਦੀ ਜਾਨ ਲੈ ਲਈ ਸੀ। ਭਾਰਤ-ਅਮਰੀਕੀ ਕਾਂਗਰਸਮੈਨ ਰੋ ਖੰਨਾ, ਪ੍ਰਮਿਲਾ ਜਯਾਪਾਲ, ਟੀ ਜੇ ਕੌਕਸ, ਜੂਡੀ ਚੂ, ਗਰੇਸ ਮੇਂਗ ਆਦਿ ਨੇ ਕਿਹਾ ਕਿ ਸੱਤ ਸਾਲ ਪਹਿਲਾਂ ਗੁਰਦੁਆਰੇ ਵਿਚ ਇਕ ਮੂਰਖ ਵਿਅਕਤੀ ਨੇ ਹਿੰਸਾ ਕਰਕੇ ਛੇ ਬੇਕਸੂਰ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕਿਸੇ ਵੀ ਧਰਮ ਦੇ ਵਿਅਕਤੀ ਖ਼ਿਲਾਫ਼ ਹਮਲੇ ਦੀ ਸਖ਼ਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

## ਛੇ ਕਾਨੂੰਨਸਾਜ਼ਾਂ ਦੇ ਗੁੱਟ ਵਲੋਂ ਅਮਰੀਕੀ ਕਾਂਗਰਸ ਵਿਚ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਵਾਲਾ ਮਤਾ ਪੇਸ਼

**ਵਾਸ਼ਿੰਗਟਨ/ਏਟੀ ਨਿਊਜ਼ :** ਛੇ ਕਾਨੂੰਨਸਾਜ਼ਾਂ ਦੇ ਗੁੱਟ ਨੇ ਅਮਰੀਕਾ ਵਿਚ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਵਾਲਾ ਮਤਾ ਕਾਂਗਰਸ ਵਿਚ ਪੇਸ਼ ਕੀਤਾ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਸਿੱਖਾਂ ਨੇ ਧਰਮ ਅਤੇ ਸੇਵਾ ਨਾਲ ਸਾਰੇ ਲੋਕਾਂ ਵਿਚਕਾਰ ਸਨਮਾਨ ਹਾਸਲ ਕਰਕੇ ਆਪਣੀ ਵੱਖਰੀ ਪਛਾਣ ਬਣਾਈ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਉਹ ਅਮਰੀਕਾ ਅਤੇ ਦੁਨੀਆ ਭਰ ਵਿਚ ਸਿੱਖਾਂ ਨਾਲ ਹੋਏ ਵਿਤਕਰੇ ਨੂੰ ਸਵੀਕਾਰਦੇ ਹਨ। ਮਤੇ ਮੁਤਾਬਕ ਭਗਤ ਸਿੰਘ ਥਿੰਦ ਨੇ ਵਿਸ਼ਵ ਜੰਗਾਂ ਦੌਰਾਨ ਅਮਰੀਕਾ ਦੀ ਫ਼ੌਜ ਵੱਲੋਂ ਜੰਗ ਲੜੀ ਅਤੇ ਦਲੀਪ ਸਿੰਘ ਸੌਂਦ ਪਹਿਲਾ ਏਸ਼ਿਆਈ ਅਮਰੀਕੀ ਕਾਂਗਰਸਮੈਨ ਸੀ ਜੋ ਸੰਨ 1957 ਵਿਚ ਸੰਸਦ ਲਈ ਚੁਣਿਆ ਗਿਆ। ਅਮਰੀਕਨ ਸਿੱਖ ਕਾਂਗਰਸ ਕੌਕਸ ਦੇ ਉਪ ਚੇਅਰਮੈਨ ਟੀ ਜੇ ਕੌਕਸ, ਜੌਹਨ ਗਾਰਮੇਂਡੀ, ਹੇਲੀ ਸਟੀਵਨਜ਼, ਟੇਡ ਯੋਹੋ ਅਤੇ ਜ਼ੋਇ ਲੋਫਗਰੇਨ ਨੇ ਸਿੱਖਾਂ ਦੀ ਸ਼ਲਾਘਾ ਕੀਤੀ ਹੈ।

## ਅੰਮ੍ਰਿਤਸਰ ਜੇਲ੍ਹ 'ਚ ਕੈਦੀ ਤੇ ਹਵਾਲਾਤੀ ਕਾਲੇ ਪੀਲੀਆ ਤੋਂ ਪੀੜਤ

**ਅੰਮ੍ਰਿਤਸਰ/ਏਟੀ ਨਿਊਜ਼ :** ਇੱਥੇ ਕੇਂਦਰੀ ਜੇਲ੍ਹ ਵਿਚ ਵੱਡੀ ਗਿਣਤੀ ਵਿਚ ਕੈਦੀ ਤੇ ਹਵਾਲਾਤੀ ਹੈਪੇਟਾਈਟਸ-ਸੀ ਦੇ ਰੋਗੀ ਪਾਏ ਗਏ ਹਨ, ਜਿਨ੍ਹਾਂ ਦਾ ਸਿਵਲ ਹਸਪਤਾਲ ਵਿਚ ਇਲਾਜ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਸਥਾਨਕ ਕੇਂਦਰੀ ਜੇਲ੍ਹ ਵਿੱਚ ਇਸ ਵੇਲੇ 3500 ਕੈਦੀਆਂ ਵਿਚੋਂ ਲਗਪਗ 300 ਕੈਦੀ ਤੇ ਹਵਾਲਾਤੀ ਇਸ ਰੋਗ ਨਾਲ ਪੀੜਤ ਪਾਏ ਗਏ ਹਨ। ਖ਼ੂਨ ਵਿਚਲੀ ਇਹ ਇਨਫੈਕਸ਼ਨ ਇਕ ਸਰਿੰਜ ਦੀ ਵਰਤੋਂ ਕਾਰਨ ਵੀ ਹੋ ਸਕਦੀ ਹੈ। ਜੇਲ੍ਹ ਵਿੱਚ ਕਈ ਨਸ਼ੇ ਦੇ ਆਦੀ ਵੀ ਬੰਦ ਹਨ।

## ਪੁਲੀਸ ਅਧਿਕਾਰੀ ਅਤੇ ਦੋ ਗੱਭਰੂ ਕਰੋੜਾਂ ਦੀ ਹੈਰੋਇਨ ਸਮੇਤ ਕਾਬੂ

**ਲੁਧਿਆਣਾ/ਏਟੀ ਨਿਊਜ਼ :** ਸਪੈਸ਼ਲ ਟਾਸਕ ਫੋਰਸ ਦੀ ਲੁਧਿਆਣਾ ਟੀਮ ਨੇ ਪੰਜਾਬ ਪੁਲੀਸ ਦੇ ਮੁਨਸ਼ੀ ਸਮੇਤ 2 ਕਾਰ ਸਵਾਰ ਨੌਜਵਾਨਾਂ ਅਮਨਦੀਪ ਸਿੰਘ ਮੇਲੀ ਵਿਕਾਸ ਕੁਮਾਰ ਵਾਸੀ ਰਿਸ਼ੀ ਨਗਰ ਨੂੰ 400 ਗ੍ਰਾਮ ਹੈਰੋਇਨ ਜੋ ਕਰੋੜਾਂ ਰੁਪਏ ਕੀਮਤ ਦੀ ਹੈ, ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਨੌਜਵਾਨਾਂ ਦੀ ਸ਼ਨਾਖਤ ਵਾਸੀ ਨਿਊ ਕਿਦਵਾਈ ਨਗਰ ਅਤੇ ਵਜੋਂ ਹੋਈ ਹੈ। ਪੁਲੀਸ ਅਨੁਸਾਰ ਮੁਨਸ਼ੀ ਗਗਨਦੀਪ ਸਿੰਘ 8 ਸਾਲ ਪਹਿਲਾਂ ਹੀ ਪੰਜਾਬ ਪੁਲੀਸ ਵਿੱਚ ਬਤੌਰ ਸਿਪਾਹੀ ਭਰਤੀ ਹੋਇਆ ਸੀ ਅਤੇ 7-8 ਮਹੀਨੇ ਪਹਿਲਾਂ ਹੀ ਮੁਨਸ਼ੀ ਲੱਗਾ ਸੀ। ਉਨ੍ਹਾਂ ਦੱਸਿਆ ਕਿ ਉਕਤ ਖ਼ਿਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸਿੱਖ ਬੱਸ ਡਰਾਈਵਰ ਨੂੰ ਪੁਲਸੀਏ ਨੇ ਕੇਸਾਂ ਤੋਂ ਫੜ ਕੇ ਧੂਹਿਆ

**ਅੰਮ੍ਰਿਤਸਰ/ਏਟੀ ਨਿਊਜ਼ :** ਇਥੋਂ ਦੇ ਖਲਚੀਆਂ ਪਿੰਡ ਨੇੜੇ ਪੰਜਾਬ ਰੋਡਵੇਜ਼ ਦੇ ਸਿੱਖ ਡਰਾਈਵਰ ਨਾਲ ਇਕ ਪੁਲਿਸ ਮੁਲਾਜ਼ਮ ਨੇ ਧੱਕਾਮੁੱਕੀ ਕੀਤੀ। ਮਿਲੀ ਜਾਣਕਾਰੀ ਮੁਤਾਬਕ ਇਸ ਪੁਲਿਸ ਵਾਲੇ ਨੇ ਚੱਲਦੀ ਬੱਸ ਤੋਂ ਡਰਾਈਵਰ ਨੂੰ ਘੜੀਸ ਕੇ ਥੱਲੇ ਉਤਾਰਿਆ। ਇਸ ਦੌਰਾਨ ਡਰਾਈਵਰ ਨੂੰ ਕੇਸਾਂ ਤੋਂ ਫੜ ਲਿਆ, ਜਿਸ ਕਾਰਨ ਉਸ ਦੀ ਦਸਤਾਰ ਉੱਤਰ ਗਈ। ਇਸ ਪਿੱਛੋਂ ਲੋਕ ਭੜਕ ਗਏ ਤੇ ਪੁਲਿਸ ਵਾਲੇ ਨੂੰ ਫੜ ਲਿਆ। ਬਿਆਨਾਂ ਦੇ ਆਧਾਰ ਉੱਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਬੱਸ ਪਹਿਲਾਂ ਹੀ ਭਰੀ ਹੋਈ ਸੀ ਤੇ ਇਹ ਪੁਲਿਸ ਵਾਲਾ ਬੱਸ ਵਿਚ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਬੱਸ ਨਾ ਰੋਕੀ ਤਾਂ ਪੁਲਿਸ ਵਾਲੇ ਨੇ ਚੱਲ਼ਦੀ ਬੱਸ ਵਿਚੋਂ ਡਰਾਈਵਰ ਨੂੰ ਕੇਸਾਂ ਤੋਂ ਫੜ ਲਿਆ।

## ਰਿਲਾਇੰਸ ਇੰਡਸਟਰੀ ਜੰਮੂ-ਕਸ਼ਮੀਰ ਵਿਚ ਵੱਡਾ ਨਿਵੇਸ਼ ਕਰੇਗੀ

**ਨਵੀਂ ਦਿੱਲੀ/ਏਟੀ ਨਿਊਜ਼ :** ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਕਿਹਾ ਹੈ ਕਿ ਜੰਮੂ ਕਸ਼ਮੀਰ ਅਤੇ ਲੱਦਾਖ਼ ਵਿਚ ਵਿਕਾਸ ਕੰਮ ਲਈ ਕੰਪਨੀ ਵਿਸ਼ੇਸ਼ ਵਰਕਫ਼ੋਰਸ ਯਾਨੀ ਕਾਰਜ ਦਲ ਦਾ ਗਠਨ ਕਰੇਗੀ। ਕੰਪਨੀ ਦੀ 42ਵੀਂ ਸਾਲਾਨਾ ਆਮ ਸਭਾ ਨੂੰ ਸੰਬੋਧਤ ਕਰਦਿਆਂ ਅੰਬਾਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜੰਮੂ ਕਸ਼ਮੀਰ ਅਤੇ ਲੱਦਾਖ਼ ਦੇ ਵਿਕਾਸ ਲਈ ਕੀਤੀ ਗਈ ਅਪੀਲ ਨੂੰ ਧਿਆਨ ਵਿਚ ਰਖਦਿਆਂ ਅਸੀਂ ਜੰਮੂ ਕਸ਼ਮੀਰ ਅਤੇ ਲੱਦਾਖ਼ ਦੇ ਲੋਕਾਂ ਨੂੰ ਸਾਰੀਆਂ ਵਿਕਾਸ ਲੋੜਾਂ ਵਿਚ ਮਦਦ ਲਈ ਪ੍ਰਤੀਬੱਧ ਹੈ।

## ਕਸ਼ਮੀਰੀ ਲੜਕੀਆਂ ਦੀ ਸੁਰੱਖਿਆ ਲਈ ਸ਼੍ਰੋਮਣੀ ਕਮੇਟੀ ਵਚਨਬੱਧ

**ਅੰਮ੍ਰਿਤਸਰ/ਏਟੀ ਨਿਊਜ਼ :** ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਏ ਜਾਣ ਮਗਰੋਂ ਵੱਖ-ਵੱਖ ਥਾਵਾਂ 'ਤੇ ਰਹਿ ਰਹੀਆਂ ਕਸ਼ਮੀਰ ਦੀਆਂ ਲੜਕੀਆਂ ਦੀ ਸੁਰੱਖਿਆ ਲਈ ਸ਼੍ਰੋਮਣੀ ਕਮੇਟੀ ਅੱਗੇ ਆਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕਸ਼ਮੀਰ ਦੀਆਂ ਜਿਹੜੀਆਂ ਵੀ ਬੱਚੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਸਾਹਿਬਾਨ ਅਤੇ ਵਿਦਿਅਕ ਅਦਾਰਿਆਂ ਵਿਚ ਆਉਣਗੀਆਂ, ਉਨ੍ਹਾਂ ਦੀ ਸੁਰੱਖਿਆ ਦਾ ਪੁਖ਼ਤਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਨ੍ਹਾਂ ਲੜਕੀਆਂ ਨੂੰ ਆਪੋ-ਆਪਣੇ ਘਰਾਂ ਤਕ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਪ੍ਰਬੰਧ ਕਰੇਗੀ।

ਅੰਮ੍ਰਿਤਸਰ ਟਾਈਮਜ਼ AMRITSAR TIMES
14 ਅਗਸਤ 2019 ਤੋਂ 20 ਅਗਸਤ 2019

# ਭਾਰਤ ’ਚ ਮਜ਼ਹਬੀ ਨਫਰਤ ਅਤੇ ਸਿੱਖ

**-ਮਨਜੀਤ ਸਿੰਘ ਟਿਵਾਣਾ**

ਭਾਰਤ ਵਿਚ ਹਰ ਪਾਸੇ ਧਾਰਮਿਕ ਕੱਟੜਤਾ ਦਾ ਜਨੂੰਨ ਸਿਰ ਚੜ੍ਹ ਕੇ ਬੋਲ ਰਿਹਾ ਹੈ। ਉਂਝ ਤਾਂ ਇਥੇ ਇਹ ਮਾਹੌਲ ਮੁਖਰ ਰੂਪ ਵਿਚ, ਸਾਲ 2014 ਵਿਚ, ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਬਣਨਾ ਸ਼ੁਰੂ ਹੋ ਗਿਆ ਸੀ ਪਰ ਇਸ ਸਾਲ ਉਕਤ ਸਰਕਾਰ ਦੇ ਦੁਬਾਰਾ ਸੱਤਾਸੀਨ ਹੋਣ ਤੋਂ ਬਾਅਦ ਇਹ ਚਰਮਸੀਮਾ ਨੂੰ ਛੂਹ ਰਿਹਾ ਹੈ। ਜੇ ਗਹਿਰਾਈ ਵਿਚ ਜਾ ਕੇ ਇਸ ਮਾਹੌਲ ਦਾ ਮੁਤਾਲਿਆ ਕੀਤਾ ਜਾਵੇ, ਤਾਂ ਇਸ ਨਫਰਤ ਦੇ ਬੀਜ ਸਦੀਆਂ ਪੁਰਾਣੀ ਇਕ ਗੈਰ-ਬਰਾਬਰੀ ਵਾਲੀ, ਅਮਾਨਵੀ, ਆਡੰਬਰੀ ਤੇ ਝੂਠ-ਫਰੇਬ ਦੀਆਂ ਕੂੜ ਕਹਾਣੀਆਂ ਨਾਲ ਭਰੀ ਜਾਹਿਲ ਕਿਸਮ ਦੀ ਮਾਨਸਿਕਤਾ ਦੇ ਨਾਲ-ਨਾਲ ਬੁੱਤ-ਪ੍ਰਸਤਾਂ ਤੇ ਬੁੱਤ-ਸ਼ਿਕਨਾਂ ਦੇ ਵਿਚਾਰਧਾਰਕ ਤੇ ਸਿਧਾਂਤਕ ਟਕਰਾਅ ਵਿਚ ਪਏ ਹਨ। ਹਾਲ ਹੀ ਵਿਚ ਭਾਰਤ ਦੇ ਇਕ ਸਰਹੱਦੀ ਖਿੱਤੇ ਜੰਮੂ-ਕਸ਼ਮੀਰ ਨਾਲ ਸਬੰਧਿਤ, ਭਾਰਤੀ ਸੰਵਿਧਾਨ ਵਿਚ ਦਰਜ ਵਿਸ਼ੇਸ਼ ਧਾਰਾਵਾਂ 370 ਤੇ 35-ਏ ਨੂੰ ਮੋਦੀ ਸਰਕਾਰ ਵੱਲੋਂ ਧੱਕੇਸ਼ਾਹੀ ਵਰਤ ਕੇ ਤੋੜ ਦੇਣ ਕਾਰਨ ਇਹ ਨਫਰਤ ਦਾ ਮਾਹੌਲ ਵਿਸਫੋਟਕ ਰੂਪ ਧਾਰਨ ਕਰ ਗਿਆ ਹੈ।

ਭਾਰਤ ਵਿਚ ਸੱਤਾਧਾਰੀ ਭਾਜਪਾ ਤੇ ਆਰਐਸਐਸ ਦੀ ਦੇਸ਼ ਦੀਆਂ ਘੱਟ ਗਿਣਤੀਆਂ ਪ੍ਰਤੀ ਜ਼ਹਿਰੀਲੀ ਸੋਚ ਵਾਰ-ਵਾਰ ਪ੍ਰਗਟ ਹੋਈ ਹੈ। ਆਰਐਸਐਸ ਦੀਆਂ ਸਮਰਥਕ ਤਮਾਮ ਜਥੇਬੰਦੀਆਂ ਦੇ ਆਗੂ ਤੇ ਵਰਕਰ ਆਪਣੀ ਤੁਅੱਸਬੀ ਤੇ ਨਫਰਤ ਭਰੀ ਸੋਚ ਦਾ ਅਕਸਰ ਹੀ ਬੋਲ ਕੇ ਤੇ ਅਮਲੀ ਰੂਪ ਵਿਚ ਹਿੰਸਾ ਕਰ ਕੇ ਪ੍ਰਗਟਾਵਾ ਕਰਦੇ ਆ ਰਹੇ ਹਨ। ਉਹ ਘੱਟ ਗਿਣਤੀਆਂ ਦੀਆਂ ਧੀਆਂ-ਭੈਣਾਂ ਲਈ ਭੱਦੀ ਤੋਂ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਮੁੱਖ ਮੰਤਰੀ ਵਰਗੇ ਅਹਿਮ ਅਹੁਦੇ ‘ਤੇ ਬੈਠੇ ਖੱਟਰ ਵਰਗਿਆਂ ਵੱਲੋਂ ਕਸ਼ਮੀਰੀ ਧੀਆਂ-ਭੈਣਾਂ ਲਈ ਭੱਦੀ ਸ਼ਬਦਾਵਲੀ ਵਰਤੀ ਗਈ ਹੈ। ਇਸ ਤੋਂ ਵੀ ਅੱਗੇ ਵਧ ਕੇ ਉਹ ਆਪਣੇ ਖੁਦ ਦੇ ਭਾਈਚਾਰੇ ਦੇ ਘੱਟ ਗਿਣਤੀਆਂ ਪ੍ਰਤੀ ਉਦਾਰ ਤੇ ਸੱਚ ਨੂੰ ਸੱਚ ਕਹਿਣ ਦੀ ਹਿੰਮਤ ਕਰਨ ਵਾਲੇ ਪੱਤਰਕਾਰਾਂ, ਸਾਹਿਤਕਾਰਾਂ, ਵਿਦਵਾਨਾਂ ਤੇ ਸਿਆਸੀ ਆਗੂਆਂ ਪ੍ਰਤੀ ਵੀ ਘਿਨਾਉਣੀਆਂ ਤੇ ਨਿੱਜੀ ਟਿੱਪਣੀਆਂ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਉਹ ਸੋਸ਼ਲ ਮੀਡੀਆ ਅਤੇ ਸ਼ਰੇਆਮ ਸਟੇਜਾਂ ਤੋਂ ਗੈਰ-ਹਿੰਦੂਆਂ ਦੀਆਂ ਤੇ ਘੱਟ ਗਿਣਤੀਆਂ ਦੇ ਪੱਖ ਵਿਚ ਬੋਲਣ ਵਾਲਿਆਂ ਦੀਆਂ ਕੁੜੀਆਂ ਚੁੱਕ ਲੈ ਜਾਣ, ਜਾਨੋਂ ਮਾਰ ਦੇਣ ਜਾਂ ਦੇਸ਼ ਛੱਡ ਕੇ ਚਲੇ ਜਾਣ ਦੀਆਂ ਧਮਕੀਆਂ ਦਿੰਦੇ ਹਨ। ਉਹ ਅਜਿਹਾ ਸਭ ਬਹੁਗਿਣਤੀ ਹਿੰਦੂਆਂ ਦੇ ਉਨ੍ਹਾਂ ਜਨੂੰਨੀ ਲੋਕਾਂ ਨੂੰ ਉਕਸਾਉਣ ਲਈ ਕਰਦੇ ਹਨ, ਜੋ ਕਿੰਨੀ ਹੀ ਵਾਰ ਹਕੀਕਤ ਵਿਚ ਅਜਿਹਾ ਅੰਜ਼ਾਮ ਵੀ ਦੇ ਚੁੱਕੇ ਹਨ।

ਅਜਿਹੇ ਦੌਰ ‘ਚ ਸਿੱਖ ਕੌਮ ਇਹਨਾਂ ਦੋਵੇਂ ਧਿਰਾਂ ਵਿਚਾਲੇ ਬੇਲਾਗ ਵਿਚਰਦੀ ਹੋਈ, ਆਪਣੇ ਧਰਮ ਦੀਆਂ ਉਚੀਆਂ ਤੇ ਸੁੱਚੀਆਂ ਪਰੰਪਰਾਵਾਂ ਉਤੇ ਪਹਿਰਾ ਦੇਣ ਵੇਲੇ, ਸਹਿਵਨ ਹੀ ਕਦੇ ਬੁੱਤ-ਸ਼ਿਕਨਾਂ ਦੇ ਅਤੇ ਕਦੇ ਬੁੱਤ-ਪ੍ਰਸਤਾਂ ਦੇ ਨਿਸ਼ਾਨੇ ਉਤੇ ਆ ਜਾਂਦੀ ਹੈ। ਇਤਿਹਾਸ ਦੇ ਇਕ ਦੌਰ ਵਿਚ ਹਿੰਦੂਆਂ ਉਤੇ ਮੁਗਲਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦਾ ਮਾਨਵੀ ਅਧਾਰ ਉਤੇ ਵਿਰੋਧ ਕਰਨ ਉਤੇ ਸਿੱਖ ਕੌਮ ਨੂੰ ਬਹੁਤ ਭਾਰੀ ਜਾਨੀ ਤੇ ਮਾਲੀ ਨੁਕਸਾਨ ਉਠਾਉਣਾ ਪਿਆ। ਇਤਿਹਾਸ ਦੇ ਉਸ ਦੌਰ ਦਾ ਇਹ ਵੀ ਸੱਚ ਰਿਹਾ ਕਿ “ਚਾਣਕਿਆਵਾਦੀਆਂ” ਤੇ “ਮਨੂਵਾਦੀਆਂ” ਦਾ ਵੱਡਾ ਹਿੱਸਾ ਉਸ ਵੇਲੇ ਵੀ, ਮੁਗਲਾਂ ਨਾਲ ਗੰਢਤੁੱਪ ਕਰ ਕੇ ਨਾ-ਸਿਰਫ ਸਿੱਖਾਂ ਉਤੇ ਜ਼ੁਲਮਾਂ ਵਿਚ ਭਾਗੀਦਾਰ ਰਿਹਾ, ਸਗੋਂ ਆਪਣੇ ਕਥਿਤ ਹਿੰਦੂ ਭਾਈਚਾਰੇ ਨੂੰ ਰੌਂਦਣ ਤੇ ਨੋਚਣ ਵਿਚ ਵੀ ਬਰਾਬਰ ਦਾ ਰੋਲ ਨਿਭਾਉਂਦਾ ਰਿਹਾ।

ਅੱਜ ਫਿਰ ਇਤਿਹਾਸ ਆਪਣੇ-ਆਪ ਨੂੰ ਦੁਹਰਾਅ ਰਿਹਾ ਪ੍ਰਤੀਤ ਹੋ ਰਿਹਾ ਹੈ। ਹਿੰਦੂਆਂ ਤੇ ਮੁਸਲਮਾਨਾਂ ਦੀ ਇਸ ਧਾਰਮਿਕ, ਜਨੂੰਨੀ ਤੇ ਸਿਧਾਂਤਕ ਵਖਰੇਵੇਂ ਦੀ ਜੰਗ ਵਿਚ ਸਿੱਖ ਕੌਮ ਇਕ ਤੀਜੀ ਧਿਰ ਬਣ ਕੇ ਖੜ੍ਹ ਗਈ ਹੈ। ਇਸ ਵਾਰ ਮਜ਼ਲੂਮਾਂ ਵਾਲੀ ਥਾਂ ਉਤੇ ਮੁਸਲਿਮ ਭਾਈਚਾਰਾ ਖੜ੍ਹਾ ਹੈ ਤੇ ਜ਼ਾਲਮਾਨਾ ਧਿਰ ਦਾ ਰੋਲ ਹਿੰਦੂਵਾਦੀ ਨਿਭਾ ਰਹੇ ਹਨ। ਸਿੱਖ ਆਪਣੇ ਗੁਰੂਆਂ ਵੱਲੋਂ ਬਖਸ਼ਿਸ਼ ਸਿਧਾਂਤ ਤੇ ਵਿਚਾਰਧਾਰਾ ਨੂੰ ਪ੍ਰਨਾਏ ਹਰ ਵਾਰ ਦੀ ਤਰ੍ਹਾਂ ਮਜ਼ਲੂਮਾਂ ਦੇ ਹੱਕ ਵਿਚ ਖੜ੍ਹੇ ਹਨ। ਇਸ ਕਾਰਜ ਬਦਲੇ ਸਿੱਖਾਂ ਨੂੰ ਸੋਸ਼ਲ ਮੀਡੀਆ ਅਤੇ ਆਮ ਜੀਵਨ ਵਿਚ ਦੇਸ਼-ਧਰੋਹੀ, ਅਬਦਾਲੀਆਂ ਦੇ ਸਮਰਥਕ ਤੇ ਤਰ੍ਹਾਂ-ਤਰ੍ਹਾਂ ਦੀਆਂ ਇਖਲਾਕ ਤੋਂ ਡਿੱਗੀਆਂ, ਘਟੀਆ ਟਿੱਪਣੀਆਂ ਨਾਲ ਨਿਵਾਜਿਆ ਜਾ ਰਿਹਾ ਹੈ। ਕੁਝ ਬਹੁਤੇ “ਸਿਆਣੇ” ਸੱਜਣਾ ਵੱਲੋਂ ਹਿੰਦੂਆਂ ਤੇ ਮੁਸਲਮਾਨਾਂ ਦੀ ਇਸ ਟੱਕਰ ਵਿਚ ਸਿੱਖਾਂ ਨੂੰ ਨਿਰਲੇਪ ਰਹਿਣ ਦੀ ਸਲਾਹ ਵੀ ਦਿੱਤੀ ਜਾ ਰਹੀ ਹੈ। ਹੋ ਸਕਦਾ ਹੈ ਕਿ ਇਹ ਸੱਜਣ, ਸਿੱਖੀ ਜੀਵਨ-ਜਾਂਚ ਤੇ ਗੁਰੂ ਦੀ ਸਿੱਖਿਆ ਨੂੰ ਜਾਣੇ-ਅਣਜਾਣੇ ਵਿਚ ਨਾ ਸਮਝਣ ਕਾਰਨ ਜਾਂ ਸ਼ਾਇਦ ਸਿੱਖਾਂ ਦੇ ਬੀਤੇ ਵਿਚ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਸਾਹਮਣੇ ਰੱਖ ਕੇ ਅਜਿਹੀਆਂ ਸਲਾਹਾਂ ਦੇ ਰਹੇ ਹੋਣ।

ਪੰਜਾਬੀ ਸਮਾਜ ਮੰਨਦਾ ਹੈ ਕਿ “ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ” ਹੁੰਦੀਆਂ ਹਨ ਪਰ ਕੱਟੜ ਤੇ ਜਨੂੰਨੀਆਂ ਦਾ ਅਜਿਹਾ ਮੰਨਣਾ ਨਹੀਂ ਹੁੰਦਾ। ਉਹ ਦੂਜੇ ਤਬਕੇ ਦੀਆਂ ਔਰਤਾਂ ਨੂੰ ਅਕਸਰ ਆਪਣੀ ਨਾਪਾਕ, ਵਹਿਸ਼ੀ ਨਜ਼ਰ ਨਾਲ ਹੀ ਵੇਖਦੇ ਹੁੰਦੇ ਹਨ। ਇਤਿਹਾਸ ਇਸ ਤਰ੍ਹਾਂ ਦੀ ਜ਼ਹਿਨੀਅਤ ਵਾਲਿਆਂ ਦੀਆਂ ਕਰਤੂਤਾਂ ਨਾਲ ਭਰਿਆ ਪਿਆ ਹੈ। ਕਦੇ ‘ਤਿਲਕ ਜੰਞੂ’ ਨੂੰ ਬਚਾਉਣ ਲਈ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦ ਦੀ ਚਾਦਰ ਬਣੇ ਸਨ। ਦੇਸ਼ ਨੂੰ 800 ਸਾਲ ਦੀ ਲੰਮੀ ਮੁਗ਼ਲੀਆ ਹਕੂਮਤ ਦੀ ਗੁਲਾਮੀ ‘ਚੋਂ ਕੱਢਣ ਵਾਲੇ ਸਿੱਖ ਸਨ। ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਵਿਚ ਵੀ ਸਿੱਖ ਪੰਥ ਨੇ ਹਰ ਕੁਰਬਾਨੀ ਦਿੱਤੀ, ਭਾਵੇਂ ਉਸ ਦਾ ਸਿਲਾ ਸਿੱਖਾਂ ਨੂੰ ਇਕ ਹੋਰ ਗੁਲਾਮੀ ਦੇ ਰੂਪ ਵਿਚ ਹੀ ਹੰਢਾਉਣਾ ਪੈ ਰਿਹਾ ਹੈ। ਦੂਜਿਆਂ ਦੀਆਂ ਧੀਆਂ-ਭੈਣਾਂ ਲਈ ਅਪਮਾਨਜਨਕ ਬੋਲੀ ਬੋਲਣ ਵਾਲੇ ਭੁੱਲ ਜਾਂਦੇ ਹਨ ਕਿ ਕਦੇ ਉਹਨਾਂ ਦੀਆਂ ਧੀਆਂ-ਭੈਣਾਂ ਨੂੰ ਅਬਦਾਲੀ ਵਰਗੇ ਜਰਵਾਣੇ ਚੁੱਕ ਕੇ ਲੈ ਜਾਂਦੇ ਸਨ, ਬਸਰੇ ਦੇ ਬਜ਼ਾਰਾਂ ‘ਚ ਟਕੇ-ਟਕੇ ਵਿਚ ਹਿੰਦੂਸਤਾਨ ਦੀਆਂ ਬੇਟੀਆਂ ਦੀ ਸ਼ਰੇਆਮ ਬੋਲੀ ਲਗਦੀ ਸੀ। ਉਦੋਂ ਵੀ ਸਿੱਖ ਹੀ ਸਨ, ਜਿਹੜੇ ਇਸ ਕਲੰਕ ਨੂੰ ਹਿੰਦ ਦੇ ਮੱਥੇ ਤੋਂ ਧੋਹਣ ਲਈ ਜਾਨਾਂ ਵਾਰ ਗਏ ਸਨ। ਅੱਜ ਜਦੋਂ ਮਨੁੱਖੀ ਅਧਿਕਾਰਾਂ ਦੇ ਨਾਂ ਉਤੇ ਸਾਰੀ ਦੁਨੀਆ ਨੂੰ ਪਾਠ ਪੜ੍ਹਾਉਣ ਵਾਲੇ ਪੱਛਮੀ ਮੁਲਕ ਨਹੀਂ ਬੋਲ ਰਹੇ ਤੇ ਮਨੁੱਖੀ ਅਧਿਕਾਰਾਂ ਦੇ ਨਾਂ ਉਤੇ ਦੁਨੀਆ ਦੀ ਠਾਣੇਦਾਰੀ ਕਰਨ ਵਾਲਾ ਅਮਰੀਕਾ ਵੀ ਮੂੰਹ ਨੂੰ ਜਿੰਦਰੇ ਲਾ ਕੇ ਬੈਠਾ ਹੈ, ਤਾਂ ਖ਼ਾਲਸਾ ਪੰਥ ਕਸ਼ਮੀਰੀਆਂ ਨਾਲ ਡਟ ਕੇ ਖੜਾ ਹੈ। ਸਿੱਖਾਂ ਵੱਲੋਂ 34 ਕਸ਼ਮੀਰੀ ਲੜਕੀਆਂ ਨੂੰ ਮਹਾਰਾਸ਼ਟਰ ਸੂਬੇ ਦੇ ਪੂਨੇ ਵਿਚੋਂ ਸੁਰੱਖਿਅਤ ਕੱਢ ਕੇ ਉਨ੍ਹਾਂ ਦੇ ਮਾਪਿਆਂ ਕੋਲ ਕਸ਼ਮੀਰ ਪਹੁੰਚਾਇਆ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਬਹੁਤ ਸਾਰੇ ਪੰਥਕ ਆਗੂਆਂ ਨੇ ਸਿੱਖੀ ਰਵਾਇਤਾਂ ਤੇ ਸਿਧਾਂਤ ਦੀ ਇਸ ਸਮੇਂ ਸਹੀ ਤਰਜਮਾਨੀ ਕੀਤੀ ਹੈ, ਜੋ ਸ਼ਲਾਘਾਯੋਗ ਹੈ।

## ਕਸ਼ਮੀਰ ਮਸਲਾ

# ਫਾਸ਼ੀਵਾਦ ਵੱਲ ਵਧ ਰਿਹਾ ਭਾਰਤ

**ਬਘੇਲ ਸਿੰਘ ਧਾਲੀਵਾਲ**



ਭਾਰਤ ਇਸ ਸਮੇ ਪੂਰੀ ਤਰਾਂ ਕੱਟੜਵਾਦੀ ਪੂੰਜੀਪਤੀਆਂ ਦੀ ਮਜਬੂਤ ਪਕੜ ਵਿੱਚ ਆ ਚੁੱਕਾ ਹੈ। ਇੱਥੇ ਹੀ ਬੱਸ ਨਹੀ ਪੂੰਜੀਪਤੀਆਂ ਨੇ ਪੂਰੇ ਭਾਰਤੀ ਸਿਸਟਮ ਨੂੰ ਹੀ ਅਪਣੀ ਲਪੇਟ ਵਿੱਚ ਲੈ ਲਿਆ ਹੋਇਆ ਹੈ। ਇਸ ਸਮੇ ਲੋਕਤੰਤਰ ਦੇ ਚਾਰ ਥੰਮਾਂ ਵਿਚੋਂ ਇੱਕ ਵੀ ਥੰਮ ਆਪਣੇ ਬਲਬੂਤੇ ਤੇ ਖੜ੍ਹਾ ਦਿਖਾਈ ਨਹੀ ਦਿੰਦਾ। ਕਿਸੇ ਸਮੇ ਡਾਲਮੀਏ-ਟਾਟਿਆਂ ਤੇ ਬਿਰਲਿਆਂ ਦੀ ਤੂਤੀ ਬੋਲਦੀ ਸੀ ਤੇ ਅੱਜ ਅੰਬਾਨੀਆਂ-ਅਦਾਨੀਆਂ ਦਾ ਬੋਲਬਾਲਾ ਹੈ। ਪਿਛਲੇ 72 ਸਾਲਾਂ ਵਿੱਚ ਮੁਲਕ ਨੇ ਤਾਂ ਭਾਵੇਂ ਤਰੱਕੀ ਨਹੀ ਕੀਤੀ ਪਰ ਸਰਮਾਏਦਾਰੀ ਜਮਾਤ ਦਾ ਕੱਦ ਜਰੂਰ ਬਹੁਤ ਉੱਚਾ ਹੋ ਗਿਆ ਹੈ।

ਭਾਰਤ ਅੰਦਰ ਮੀਡੀਆ ਨਾਮ ਦੀ ਕੋਈ ਚੀਜ ਦਿਖਾਈ ਨਹੀਂ ਦੇ ਰਹੀ ਹੈ। ਭਾਰਤੀ ਮੀਡੀਆ ਦਾ ਵੱਡਾ ਹਿੱਸਾ ਸਰਮਾਏਦਾਰ ਜਮਾਤ ਦੇ ਹੱਥਾਂ ਦਾ ਖਿਡਾਉਣਾ ਬਣ ਚੁੱਕਾ ਹੈ। ਲੋਕਤੰਤਰ ਦੇ ਇਸ ਚੌਥੇ ਅਤਿ ਮਹੱਤਵਪੂਰਨ ਥੰਮ ਦੀ ਹੋਂਦ ਹੀ ਖਤਰੇ ਵਿੱਚ ਪੈ ਚੁੱਕੀ ਹੈ। ਮੀਡੀਆ ਇਸ ਜਮਾਤ ਦੀ ਅਧੀਨਗੀ ਕਬੂਲ ਕਰਕੇ ਅਪਣੇ ਫਰਜਾਂ ਨੂੰ ਤਿਲਾਂਜਲੀ ਦੇ ਚੁੱਕਾ ਹੈ। ਹਾਲਾਤ ਇਹ ਹਨ ਕਿ ਜੋ ਸਰਕਾਰ ਕਹਿ ਰਹੀ ਹੈ, ਜੋ ਸਰਕਾਰ ਕਰ ਰਹੀ ਹੈ ਅਤੇ ਜੋ ਸਰਕਾਰ ਕਰਨਾ ਚਾਹੁੰਦੀ ਹੈ, ਮੀਡੀਏ ਨੇ ਸਿਰਫ ਤੇ ਸਿਰਫ ਉਹ ਹੀ ਦਿਖਾਉਣਾ ਹੈ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਲੋਕ ਪੱਖੀ ਬਣਾ ਕੇ ਦਿਖਾਉਣਾ ਜਿਵੇਂ ਭਾਰਤੀ ਮੀਡੀਆ ਦੀ ਡਿਊਟੀ ਬਣ ਚੁੱਕੀ ਹੈ। ਗੱਲ ਪਦਾਰਥ ਦੀ ਹੈ, ਸਰਕਾਰ ਨੇ ਭਾਰਤੀ ਮੀਡੀਆ ਨੂੰ ਖੁਸ਼ ਕਰਨ ਲਈ ਬਹੁਤ ਵੱਡੇ ਬਜਟ ਰਾਖਵੇਂ ਰੱਖੇ ਹੋਏ ਹਨ,10-11 ਹਜਾਰ ਕਰੋੜ ਦਾ ਬਜਟ ਕੋਈ ਛੋਟਾ ਬਜਟ ਨਹੀਂ ਹੁੰਦਾ,ਜਿਹੜਾ ਭਾਰਤ ਦੇ ਬਿਜਲਈ ਤੇ ਪ੍ਰਿੰਟ ਮੀਡੀਏ ਨੂੰ ਦਿੱਤਾ ਜਾ ਰਿਹਾ ਹੈ। ਇਸ ਹਰਾਮ ਦੀ ਕਮਾਈ ਨੇ ਭਾਰਤੀ ਮੀਡੀਏ ਦੀ ਭਰੋਸੇਯੋਗਤਾ ਅਸਲੋਂ ਹੀ ਖਤਮ ਕਰ ਦਿੱਤੀ ਹੈ। ਖੇਤਰੀ ਮੀਡੀਆ ਜਰੂਰ ਕੁੱਝ ਨਾ ਕੁੱਝ ਅਪਣੇ ਫਰਜਾਂ ਪ੍ਰਤੀ ਚੇਤੰਨ ਹੈ ਪ੍ਰੰਤੂ ਸਭ ਅੱਛਾ ਏਧਰ ਵੀ ਨਹੀ ਹੈ। ਅਜਿਹੇ ਹਾਲਾਤ ਵਿੱਚ ਜਦੋ ਮੀਡੀਏ ਨੂੰ ਸੱਚ ਬੋਲਣ ਤੋ ਰੋਕਣ ਲਈ ਭਾਰਤੀ ਸਿਸਟਮ ਕੁੱਝ ਵੀ ਕਰਨ ਨੂੰ ਤਿਆਰ ਹੋਵੇ, ਉਦੋਂ ਜੇ ਕੋਈ ਲੋਕ ਹਿਤੈਸ਼ੀ ਪੱਤਰਕਾਰ ਅਪਣੇ ਫਰਜ਼ਾਂ ‘ਤੇ ਪਹਿਰਾ ਦੇਣ ਦੀ ਹਿੰਮਤ ਬਣਾਈ ਰੱਖਦਾ ਹੈ, ਤਾਂ ਉਸ ਪੱਤਰਕਾਰ ‘ਤੇ ਸਰਕਾਰੀ ਜਬਰ ਦਾ ਕੁਹਾੜਾ ਚੱਲ ਜਾਂਦਾ ਹੈ। ਉਪਰੋਕਤ ਵਰਤਾਰੇ ਨੂੰ ਘੋਖਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਭਾਰਤ ਜਿਸ ਪਾਸੇ ਨੂੰ ਵਧ ਰਿਹਾ ਹੈ, ਉਹ ਮਾਨਵਤਾ ਦਾ ਰਾਹ ਨਹੀਂ ਹੈ। ਖੇਤਰੀ ਮੀਡੀਆ ਦੀ ਗੱਲ ਕਰੀਏ ਕਿ ਇਹ ਕਿਤੇ ਨਾ ਕਿਤੇ ਆਪਣੇ ਫਰਜਾਂ ਤੇ ਪਹਿਰਾ ਦੇਣ ਦੀ ਅਪਣੀ ਬਚਨਵੱਧਤਾ ਤੇ ਕਾਇਮ ਹੈ, ਪਰੰਤੂ ਜਦੋਂ ਭਾਰਤੀ ਤੰਤਰ ਇਹ ਨਹੀਂ ਚਾਹੁੰਦਾ ਤਾਂ ਉਹਦੀ ਵੀ ਕੀ ਮਜਾਲ ਹੈ ਕਿ ਉਹ ਦੁਨੀਆਂ ਨੂੰ ਸੱਚ ਦਾ ਸ਼ੀਸਾ ਦਿਖਾ ਸਕੇ। ਜੰਮੂ ਕਸ਼ਮੀਰ ਵਿੱਚ ਇੰਟਰਨੈਟ ਸੇਵਾ ਸਮੇਤ ਸਾਰੇ ਹੀ ਸੰਚਾਰ ਦੇ ਮਾਧਿਅਮ ਨਕਾਰਾ ਬਣਾ ਦਿੱਤੇ ਗਏ ਹਨ। ਉੱਥੋ ਦੀ ਪੱਤਰਕਾਰੀ ਆਪਣੇ ਲੋਕਾਂ ਦੀ ਅਵਾਜ਼ ਨੂੰ ਅਤੇ ਆਪਣੇ ਲੋਕਾਂ ਨਾਲ ਹੁੰਦੇ ਸਰਕਾਰੀ ਜਬਰ ਨੂੰ ਦੁਨੀਆ ਸਾਹਮਣੇ ਰੱਖਣ ਤੋ ਅਸਮਰੱਥ ਹੈ। ਜੰਮੂ ਅਤੇ ਕਸ਼ਮੀਰ ਵਿੱਚ ਜਿਸ ਤਰਾਂ ਮਨੁੱਖੀ ਅਧਿਕਾਰਾਂ ਦਾ ਹਨਣ ਹੋ ਰਿਹਾ ਹੈ, ਜਿਸ ਤਰਾਂ ਭਾਰਤ ਸਰਕਾਰ ਨੇ ਸਿੱਧੀ ਧੱਕੇਸ਼ਾਹੀ ਦਾ ਪ੍ਰਗਟਾਵਾ ਕਰਕੇ ਕਸ਼ਮੀਰੀਆਂ ਤੋ ਉਹਨਾਂ ਦੇ ਸੰਵਿਧਾਨਿਕ ਹੱਕ ਖੋਹ ਲਏ ਹਨ ਅਤੇ ਜਿਸ ਤਰ੍ਹਾਂ ਕਸ਼ਮੀਰੀਆਂ ਨਾਲ ਹੋਏ ਇਸ ਧੱਕੇਸ਼ਾਹੀ ਦੀ ਖੁਸ਼ੀ ਭਾਰਤੀਆਂ ਵੱਲੋਂ ਮਨਾਉਣ ਦੀ ਚਰਚਾ ਸ਼ੋਸ਼ਲ ਮੀਡੀਏ ਤੇ ਦੇਖਣ ਸੁਨਣ ਨੂੰ ਮਿਲਦੀ ਹੈ, ਉਸ ਨੇ ਹਰ ਇਨਸਾਫ ਪਸੰਦ, ਵਿਅਕਤੀ, ਹਰ ਕੋਮਲ ਹਿਰਦੇ ਨੂੰ ਸੁੰਨ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਦੇ ਨੇਤਾ, ਵਿਧਾਇਕ,ਇੱਥੋ ਤੱਕ ਕਿ ਮੁੱਖ ਮੰਤਰੀ ਦੇ ਅਹੁਦੇ ਤੇ ਬੈਠੇ ਕੱਦਾਵਰ ਨੇਤਾ ਵੀ ਕਸ਼ਮੀਰੀ ਬੱਚੀਆਂ ਪ੍ਰਤੀ ਭੱਦੀ ਤੇ ਅਤਿ ਇਤਰਾਜ਼ਯੋਗ ਭਾਸ਼ਾ ਦਾ ਇਸਤੇਮਾਲ ਕਰਦੇ ਦੇਖੇ ਜਾ ਰਹੇ ਹਨ। ਭਾਰਤੀ ਸਿਸਟਮ ਦੇ ਇਸ ਵਰਤਾਰੇ ਨੂੰ ਸ਼ੱਕ ਦੀ ਨਜ਼ਰ ਨਾਲ ਵਾਚਿਆ ਜਾਣਾ ਬੇਹੱਦ ਜ਼ਰੂਰੀ ਹੈ। ਇੱਕ ਪਾਸੇ ਭਾਰਤੀ ਹਕੂਮਤ ਕਸ਼ਮੀਰ ‘ਚੋਂ ਧਾਰਾ 370 ਅਤੇ 35 ਏ ਨੂੰ ਹਟਾਉਣ ਪਿੱਛੇ ਉੱਥੋ ਦੀ ਤਰੱਕੀ ਨੂੰ ਆਧਾਰ ਬਣਾ ਰਹੀ ਹੈ, ਜਦੋਂ ਕਿ ਅਸਲ ਸਚਾਈ ਇਹ ਹੈ ਕਿ ਉੱਥੇ ਤਰੱਕੀ ਦੇ ਨਾਮ ਤੇ ਮੁਸਲਮਾਨਾਂ ਦੀ ਨਸ਼ਲਕੁਸ਼ੀ ਤੋ ਬਾਅਦ ਵੱਡੇ ਹਿੰਦੂ ਉਦਯੋਗਪਤੀਆਂ ਤੋ ਨਿਵੇਸ਼ ਕਰਵਾਉਣ ਦੇ ਨਾਮ ‘ਤੇ ਉਹਨਾਂ ਨੂੰ ਉੱਥੇ ਸਥਾਪਤ ਕੀਤਾ ਜਾਵੇਗਾ। ਇਨ੍ਹਾਂ ਦੇ ਪਿੱਛੇ ਧੜਾਧੜ ਗੈਰ ਮੁਸਲਮ ਲੋਕਾਂ ਨੂੰ ਉੱਥੇ ਸਥਾਪਤ ਕੀਤੇ ਉਦਯੋਗਾਂ ਵਿੱਚ ਰੁਜਗਾਰ ਦੇ ਕੇ ਕਸ਼ਮੀਰ ਵਿੱਚ ਵਸਾਉਣ ਦੇ ਇੰਤਜ਼ਾਮ ਕੀਤੇ ਜਾਣਗੇ। ਭਾਵ ਜੰਮੂ ਕਸ਼ਮੀਰ ਦੀ ਮੌਲਿਕ ਪਛਾਣ ਨੂੰ ਬੇਪਛਾਣ ਕਰਕੇ ਉਥੇ ਭਾਰਤੀ ਤੰਤਰ ਦੇ ਮੇਚ ਦੀ ਬਨਾਵਟੀ ਰਾਸ਼ਟਰਵਾਦੀ ਪਛਾਣ ਕਾਇਮ ਕਰ ਦਿੱਤੀ ਜਾਵੇਗੀ।

ਸੰਵਿਧਾਨ ਦੀ ਧਾਰਾ 370 ਦਾ ਖ਼ਾਤਮਾ, ਰਾਮ ਮੰਦਰ ਦਾ ਨਿਰਮਾਣ ਅਤੇ ਇਕ ਸਮਾਨ ਸਿਵਲ ਕੋਡ ਨੂੰ ਲਾਗੂ ਕਰਨਾ ਕਈ ਦਹਾਕਿਆਂ ਤੋਂ ਭਾਜਪਾ ਦਾ ਸਿਆਸੀ ਏਜੰਡਾ ਰਿਹਾ ਹੈ ਤਾਂ ਜੋ ਹਿੰਦੂਤਵ ਦਾ ਬੋਲਬਾਲਾ ਕੀਤਾ ਜਾ ਸਕੇ।



ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਤੌਰ ’ਤੇ ਪੁਨਰਗਠਿਤ ਕਰਨ ਦੇ ਪ੍ਰਸਤਾਵ ਵਾਲੇ ਬਿੱਲ ਨੂੰ ਮਨਜ਼ੂਰੀ ਮਿਲ ਗਈ ਹੈ। ਸਦਨ ਨੇ ਇਸ ਬਿੱਲ ਨੂੰ ਪਾਸ ਕਰ ਦਿੱਤਾ ਹੈ। ਪੁਨਰਗਠਨ ਬਿੱਲ ਨੂੰ ਮਨਜ਼ੂਰੀ ਤੋਂ ਪਹਿਲਾਂ ਅਮਿਤ ਸ਼ਾਹ ਨੇ ਬਹਾਨਾ ਮਾਰਦਿਆਂ ਕਿਹਾ ਸੀ ਕਿ ਆਉਣ ਵਾਲੇ ਦਿਨਾਂ ਵਿਚ ਜੇ ਹਾਲਾਤ ਸੁਧਰਦੇ ਹਨ ਤਾਂ ਸੂਬੇ ਨੂੰ ਦੁਬਾਰਾ ਪੂਰਨ ਰਾਜ ਦਾ ਦਰਜਾ ਦਿੱਤਾ ਜਾ ਸਕਦਾ ਹੈ। ਜਦ ਕਿ ਭਾਜਪਾ ਇਕ ਕਾਨੂੰਨ, ਇਕ ਵਿਧਾਨ ਦੇ ਤਹਿਤ ਵੰਨ ਸੁਵੰਨਤਾ ਤੇ ਰਾਜਾਂ ਦੀ ਖ਼ੁਦਮੁਖਤਿਆਰੀ ਦੇ ਵਿਰੋਧ ਵਿਚ ਰਹੀ ਹੈ। ਸੰਘ ਪਰਿਵਾਰ ਦੇ ਗੁਰੂ ਗੋਲਵਲਕਰ ਦੇ ਥੀਸਿਸ ‘ਬੰਚ ਆਫ਼ ਥਾਟਸ’ ਵਿਚ ਸਪੱਸ਼ਟ ਲਿਖਿਆ ਹੈ ਕਿ ਇਕ ਰਾਸ਼ਟਰ ਦੀ ਲੋੜ ਹੈ, ਜਿੱਥੇ ਸਿਰਫ ਹਿੰਦੂਤਵ ਦਾ ਬੋਲਬਾਲਾ ਹੋਵੇਗਾ, ਮੁਸਲਮਾਨਾਂ ਨੂੰ ਭਾਰਤ ਵਿਚੋਂ ਬਾਹਰ ਜਾਣਾ ਹੋਵੇਗਾ। ਇਸ ਹਰਕਤ ਤੋਂ ਜਾਪਦਾ ਹੈ ਕਿ ਕਸ਼ਮੀਰੀਆਂ ਤੇ ਮੁਸਲਮਾਨਾਂ ਉੱਪਰ ਹਮਲੇ ਵਧ ਜਾਣਗੇ।

ਪਾਸ ਹੋਏ ਬਿੱਲ ਅਨੁਸਾਰ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਤੋਂ ਧਾਰਾ 370 ਨੂੰ ਹਟਾਉਣ ਦਾ ਐਲਾਨ ਵੀ ਕਰ ਦਿੱਤਾ। ਇਸ ਦੇ ਨਾਲ ਜੰਮੂ-ਕਸ਼ਮੀਰ ਨੂੰ ਮਿਲਿਆ ਵਿਸ਼ੇਸ਼ ਸੂਬੇ ਦਾ ਦਰਜਾ ਵੀ ਖ਼ਤਮ ਹੋ ਗਿਆ। ਸਰਕਾਰ ਦੇ ਇਸ ਫੈਸਲੇ ਨੂੰ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਤੋਂ ਇਲਾਵਾ ਕੁਝ ਵਿਰੋਧੀ ਪਾਰਟੀਆਂ ਨੇ ਵੀ ਸਮਰੱਥਨ ਕੀਤਾ ਹੈ। ਇੱਥੋਂ ਤੱਕ ਕਿ ਭਗਵੇਂਵਾਦ ਦੇ ਵਿਰੋਧ ਵਿਚ ਰਹੀ ਬਸਪਾ ਮੁਖੀ ਮਾਇਆਵਤੀ ਨੇ ਵੀ ਇਸ ਦਾ ਸਮਰਥਨ ਕੀਤਾ ਹੈ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿਚ ਕਿਹਾ ਸੀ ਕਿ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਵਿਚ ਵਿਧਾਨ ਸਭਾ ਹੋਵੇਗੀ, ਪਰ ਲੱਦਾਖ ਵਿਚ ਵਿਧਾਨ ਸਭਾ ਨਹੀਂ ਹੋਵੇਗੀ। ਲੱਦਾਖ ਦੇ ਲੋਕ ਲੰਮੇ ਸਮੇਂ ਤੋਂ ਉਸ ਨੂੰ ਕੇਂਦਰ ਸ਼ਾਸ਼ਤ ਪ੍ਰਦੇਸ਼ ਬਣਾਉਣ ਦੀ ਮੰਗ ਕਰ ਰਹੇ ਸਨ। ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ ਬਣਨ ਤੋਂ ਬਾਅਦ ਹੁਣ ਭਾਰਤ ਵਿਚ ਕੁੱਲ 9 ਕੇਂਦਰ ਸ਼ਾਸਤ ਪ੍ਰਦੇਸ਼ ਹੋ ਗਏ ਹਨ। ਜੰਮੂ ਕਸ਼ਮੀਰ ਨਾਲੋਂ ਲੱਦਾਖ ਦੇ ਵੱਖ ਹੋਣ ’ਤੇ ਕਈ ਬਦਲਾਅ ਦੇਖਣ ਨੂੰ ਮਿਲਣਗੇ। ਜੰਮੂ-ਕਸ਼ਮੀਰ ਦਾ ਖੇਤਰਫਲ, ਆਬਾਦੀ ਅਤੇ ਉਥੇ ਦੇ ਨਿਯਮ ਸਾਰੇ ਬਦਲ ਜਾਣਗੇ। ਹੁਣ ਜੰਮੂ-ਕਸ਼ਮੀਰ ਵਿਚ ਦੇਸ਼ ਦੇ ਹੋਰ ਸੂਬਿਆਂ ਦੇ ਲੋਕ ਵੀ ਜ਼ਮੀਨ ਲੈ ਕੇ ਵਸ ਸਕਣਗੇ। ਨਾਲ ਹੀ ਹੁਣ ਕਸ਼ਮੀਰ ਦਾ ਵੱਖ ਝੰਡਾ ਨਹੀਂ ਹੋਵੇਗਾ, ਮਤਲਬ ਕਿ ਉਥੇ ਵੀ ਹੁਣ ਤਿਰੰਗਾ ਲਹਿਰਾਏਗਾ। ਜੰਮੂ ਕਸ਼ਮੀਰ ਵਿਚ ਸਥਾਨਕ ਲੋਕਾਂ ਦੀ ਦੋਹਰੀ ਨਾਗਰਿਕਤਾ ਸਮਾਪਤ ਹੋ ਜਾਵੇਗੀ। ਜੰਮੂ-ਕਸ਼ਮੀਰ ਦੀਆਂ ਲੜਕੀਆਂ ਨੂੰ ਹੁਣ ਦੂਜੇ ਸੂਬੇ ਦੇ ਲੋਕਾਂ ਨਾਲ ਵੀ ਵਿਆਹ ਕਰਾਉਣ ਦੀ ਆਜ਼ਾਦੀ ਹੋਵੇਗੀ ਅਤੇ ਦੂਜੇ ਸੂਬਿਆਂ ਦੇ ਮਰਦਾਂ ਨਾਲ ਵਿਆਹ ਕਰਾਉਣ ’ਤੇ ਉਨ੍ਹਾਂ ਦੀ ਨਾਗਰਿਕਤਾ ਖ਼ਤਮ ਨਹੀਂ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਬਿੱਲ ਦਾ ਸਮਰਥਨ ਨਹੀਂ ਸੀ ਕਰਨਾ ਚਾਹੀਦਾ, ਪਰ ਉਹਨਾਂ ਨੇ ਅਜਿਹਾ ਕਰਕੇ ਰਾਜਾਂ ਦੀ ਖੁਦਮੁਖਤਿਆਰੀ ਦੇ ਹੱਕ ਦਾ ਵੀ ਭੋਗ ਪਾ ਦਿੱਤਾ। ਜੇਕਰ ਅਜਿਹਾ ਕਰਨਾ ਸੀ ਤਾਂ ਪੰਜਾਬ

ਬਾਕੀ ਸਫ਼ਾ 32 ’ਤੇ

# ਧਾਰਾ 370: ਭਾਰਤ ਸਰਕਾਰ ਦਾ ਸਵਾਗਤਯੋਗ ਫੈਸਲਾ ?

**ਸ. ਅਵਤਾਰ ਸਿੰਘ ਸਿੱਖ ਚਿੰਤਕਾਂ ਦੀ ਨਵੀਂ ਪੀੜ੍ਹੀ ਦੇ ਇਕ ਅਜਿਹੇ ਵਿਦਵਾਨ ਵੱਜੋਂ ਪਰਵਾਨ ਹੋਏ ਹਨ, ਜੋ ਘਟਨਾਵਾਂ ਦਾ ਸੰਸਾਰ ਪੱਧਰ ਦੇ ਬੀਤੇ ਤੇ ਮੌਜੂਦਾ ਹਾਲਾਤ ਮੁਤਾਬਕ ਦੂਰਦਰਸ਼ੀ ਢੰਗ ਨਾਲ ਤੇ ਬਹੁਤ ਹੀ ਗਹਿਰਾਈ ਵਿਚ ਜਾ ਕੇ ਅਧਿਐਨ ਕਰਦੇ ਹਨ। ਲੰਡਨ ਰਹਿੰਦੇ ਇਸ ਗੰਭੀਰ ਰਿਸਰਚ ਸਕਾਲਰ ਸ. ਅਵਤਾਰ ਸਿੰਘ ਨੇ ਕਸ਼ਮੀਰ ਵਿਚ ਧਾਰਾ 370 ਖ਼ਤਮ ਕਰਨ ਦਾ ਬਿਲਕੁਲ ਨਵੇਂ ਦ੍ਰਿਸ਼ਟੀਕੋਣ ਤੋਂ ਸਵਾਗਤ ਕੀਤਾ ਹੈ ਅਤੇ ਕੁਝ ਇਸ ਅੰਦਾਜ਼ ਵਿਚ ਕੀਤਾ ਹੈ ਕਿ ਇਸ ਆਰਟੀਕਲ ਨੂੰ ਗੰਭੀਰਤਾ ਅਤੇ ਸਹਿਜ ਨਾਲ ਪੜ੍ਹ ਕੇ ਹੀ ਕੋਈ ਵਿਚਾਰ ਬਣਾਉਣਾ ਚਾਹੀਦਾ ਹੈ। ਲੇਖਕ ਦੀ ਮੌਲਿਕ ਧਾਰਨਾ ਬਹਿਸ ਦੀ ਮੰਗ ਕਰਦੀ ਹੈ। ਲੇਖਕ ਸ਼ਾਇਦ ਇਹ ਕਹਿਣਾ ਚਾਹੁੰਦਾ ਹੈ ਕਿ ਕਸ਼ਮੀਰ ਵਿਚ ਹੁਣ ਲੜਾਈ ਸਿੱਧਮ-ਸਿੱਧੀ ਹੋ ਗਈ ਹੈ, ਜਿਸ ਵਿਚ ਦੋ ਕੌਮਾਂ ਅਰਥਾਤ ਹਿੰਦੂ ਕੌਮ ਅਤੇ ਕਸ਼ਮੀਰੀ ਕੌਮ ਪਹਿਲੀ ਵਾਰ ਆਹਮੋ ਸਾਹਮਣੇ ਹੋਣਗੇ। ਸ. ਅਵਤਾਰ ਸਿੰਘ ਉਨ੍ਹਾਂ ਚੰਦ ਇਕ ਵਿਅਕਤੀਆਂ ਵਿਚੋਂ ਹਨ ਜਿਨ੍ਹਾਂ ਨੇ ਰਾਸ਼ਟਰਵਾਦ ਨਾਲ ਸਬੰਧਤ ਚੋਟੀ ਦੇ ਵਿਦਵਾਨਾਂ ਦਾ ਗੰਭੀਰ, ਵਿਸ਼ਾਲ ਅਤੇ ਡੂੰਘਾ ਮੁਤਾਲਿਆ ਕੀਤਾ ਹੈ ਅਤੇ ਇਸ ਅਧਿਐਨ ਨੂੰ ਖਾਲਸਾ ਪੰਥ ਦੀਆਂ ਹਾਲਤਾਂ ਨਾਲ ਵੀ ਜੋੜ ਕੇ ਵੇਖਿਆ ਹੈ। ਭਾਈ ਅਵਤਾਰ ਸਿੰਘ 'ਵੱਖਰੇਵੇਂ ਦੀਆਂ ਲਕੀਰਾਂ' ਦਾ ਇਕ ਮੌਲਿਕ ਸੰਕਲਪ ਲੈ ਕੇ ਆਏ ਹਨ- ਜਿਹੜਾ ਸੰਕਲਪ ਸਿੱਖ ਵਿਦਵਾਨਾਂ ਨੂੰ ਇਸ ਵਿਸ਼ੇ ਦੀ ਗੰਭੀਰਤਾ ਨਾਲ ਜੋੜਨ ਦਾ ਇੱਕ ਸੰਜੀਦਾ ਅਤੇ ਸੁਹਿਰਦ ਯਤਨ ਹੈ। ਸ. ਅਵਤਾਰ ਸਿੰਘ ਮੁਤਾਬਕ ਕੋਈ ਵੀ ਅਣਖੀਲੀ ਕੌਮ ਆਪਣੇ ਵੱਖਰੇਪਣ ਉੱਤੇ ਜ਼ੋਰ ਦੇਣ ਲਈ ਸਭ ਤੋਂ ਪਹਿਲਾਂ 'ਅਸੀਂ ਕੀ ਨਹੀਂ ਹਾਂ' ਦੀ ਵਿਆਖਿਆ ਕਰਦੀ ਹੈ ਅਤੇ 'ਅਸੀਂ ਕੀ ਹਾਂ' ਦੀ ਕਹਾਣੀ ਬਾਅਦ ਵਿਚ ਆਉਂਦੀ ਹੈ। ਉਹ ਸਾਰੇ ਵਿਅਕਤੀ ਜਿਹੜੇ ਕਸ਼ਮੀਰ ਮਸਲੇ ਨੂੰ ਪੰਜਾਬ ਮਸਲੇ ਨਾਲ ਜੋੜ ਕੇ ਵੀ ਵੇਖ ਰਹੇ ਹਨ, ਉਨ੍ਹਾਂ ਨੂੰ ਇਹ ਆਰਟੀਕਲ ਪੜ੍ਹਨ ਦੀ ਵਿਹਲ ਕੱਢਣੀ ਚਾਹੀਦੀ ਹੈ ਅਤੇ ਬਹਿਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ। - ਸੰਪਾਦਕ**




*ਇਤਿਹਾਸ ਵਿੱਚ ਹਮੇਸ਼ਾ ਉਹ ਕੌਮਾਂ ਹੀ ਆਪਣੀ ਹੋਂਦ ਅਤੇ ਹਸਤੀ ਨੂੰ ਵਕਤ ਦੇ ਔਰੰਗਿਆਂ ਅਤੇ ਨਾਦਰਾਂ ਤੋਂ ਬਚਾ ਕੇ ਰੱਖ ਸਕੀਆਂ ਹਨ ਜਿਨ੍ਹਾਂ ਨੇ ਆਪਣੇ ਅਤੇ ਗਵਾਂਢੀਆਂ ਦਰਮਿਆਨ ਫਰਕ ਦੀਆਂ ਲਕੀਰਾਂ ਸਪਸ਼ਟ ਰੂਪ ਵਿੱਚ ਤਿੱਖੀਆਂ ਕਰਕੇ ਰੱਖੀਆਂ।*

**ਭਾਰਤ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਪ੍ਰਾਪਤ ਵਿਸ਼ੇਸ਼ ਦਰਜਾ ਖਤਮ ਕੀਤਾ**

**ਅਵਤਾਰ ਸਿੰਘ ਯੂਕੇ**
(ਸੰਪਰਕ : (0044-7973-345-285)

ਭਾਰਤ ਦੇ ਪਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਐਨਡੀਏ ਸਰਕਾਰ ਨੇ ਦੇਸ਼ ਦੇ ਇੱਕ ਸੂਬੇ ਜੰਮੂ-ਕਸ਼ਮੀਰ ਨੂੰ ਪ੍ਰਾਪਤ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਹੈ ਅਤੇ ਇਸ ਨੂੰ ਕੇਂਦਰ ਅਧੀਨ ਪ੍ਰਾਂਤਾਂ ਵਿੱਚ ਬਦਲ ਦਿੱਤਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 370 ਅਧੀਨ ਜੰਮੂ ਅਤੇ ਕਸ਼ਮੀਰ ਨੂੰ ਕੁਝ ਅਜਿਹੇ ਹੱਕ ਹਾਸਲ ਸਨ ਜੋ ਭਾਰਤ ਦੇ ਕਿਸੇ ਹੋਰ ਸੂਬੇ ਨੂੰ ਹਾਸਲ ਨਹੀਂ ਸਨ। ਕੇਂਦਰੀ ਸਰਕਾਰ ਅਤੇ ਰਾਜਾਂ ਦਰਮਿਆਨ ਸਾਂਝੀ ਸੂਚੀ ਦੇ ਸੰਦਰਭ ਵਿੱਚ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਨੂੰ ਰਾਜਾਂ ਵਾਲੀ ਸੂਚੀ ਵਿੱਚ ਪ੍ਰਮੁੱਖਤਾ ਹਾਸਲ ਸੀ। ਇਸ ਦੇ ਨਾਲ ਹੀ ਕੁਝ ਅਜਿਹੀਆਂ 'ਰਿਆਇਤਾਂ' ਉਸ ਰਾਜ ਨੂੰ ਹਾਸਲ ਸਨ, ਜਿਨ੍ਹਾਂ ਦਾ ਦਾ ਛੁਣਛੁਣਾ ਦਿਖਾ ਕੇ ਉਥੋਂ ਦੇ ਲੋਕਾਂ ਨੂੰ ਭਰਮਾਇਆ ਜਾਂਦਾ ਰਿਹਾ।

ਦੇਸ਼ ਭਰ ਵਿੱਚ ਕੁਝ ਬੁੱਧੀਜੀਵੀਆਂ ਅਤੇ ਸਿੱਖ ਕੌਮ ਵਿੱਚ ਉਪਰ ਤੋਂ ਲੈ ਕੇ ਥੱਲੇ ਤੱਕ ਭਾਰਤ ਸਰਕਾਰ ਦੇ ਇਸ ਫੈਸਲੇ ਨੇ ਕਾਫੀ ਤਕਲੀਫ ਦਿੱਤੀ ਨਜ਼ਰ ਆਉਂਦੀ ਹੈ। ਭਾਰਤ ਵਿੱਚੋਂ ਬੇਸ਼ੱਕ ਇਸ ਸਬੰਧੀ ਬਹੁਤ ਜ਼ਿਆਦਾ ਵਿਰੋਧ ਦੀਆਂ ਅਵਾਜ਼ਾਂ ਨਹੀ ਉਠੀਆਂ ਪਰ ਪੰਜਾਬ ਵਿੱਚ ਇਸ ਸਬੰਧੀ ਕਾਫੀ ਤਿੱਖੀ ਪ੍ਰਤੀਕਿਰਆ ਦੇਖਣ ਨੂੰ ਮਿਲ ਰਹੀ ਹੈ। ਸਿੱਖ ਵਿਦਵਾਨਾਂ ਨੇ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਕਰਕੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਇਸ ਨੂੰ ਸੰਨ 1984 ਵਰਗੀ ਘਟਨਾ ਗਰਦਾਨਿਆ ਹੈ। ਦਲ ਖਾਲਸਾ ਅਤੇ ਹੋਰ ਪੰਥਕ ਸੰਸਥਾਵਾਂ ਨੇ ਵੀ ਆਪਣੀ ਪ੍ਰੈਸ ਕਾਨਫਰੰਸ ਕਰਕੇ ਭਾਰਤ ਸਰਕਾਰ ਦੇ ਇਸ ਫੈਸਲੇ ਦੀ ਵਿਰੋਧਤਾ ਕੀਤੀ ਹੈ। ਇਨ੍ਹਾਂ ਸਮੁਚੀਆਂ ਧਿਰਾਂ ਨੇ ਆਪਣੇ ਵਿਚਾਰਾਂ ਵਿੱਚ ਇਹ ਆਖਿਆ ਹੈ ਕਿ ਧਾਰਾ 370 ਕਸ਼ਮੀਰੀਆਂ ਦੇ ਹੱਕਾਂ ਦੀ ਰਾਖੀ ਦਾ ਇੱਕ ਜ਼ਰੀਆ ਸੀ ਜੋ ਭਾਰਤੀ ਸੰਵਿਧਾਨ ਵੱਲੋਂ ਉਨ੍ਹਾਂ ਨੂੰ ਦਿੱਤਾ ਹੋਇਆ ਸੀ। ਸੋਸ਼ਲ ਮੀਡੀਆ ਉੱਤੇ ਭਾਰਤ ਸਰਕਾਰ ਦੇ ਇਸ ਫੈਸਲੇ ਖਿਲਾਫ ਕਾਫੀ ਰੌਲਾ ਪਿਆ ਹੋਇਆ ਹੈ।

ਸਾਡੇ ਵਿਚਾਰ ਇਸ ਬਾਰੇ ਵੱਖਰੇ ਹਨ। ਅਸੀਂ ਸਮਝਦੇ ਹਾਂ ਕਿ ਨਰਿੰਦਰ ਮੋਦੀ ਦੀ ਸਰਕਾਰ ਨੇ ਕਸ਼ਮੀਰ ਵਿੱਚੋਂ ਧਾਰਾ 370 ਹਟਾ ਕੇ ਇੱਕ ਬਹੁਤ ਦਲੇਰਾਨਾ ਅਤੇ ਸਵਾਗਤਯੋਗ ਕਾਰਜ ਕੀਤਾ ਹੈ। ਜਿਹੜਾ ਫੈਸਲਾ 70 ਸਾਲ ਪਹਿਲਾਂ ਲੈ ਲਿਆ ਜਾਣਾ ਚਾਹੀਦਾ ਸੀ, ਉਹ ਕਿਤੇ ਹੁਣ 2019 ਵਿੱਚ ਆ ਕੇ ਲਿਆ ਗਿਆ ਹੈ। 70 ਸਾਲਾਂ ਤੋਂ ਸੰਵਿਧਾਨ ਦੀ ਧਾਰਾ 370 ਰਾਹੀਂ ਕਸ਼ਮੀਰੀ ਕੌਮ ਨੂੰ ਇੱਕ ਅਜਿਹਾ ਚੋਗਾ ਪਾ ਕੇ ਵਰਚਾਇਆ ਜਾ ਰਿਹਾ ਸੀ ਜਿਸ ਦਾ ਅੰਤ ਕਿਤੇ ਵੀ ਨਹੀਂ ਸੀ ਦਿਸਦਾ। 70 ਸਾਲਾਂ ਤੋਂ ਕਸ਼ਮੀਰੀਆਂ ਨੂੰ ਇਸ ਗੱਲ ਲਈ ਵਰਚਾਇਆ ਜਾ ਰਿਹਾ ਸੀ ਕਿ ਉਹ ਉਸੇ ਸੰਵਿਧਾਨ ਅਤੇ ਕਨੂੰਨ ਦੇ ਵਾਰਸ ਹਨ, ਜਿਸ ਦੇ ਕਿ ਬਾਕੀ ਭਾਰਤ ਵਾਸੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸੰਨ 1984 ਤੱਕ ਸਿੱਖਾਂ ਨੂੰ ਇਸ ਗੱਲੋਂ ਵਰਚਾਇਆ ਜਾਂਦਾ ਰਿਹਾ ਕਿ ਇਨ੍ਹਾਂ ਨੇ ਦੇਸ਼ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ, ਇਹ ਦੇਸ਼ ਦੇ ਅੰਨਦਾਤੇ ਹਨ, ਇਹ ਦੇਸ਼ ਦੀ ਖੜਗਭੁਜਾ ਹਨ। ਉਨ੍ਹਾਂ ਕੁਰਬਾਨੀਆਂ, ਅੰਨਦਾਤਿਆਂ ਅਤੇ ਖੜਗਭੁਜਾਵਾਂ ਦਾ ਜੋ ਹਸ਼ਰ ਅਸੀਂ 1984 ਵਿੱਚ ਦੇਖਿਆ, ਉਸ ਨੂੰ ਕਿਸੇ ਪਰਮਾਣ ਦੀ ਲੋੜ ਨਹੀਂ ਹੈ। ਕਸ਼ਮੀਰੀਆਂ ਦੀ ਧਾਰਾ 370 ਜੇ ਕਿਸੇ ਲਈ ਫਾਇਦੇਮੰਦ ਸੀ ਤਾਂ ਉਹ ਫਾਰੂਕ ਅਬਦੁੱਲਾ ਪਰਿਵਾਰ ਜਾਂ ਮਹਿਬੂਬਾ ਮੁਫਤੀ ਪਰਿਵਾਰ ਲਈ ਸੀ, ਜਿਨ੍ਹਾਂ ਪਰਕਾਸ਼ ਸਿੰਘ ਬਾਦਲ ਵਾਂਗ ਕਸ਼ਮੀਰੀ ਸੰਘਰਸ਼ ਦੇ ਨਾਂਅ ਤੇ ਹਰ ਕਿਸਮ ਦੀ ਮਲਾਈ ਦੋਵਾਂ ਹੱਥਾਂ ਨਾਲ ਖਾਧੀ।

ਕਸ਼ਮੀਰ ਦਾ ਸੰਘਰਸ਼ ਕੋਈ ਨੌਕਰੀਆਂ ਲੈਣ, ਰਾਖਵਾਂਕਰਨ ਜਾਂ ਸੜਕਾਂ ਬਣਾਉਣ ਲਈ ਨਹੀਂ ਹੈ, ਜਿਸ ਲਈ ਧਾਰਾ 370 ਵਰਗੀਆਂ ਫਹੁੜੀਆਂ ਦੀ ਲੋੜ ਪਵੇ। ਇਹ ਦੋ ਕੌਮਾਂ ਦੀ ਸੁਪਰੇਮੇਸੀ ਦੀ ਜੰਗ ਹੈ। ਇਹ ਕਸ਼ਮੀਰੀ ਕੌਮ ਦੀ ਹੋਂਦ ਅਤੇ ਹਸਤੀ ਦੇ ਸੁਆਲ ਦੀ ਜੰਗ ਹੈ। ਜਦੋਂ ਕੌਮਾਂ ਆਪਣੀ ਹੋਂਦ ਅਤੇ ਹਸਤੀ ਦੀ ਰਾਖੀ ਲਈ ਸੰਘਰਸ਼ ਕਰ ਰਹੀਆਂ ਹੋਣ ਤਾਂ, ਕੌਮਵਾਦ ਦੇ ਧੁਰੰਤਰ ਵਿਦਵਾਨ ਐਨਥਨੀ ਸਮਿੱਥ ਅਨੁਸਾਰ ਬਹੁ-ਗਿਣਤੀ ਅਤੇ ਘੱਟ-ਘਿਣਤੀ ਦਰਮਿਆਨ ਵਖਰੇਵੇਂ ਦੀਆਂ ਲਕੀਰਾਂ ਬਿਲਕੁਲ ਸ਼ਪਸ਼ਟ ਹੋਣੀਆਂ ਚਾਹੀਦੀਆਂ ਹਨ। ਸਮਿੱਥ ਆਖਦਾ ਹੈ ਕਿ ਜੇ ਦੋ ਕੌਮਾਂ ਵਿੱਚ ਸਿਧਾਂਤਕ ਵਖਰੇਵੇਂ ਹਨ, ਤਾਂ ਕਦਮ-ਕਦਮ 'ਤੇ ਉਹ ਵਖਰੇਵੇਂ ਉੱਘੜਵੇਂ ਰੂਪ ਵਿੱਚ ਪ੍ਰਗਟ ਹੋਣੇ ਚਾਹੀਦੇ ਹਨ। ਸਮਿੱਥ ਆਖਦਾ ਹੈ ਕਿ ਜੇ ਵੱਖਰੇ ਹੋ ਤਾਂ ਵੱਖਰੇ ਬਣਕੇ ਦਿਖਾਓ।

ਪ੍ਰੋਫੈਸਰ ਵਾਕਰ ਕੋਨਰ ਦੇ ਵੀ ਕੌਮਾਂ ਦੀ ਹੋਂਦ ਅਤੇ ਹਸਤੀ ਬਾਰੇ ਕੁਝ ਅਜਿਹੇ ਹੀ ਵਿਚਾਰ ਹਨ। ਉਹ ਆਖਦੇ ਹਨ ਕਿ ਕਿਸੇ ਵੀ ਕੌਮ ਦੀ ਹੋਂਦ ਨਾਲ ਜਿਹੜਾ ਤੱਤ ਸਭ ਤੋਂ ਮਹੱਤਵਪੂਰਨ ਤੌਰ 'ਤੇ ਜੁੜਿਆ ਹੋਇਆ ਹੈ, ਉਹ ਹੈ ਕੌਮ ਦੇ ਲੋਕਾਂ ਵਿੱਚ, ਇੱਕੋ ਕੌਮ ਦੇ ਬਸ਼ਿੰਦੇ ਹੋਣ ਦੀ ਸਵੈ-ਚੇਤੰਨਤਾ। ਕੋਈ ਵੀ ਕੌਮ ਓਨਾ ਚਿਰ ਕੌਮ ਹੋਣ ਦਾ ਮਾਣ ਹਾਸਲ ਨਹੀਂ ਕਰ ਸਕਦੀ ਜਦੋਂ ਤੱਕ ਉਸ ਦੀ ਆਪਣੀ ਮਾਨਸਿਕਤਾ ਵਿੱਚ ਸੰਪੂਰਨ ਕੌਮ ਹੋਣ ਦੀ ਸਵੈ-ਚੇਤੰਨਤਾ ਨਾ ਹੋਵੇ। ਕੋਨਰ ਆਖਦੇ ਹਨ ਕਿ ਕੌਮ ਦੀ ਬਣਤਰ ਲਈ ਬਾਕੀ ਸਾਰੇ ਤੱਤ ਜਿਵੇਂ ਧਰਮ, ਭਾਸ਼ਾ, ਖਿੱਤਾ ਅਤੇ ਸੰਸਕਾਰ, ਉਦੋਂ ਹੀ ਮਹੱਤਵ ਹਾਸਲ ਕਰਦੇ ਹਨ, ਜਦੋਂ ਉਹ ਕੌਮ ਦੇ ਲੋਕਾਂ ਵਿੱਚ ਆਪਣੀ ਕੌਮੀ ਸਵੈ-ਚੇਤੰਨਤਾ ਨੂੰ ਮਜ਼ਬੂਤ ਕਰਦੇ ਹੋਣ। ਕੋਨਰ ਅਨੁਸਾਰ ਇਤਿਹਾਸ ਦੇ ਕਿਸੇ ਮੋੜ 'ਤੇ ਆ ਕੇ ਹੋ ਸਕਦਾ ਹੈ ਕਿ ਕਿਸੇ ਕੌਮ ਕੋਲੋਂ ਆਪਣੀ ਕੌਮੀ ਪਹਿਚਾਣ ਦਾ ਕੋਈ ਤੱਤ ਗੁਆਚ ਜਾਵੇ, ਜਿਵੇਂ ਭਾਸ਼ਾ ਅਤੇ ਧਰਮ ਆਦਿ ਪਰ ਜੇ ਕੌਮ ਦੇ ਲੋਕਾਂ ਵਿੱਚ ਇਸ ਦੇ ਬਾਵਜੂਦ ਕੌਮੀ ਸਵੈ-ਚੇਤੰਨਤਾ ਹੈ, ਤਾਂ ਉਹ ਕੌਮ ਦੇ ਤੌਰ 'ਤੇ ਵਿਚਰਦੀ ਰਹੇਗੀ।

ਉਹ ਆਖਦੇ ਹਨ ਕਿ ਹਰ ਕੌਮ ਵਿੱਚ ਇਹ ਤੱਤ ਕੁੱਟ-ਕੁੱਟ ਕੇ ਭਰਿਆ ਹੋਣਾ ਚਾਹੀਦਾ ਹੈ ਕਿ, ਅਸੀਂ ਕੀ ਨਹੀਂ ਹਾਂ। (What we are not)। ਅਸੀਂ ਕੀ ਹਾਂ (What we are) ਇਹ ਬਾਅਦ ਦੀਆਂ ਗੱਲਾਂ ਹਨ ਪਰ ਅਸੀਂ ਕੀ ਨਹੀਂ ਹਾਂ, ਇਸ ਬਾਰੇ ਲਕੀਰਾਂ ਬਿਲਕੁਲ ਸ਼ਪਸ਼ਟ ਹੋਣੀਆਂ ਚਾਹੀਦੀਆਂ ਹਨ। ਇਸ ਸਬੰਧੀ ਉਹ ਹਾਸਬਰਾ ਸਲਤਨਤ ਅਧੀਨ ਰਹਿ ਰਹੇ ਸਲੋਵਾਕਾਂ, ਕਰੋਸ਼ਾਂ ਅਤੇ ਸਲੋਵੀਨੀਅਨਾਂ ਦੀ ਉਦਾਹਰਨ ਦੇਂਦੇ ਹਨ, ਜਿਨ੍ਹਾਂ ਵਿੱਚ ਇਹ ਚੇਤਨਤਾ ਕੁੱਟ- ਕੁੱਟ ਕੇ ਭਰੀ ਹੋਈ ਸੀ ਕਿ ਨਾ ਤਾਂ ਉਹ ਜਰਮਨ ਹਨ ਅਤੇ ਨਾ ਮੈਗਯਾਰ। ਬੇਸ਼ੱਕ ਉਨ੍ਹਾਂ ਵਿੱਚ ਆਪਣੇ ਕੌਮੀ ਜਜ਼ਬੇ ਬਾਰੇ ਚੇਤੰਨਤਾ ਥੋੜ੍ਹੀ ਕਮਜ਼ੋਰ ਸੀ ਪਰ ਇਸ ਗੱਲ ਬਾਰੇ ਕੋਈ ਭਰਮ ਭੁਲੇਖਾ ਨਹੀਂ ਸੀ ਕਿ ਨਾ ਤਾਂ ਉਹ ਜਰਮਨ ਹਨ ਅਤੇ ਨਾ ਹੀ ਮੈਗਯਾਰ।

ਉਨ੍ਹਾਂ ਕੌਮਾਂ ਦਾ ਸਿਆਸੀ ਭਵਿਖ ਹਮੇਸ਼ਾ ਹੀ ਖਤਰੇ ਮੂੰਹ ਆਇਆ ਰਹਿੰਦਾ ਹੈ ਜਿਨ੍ਹਾਂ ਨੂੰ ਪਰਿਭਾਸ਼ਤ ਕਰਨ ਵਾਲੇ ਬੇਗਾਨੇ ਅਤੇ ਦੁਸ਼ਮਣ ਹੋਣ। ਕੌਮ ਇੱਕ ਸਵੈ-ਪਰਿਭਾਸ਼ਤ ਗਰੁੱਪ ਹੈ। ਬੇਸ਼ੱਕ ਇਤਿਹਾਸ ਦੇ ਕਿਸੇ ਮੋੜ 'ਤੇ ਆ ਕੇ ਕੌਮ ਦੇ ਕੁਝ ਭਟਕੇ ਹੋਏ ਵਿਦਵਾਨ ਅਤੇ ਬੇਗਾਨੇ ਲੋਕ ਕੌਮ ਨੂੰ ਗਲਤ ਢੰਗ ਨਾਲ ਪਰਿਭਾਸ਼ਤ ਕਰਨ ਲੱਗ ਪੈਣ ਪਰ ਕੌਮ ਦੇ ਜਜ਼ਬਿਆਂ ਵਿੱਚ ਉਹ ਹੀ ਪਰਿਭਾਸ਼ਾ ਜਿਉਂਦੀ ਰਹਿੰਦੀ ਹੈ ਜਿਸ ਵਿੱਚ ਉਸ ਦੇ ਸੂਰਮਿਆਂ ਦਾ ਜਾਂਬਾਜ਼ ਇਤਿਹਾਸ ਅਤੇ ਉਸ ਦੇ ਧਾਰਮਕ ਰਹਿਬਰਾਂ ਦੀ ਰੱਬੀ ਬਖਸ਼ਿਸ਼ ਦੇ ਝਲਕਾਰੇ ਮਿਲਦੇ ਹੋਣ। ਕਿਸੇ ਵੱਲੋਂ ਪਰਿਭਾਸ਼ਤ ਕੀਤੇ ਕੌਮੀ ਜਜ਼ਬੇ ਇਤਿਹਾਸ ਦੇ ਯਥਾਰਥ ਸਾਹਮਣੇ ਬਹੁਤੀ ਦੇਰ ਨਹੀ ਟਿਕਦੇ। ਮਾਰਕਸਵਾਦੀਆਂ ਨੂੰ ਉਸ ਝੂਠੇ ਕੌਮਵਾਦ ਦਾ ਝਟਕਾ ਉਦੋਂ ਲੱਗਾ ਜਦੋਂ ਦੂਜੀ ਸੰਸਾਰ ਜੰਗ ਵੇਲੇ ਹਰ ਮੁਲਕ ਦਾ ਕਾਮਾ, ਆਪਣਾ ਆਰਥਕ ਸ਼ੋਸ਼ਣ ਕਰਨ ਵਾਲੇ ਉਦਯੋਗਪਤੀਆਂ ਦੇ ਮੋਢੇ ਨਾਲ ਮੋਢਾ ਡਾਹ ਕੇ ਦੂਜੇ ਮੁਲਕਾਂ ਦੇ ਕਾਮਿਆਂ ਦੇ ਖਿਲਾਫ ਡਟ ਗਿਆ।

ਸੰਨ 1984 ਵਿੱਚ ਸਿੱਖਾਂ ਨੂੰ ਵੀ ਇੱਕ ਅਜਿਹਾ ਝਟਕਾ ਲੱਗਾ ਜਿਸ ਨੇ ਕੌਮ ਦੀ ਮਾਨਸਿਕਤਾ ਨੂੰ ਦਹਿਲਾ ਦਿੱਤਾ। ਸੰਨ 1984 ਦਾ ਝਟਕਾ ਇਸ ਲਈ ਵਿਲੱਖਣ ਸੀ ਕਿ ਉਸ ਤੋਂ ਪਹਿਲਾਂ ਸਿੱਖਾਂ ਨੂੰ ਪਰਿਭਾਸ਼ਤ ਕਰਨ ਵਾਲੇ ਲੋਕ ਬੇਗਾਨੇ ਜਾਂ ਵਿਰੋਧੀ ਸਨ। 18ਵੀਂ ਸਦੀ ਵਿੱਚ ਗੁਰਧਾਮਾਂ 'ਤੇ ਹੋਣ ਵਾਲੇ ਦੁਸ਼ਮਣਾਂ ਦੇ ਹਮਲਿਆਂ ਦਾ ਕੌਮ ਨੂੰ ਕਦੇ ਝਟਕਾ ਨਹੀਂ ਸੀ ਲੱਗਾ, ਕਿਉਂਕਿ ਸਿੱਖਾਂ ਅਤੇ ਦੁਸ਼ਮਣਾਂ ਦਰਮਿਆਨ ਲਕੀਰਾਂ ਸ਼ਪਸ਼ਟ ਖਿੱਚੀਆਂ ਹੋਈਆਂ ਸਨ। ਸੰਨ 1984 ਤੋਂ ਪਹਿਲਾਂ ਇਸ ਤਰ੍ਹਾਂ ਨਹੀਂ ਸੀ। ਸਿੱਖਾਂ ਨੂੰ ਇਹ ਵਿਸ਼ਵਾਸ ਕਰਵਾਇਆ ਗਿਆ ਸੀ ਕਿ ਉਹ ਸਾਡੇ ਵੱਡੇ ਭਰਾ ਹਨ।

ਇਤਿਹਾਸ ਵਿੱਚ ਹਮੇਸ਼ਾ ਉਹ ਕੌਮਾਂ ਹੀ ਆਪਣੀ ਹੋਂਦ ਅਤੇ ਹਸਤੀ ਨੂੰ ਵਕਤ ਦੇ ਔਰੰਗਿਆਂ ਅਤੇ ਨਾਦਰਾਂ ਤੋਂ ਬਚਾ ਕੇ ਰੱਖ ਸਕੀਆਂ ਹਨ ਜਿਨ੍ਹਾਂ ਨੇ ਆਪਣੇ ਅਤੇ ਗਵਾਂਢੀਆਂ ਦਰਮਿਆਨ ਫਰਕ ਦੀਆਂ ਲਕੀਰਾਂ ਸਪਸ਼ਟ ਰੂਪ ਵਿੱਚ ਤਿੱਖੀਆਂ ਕਰਕੇ ਰੱਖੀਆਂ। ਪੋਲਿਸ਼ ਕੌਮ ਦੀ ਉਦਾਹਰਨ ਸਭ ਦੇ ਸਾਹਮਣੇ ਹੈ। ਸਦੀਆਂ ਤੱਕ ਉਨ੍ਹਾਂ ਦੀ ਧਰਤੀ 'ਤੇ ਵਕਤ ਦੇ ਔਰੰਗੇ ਅਤੇ ਨਾਦਰ ਸ਼ਾਹ ਆਪਣੀਆਂ ਫੌਜਾਂ ਨਾਲ ਦਨਦਨਾਉਂਦੇ ਰਹੇ ਪਰ ਪੋਲਿਸ਼ ਕੌਮ ਦੀ ਵਿਲੱਖਣਤਾ ਅਤੇ ਆਤਮ-ਸਨਮਾਨ ਨੂੰ ਖਤਮ ਨਾ ਕਰ ਸਕੇ। ਬਹੁਤ ਲੰਬੇ ਸਮੇਂ ਤੱਕ ਦੀ ਸਿਆਸੀ ਗੁਲਾਮੀ ਭੋਗਣ ਦੇ ਬਾਵਜੂਦ ਪੋਲਿਸ਼ ਕੌਮ ਦੀ ਹੋਂਦ ਨਾ ਖਤਮ ਹੋਈ ਕਿਉਂਕਿ ਵਖਰੇਵੇਂ ਦੀਆਂ ਲਕੀਰਾਂ ਸ਼ਪਸ਼ਟ ਸਨ।

ਰੂਸ ਦੇ ਬਾਲਟਿਕ ਕੋਸਟ 'ਤੇ ਵਸੇ ਹੋਏ, ਬਾਲਟਿਕ ਲੋਕਾਂ ਅਤੇ ਫਿਨੋ-ਉਗਰਿਕ ਲੋਕਾਂ ਦੀ ਸਥਾਪਤ ਹੋਂਦ ਦੀ ਕਹਾਣੀ ਵੀ ਕੁਝ ਇਸੇ ਤਰ੍ਹਾਂ ਦੀ ਹੈ। ਬਹੁਤ ਜ਼ਿਆਦਾ ਕੁਦਰਤੀ ਸੋਮੇ ਹੋਣ ਦੇ ਕਾਰਨ ਇਸ ਖਿੱਤੇ ਵਿੱਚ ਵਸੋਂ ਬਹੁਤ ਸੰਘਣੀ ਸੀ ਅਤੇ ਵਕਤ ਦੇ ਕਿਸੇ ਮੋੜ 'ਤੇ ਆ ਕੇ ਬਾਲਟਿਕ ਅਤੇ ਫਿਨੋ-ਉਗਰਿਕ ਦੁਸ਼ਮਣ ਕੌਮਾਂ ਦਰਮਿਆਨ ਘਿਰ ਗਏ। ਪਰ ਆਪਣੇ ਸੰਸਕਾਰਾਂ ਅਤੇ ਇਤਿਹਾਸ, ਧਰਮ, ਭਾਸ਼ਾ ਦੀਆਂ ਸਪੱਸ਼ਟ ਲਕੀਰਾਂ ਕਾਰਨ ਉਹ ਖੂੰਖਾਰੂ ਦੁਸ਼ਮਣਾਂ ਦੇ ਵਿੱਚ ਰਹਿੰਦੇ ਹੋਏ ਵੀ, ਬੋਗਨਵਿਲੀਏ ਦੇ ਫੁੱਲ ਵਾਂਗ ਖਿੜੇ ਰਹੇ। ਇਤਿਹਾਸਕਾਰ ਦੱਸਦੇ ਹਨ ਕਿ ਦੁਸ਼ਮਣਾਂ ਵਿੱਚ ਘਿਰੇ ਹੋਣ ਕਾਰਨ ਇਨ੍ਹਾਂ ਕੌਮੀ ਸਮੂਹਾਂ ਵਿੱਚ ਆਪਣੀ ਹੋਂਦ ਅਤੇ ਪਹਿਚਾਣ ਬਾਰੇ ਚੇਤੰਨਤਾ ਸਗੋਂ ਹੋਰ ਮਜ਼ਬੂਤ ਹੋ ਗਈ।

ਕੌਮਵਾਦ ਦੇ ਇੱਕ ਹੋਰ ਵਿਦਵਾਨ ਪ੍ਰੋਫੈਸਰ ਅਜ਼ਰ ਗੈਟ ਦਾ ਮੰਨਣਾ ਹੈ ਕਿ ਜਦੋਂ ਕੌਮਾਂ ਉੱਤੇ ਬਾਹਰੀ ਹਮਲੇ ਅਤੇ ਦਬਾਅ ਵਧ ਜਾਂਦੇ ਹਨ, ਤਾਂ ਕੌਮਾਂ ਦੇ ਅੰਦਰੂਨੀ ਮੱਤਭੇਦ ਖਤਮ ਹੋ ਜਾਂਦੇ ਹਨ ਅਤੇ ਉਹ ਆਪਣੀ ਹੋਂਦ ਲਈ ਚੇਤੰਨ ਹੋ ਜਾਂਦੀਆਂ ਹਨ।

ਕਸ਼ਮੀਰ ਦੇ ਮਾਮਲੇ ਵਿੱਚ ਭਾਰਤ ਸਰਕਾਰ ਦਾ ਤਾਜ਼ਾ ਫੈਸਲਾ ਵੀ ਇਸੇ ਦਿਸ਼ਾ ਵਿੱਚ ਪੁੱਟਿਆ ਗਿਆ ਇੱਕ ਬਹੁਤ ਮਹੱਤਵਪੂਰਨ ਕਦਮ ਹੈ। ਦੇਸ਼ ਦੀ ਸੱਤਾ 'ਤੇ ਕਾਬਜ਼ ਧਿਰ ਪੂਰੀ ਸਿਆਸੀ ਸਪੱਸ਼ਟਤਾ ਨਾਲ ਵਖਰੇਵੇਂ ਦੀਆਂ ਲਕੀਰਾਂ ਪੱਕੀਆਂ ਕਰਨ ਦੇ ਯਤਨ ਕਰ ਰਹੀ ਹੈ। ਇਹ ਸਭ ਕੁਝ ਉਹ ਜਮਹੂਰੀਅਤ ਦੇ ਮੰਦਰ ਵਿੱਚ ਬੈਠ ਕੇ ਕਰ ਰਹੀ ਹੈ। ਉਸ ਧਿਰ ਨੂੰ ਪਤਾ ਹੈ ਕਿ ਕੌਮਾਂ ਦੀ ਹੋਂਦ ਦੀ ਲੜਾਈ ਵਿੱਚ ਵਖਰੇਵੇਂ ਸਪੱਸ਼ਟ ਹੋਣੇ ਚਾਹੀਦੇ ਹਨ। ਧਾਰਾ 370 ਵਾਲਾ ਫੈਸਲਾ ਆਉਣ ਤੋਂ ਬਾਅਦ ਬਹੁ-ਗਿਣਤੀ ਨੇ ਆਪਣੇ ਵਿਚਾਰ ਲੁਕੋ ਕੇ ਨਹੀਂ ਰੱਖੇ ਪੂਰੇ ਦੇਸ਼ ਵਿੱਚ ਖੁਸ਼ੀ ਮਨਾਈ ਜਾ ਰਹੀ ਹੈ। ਹਰ ਵੱਡਾ ਛੋਟਾ ਇਸ ਫੈਸਲੇ 'ਤੇ ਖੁਸ਼ ਹੈ, ਲਕੀਰਾਂ ਸਪੱਸ਼ਟ ਹਨ।

ਇਹ ਇਸੇ ਕਰਕੇ ਹੈ ਕਿ ਕੌਮੀ ਹੋਂਦ ਦੀ ਲੜਾਈ ਵਿੱਚ ਸਿਰਫ ਆਪਣੇ ਲੋਕਾਂ ਅਤੇ ਆਪਣੀ ਕੌਮ ਦੇ ਹਿੱਤ ਹੀ ਪਰਮੁੱਖ ਹੁੰਦੇ ਹਨ। ਗੌਤਮ ਗੰਭੀਰ ਵਰਗਾ ਵੱਡਾ ਕ੍ਰਿਕਟ ਖਿਡਾਰੀ ਇਹ ਕਹਿੰਦਾ ਹੈ ਕਿ ਜੇ ਮੇਰੇ ਲੋਕਾਂ ਦੀ ਸੁਰੱਖਿਆ ਲਈ ਕਸ਼ਮੀਰ ਵਿੱਚ ਕਤਲੇਆਮ ਕੀਤਾ ਜਾਂਦਾ ਹੈ ਤਾਂ ਉਹ ਜਾਇਜ਼ ਹੈ। ਇਸ ਵਿੱਚੋਂ ਸਾਡੀ ਉਪਰੋਕਤ ਬਿਆਨ ਕੀਤੀ ਸਚਾਈ ਸਪੱਸ਼ਟ ਹੁੰਦੀ ਹੈ। ਆਪਣੀ ਗੱਲ ਕਹਿਣ ਲੱਗਿਆਂ ਗੌਤਮ ਗੰਭੀਰ ਨੇ ਇੱਕ ਪਲ ਲਈ ਵੀ ਇਹ ਨਹੀਂ ਸੋਚਿਆ ਕਿ ਮੇਰਾ ਆਪਣਾ ਕੀ ਰੁਤਬਾ ਹੈ ਜਾਂ ਮੈਂ ਕਿਸ ਜਮਹੂਰੀ ਸਮਾਜ ਦਾ ਹਿੱਸਾ ਹਾਂ।

ਅਸੀਂ ਸਮਝਦੇ ਹਾਂ ਕਿ ਉਸ ਨੂੰ ਅਜਿਹਾ ਕਰਨਾ ਵੀ ਨਹੀਂ ਚਾਹੀਦਾ। ਕਿਉਂਕਿ ਕੌਮੀ ਹੋਂਦ ਦੀ ਲੜਾਈ ਵਿੱਚ ਜਮਹੂਰੀਅਤ ਦੇ ਘੁੰਡ ਕੱਢ ਕੇ ਮੈਦਾਨ ਵਿੱਚ ਨਹੀਂ ਆਉਣਾ ਚਾਹੀਦਾ।

ਕਸ਼ਮੀਰੀਆਂ ਦੀ ਲੜਾਈ ਮੁਲਾਜ਼ਮ ਯੂਨੀਅਨ ਦੀ ਲੜਾਈ ਨਹੀਂ ਹੈ, ਜਿਸ ਲਈ 370 ਵਰਗੇ ਰਾਖਵੇਂਕਰਨ ਦੀ ਲੋੜ ਪਵੇ। ਰਾਖਵਾਂਕਰਨ ਵੱਖਰੀ ਕੌਮ ਨੂੰ ਨਹੀ ਹੁੰਦਾ ਬਲਕਿ ਬਹੁ-ਗਿਣਤੀ ਨਾਲ ਹੋਏ ਵੱਖਰੇ ਸਮਾਜੀ ਗਰੁੱਪ ਲਈ ਹੁੰਦਾ ਹੈ।

ਸੋ ਕੌਮੀ ਸਵੈਮਾਣ ਦੀ ਰਾਖੀ ਲਈ ਹੋਣ ਵਾਲੇ ਕਿਸੇ ਵੀ ਸੰਘਰਸ਼ ਵਿੱਚ ਵਖਰੇਵੇਂ ਦੀਆਂ ਲਕੀਰਾਂ ਬਿਲਕੁਲ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ, ਜੋ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੇ ਸਪੱਸ਼ਟ ਕਰ ਦਿੱਤੀਆਂ ਹਨ। ਅਸੀਂ ਸਮਝਦੇ ਹਾਂ ਕਿ ਇਹ ਕਸ਼ਮੀਰ ਲਈ ਬਹੁਤ ਮਹੱਤਵਪੂਰਨ ਅਤੇ ਸਵਾਗਤਯੋਗ ਫੈਸਲਾ ਹੈ। ਹੁਣ ਕਸ਼ਮੀਰੀ ਵਿਦਵਾਨਾਂ ਅਤੇ ਦਾਨਿਸ਼ਵਰਾਂ ਨੇ ਸੋਚਣਾ ਹੈ ਕਿ ਉਨ੍ਹਾਂ ਵਿਚਾਰਧਾਰਕ ਤੌਰ ਤੇ ਅੱਗੋਂ ਕਿਵੇਂ ਵਿਚਰਨਾ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the Lowest Health Insurance Premiums available
Some Households qualify for FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਅਕਾਲ ਤਖ਼ਤ ਵੱਲੋਂ ਗ਼ਦਰੀ ਬਾਬਿਆਂ ਵਿਰੁੱਧ 'ਹੁਕਮਨਾਮੇ' ਦਾ ਕੱਚ-ਸੱਚ

**ਅਜਮੇਰ ਸਿੰਘ**

*(ਭਾਗ ਦੂਜਾ)*

26 ਸਤੰਬਰ ਨੂੰ ਛੇਹਰਟੇ ਡੇਢ-ਦੋ ਹਜ਼ਾਰ ਦੇ ਇਕੱਠ ਵਿਚ ਇਹ ਗੁਰਮਤਾ ਪਰਵਾਨ ਕੀਤਾ ਗਿਆ ਕਿ ਚੂੰ ਕਿ ਚੀਫ਼ ਖਾਲਸਾ



ਦੀਵਾਨ ਹਮੇਸ਼ਾ ਸਰਕਾਰੀ ਹਾਂ ਵਿਚ ਹਾਂ ਮਿਲਾਉਂਦਾ ਰਿਹਾ ਹੈ ਇਸ ਲਈ ਇਸ ਨੂੰ ਬਾਈਕਾਟ (ਤਨਖਾਹੀਆ) ਕੀਤਾ ਜਾਵੇ। ਇਸ ਦੇ ਨਾਲ ਕਾਮਾਗਾਟਾਮਾਰੂ ਦੇ ਮੁਸਾਫਰਾਂ ਦੇ ਖ਼ਿਲਾਫ਼ ਗੁਪਤ ਪੱਤਰ ਜਾਰੀ ਕਰਨ ਦੀ ਸਖਤ ਨਿੰਦਿਆ ਕੀਤੀ ਗਈ। ਖਾਲਸਾ ਦੀਵਾਨ ਸਿਆਲਕੋਟ ਦੇ ਸਕੱਤਰ ਭਾਈ ਸੱਜਣ ਸਿੰਘ ਨੇ 'ਸਰਬਰਾਹਾਂ, ਮਹੰਤਾਂ ਤੇ ਪੁਜਾਰੀਆਂ'ਦੇ ਨਾਂ ਖੁੱਲ੍ਹੀ ਚਿੱਠੀ ਲਿਖੀ, "ਤੁਸਾਂ ਸਰਕਾਰੀ ਅਫਸਰਾਂ ਤੇ ਝੋਲੀ ਚੁੱਕਾਂ ਨਾਲ ਮਿਲ ਕੇ ਜਾਂ ਉਨ੍ਹਾਂ ਦੇ ਦਬਾਅ ਹੇਠਾਂ ਆ ਕੇ ਪੰਥ ਦੇ ਸੁੱਚੇ ਹੀਰਿਆਂ ਤੇ ਸ਼ਹੀਦ ਸਿੰਘਾਂ ਨੂੰ ਅਸਿੱਖ ਆਖਿਆ। " (ਅਕਾਲੀ 3 ਅਕਤੂਬਰ 1920)।

ਬਾਬਾ ਹਰਨਾਮ ਸਿੰਘ ਕਾਲਾ ਸੰਘਿਆ ਨੂੰ ਅਪਰੈਲ-1929 ਵਿਚ ਮਦਰਾਸ ਦੀ ਵੈਲੂਰ ਜੇਲ੍ਹ ਤੋਂ ਬਦਲ ਕੇ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆਂਦਾ ਗਿਆ। ਜਦ ਉਹ ਦਿੱਲੀ ਪਹੁੰਚੇ ਤਾਂ ਉਹ ਨੇਮ ਮੁਤਾਬਕ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਮੱਥਾ ਟੇਕਣ ਗਏ। ਉੱਥੇ ਉਨ੍ਹਾਂ ਨੂੰ ਬਹੁਤ ਸਤਿਕਾਰ ਨਾਲ ਸਿਰੋਪਾ (ਦਸਤਾਰ) ਬਖ਼ਸ਼ਿਆ ਗਿਆ। ਫਿਰ ਜਦ ਉਹ ਸੰਨ 1935 ਵਿਚ ਰਿਹਾਅ ਹੋ ਕੇ ਆਪਣੇ ਪਿੰਡ ਪਹੁੰਚੇ ਤਾਂ ਨਗਰ ਨਿਵਾਸੀਆਂ ਨੇ ਆਪ ਜੀ ਨੂੰ ਸਿਰੋਪਾ (ਦਸਤਾਰ ਤੇ ਤਿੰਨ ਫੁੱਟੀ ਕਿਰਪਾਨ) ਦੇ ਕੇ ਸਨਮਾਨਤ ਕੀਤਾ। ਇਸ ਉਪਰੰਤ ਕਪੂਰਥਲਾ ਵਿਖੇ ਗ਼ਦਰ ਪਾਰਟੀ ਤੇ ਅਕਾਲੀ ਦਲ ਨੇ ਬਾਬਾ ਜੀ ਦਾ ਸਾਂਝੇ ਤੌਰ 'ਤੇ ਸਨਮਾਨ ਕਰਦੇ ਹੋਏ ਉਨ੍ਹਾਂ ਨੂੰ ਦਸਤਾਰ ਤੇ ਕ੍ਰਿਪਾਨ ਭੇਟ ਕੀਤੀ। ਜਦ ਬਾਬਾ ਹਰਨਾਮ ਸਿੰਘ (ਕੋਟਲਾ ਨੌਧ) ਕਾਲਾ ਸੰਘਿਆ, ਬਾਬਾ ਹਰਨਾਮ ਸਿੰਘ ਜੀ ਨੂੰ ਮਿਲਣ ਉਨ੍ਹਾਂ ਦੇ ਘਰ ਪਧਾਰੇ ਤਾਂ ਉਨ੍ਹਾਂ ਵੀ ਬਾਬਾ ਜੀ ਦੇ ਸਨਮਾਨ ਹਿੱਤ ਇਕ ਕ੍ਰਿਪਾਨ, ਇਕ ਦਸਤਾਰ ਤੇ ਸੌ ਰੁਪਏ ਨਕਦ ਭੇਟ ਕੀਤੇ। ਅਗਲੇ ਸਾਲ 1936 ਵਿੱਚ ਗ਼ਦਰ ਪਾਰਟੀ ਨੇ ਬਾਬਾ ਜੀ ਨੂੰ ਅੰਮ੍ਰਿਤਸਰ ਵਿਖੇ ਬੁਲਾ ਕੇ ਸਨਮਾਨਤ ਕੀਤਾ। ਉਨ੍ਹਾਂ ਨੂੰ ਇਕ ਕ੍ਰਿਪਾਨ ਤੇ ਦਸਤਾਰ ਭੇਟ ਕੀਤੀ ਗਈ। ਸਨਮਾਨ ਕਰਨ ਵੇਲੇ ਬਾਬਾ ਸੋਹਣ ਸਿੰਘ ਜੀ ਭਕਨਾ, ਸ਼ੇਰ ਸਿੰਘ ਵੇਈਂ ਪੋਈਂ, ਬਾਬਾ ਜਵਾਲਾ ਸਿੰਘ ਠੱਠੀਆਂ, ਹਰਨਾਮ ਸਿੰਘ ਕੋਟਲਾ (ਟੁੰਡੀਲਾਟ), ਬਾਬਾ ਵਸਾਖਾ ਸਿੰਘ ਦਦੇਹਰ ਆਦਿ ਗ਼ਦਰੀ ਬਾਬੇ ਮੌਜੂਦ ਸਨ। ਸੰਨ 1937 ਵਿਚ ਬਾਬਾ ਹਰਨਾਮ ਸਿੰਘ ਜੀ ਨੂੰ ਕੇਸਗੜ੍ਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਤਿਕਾਰ ਸਹਿਤ ਕ੍ਰਿਪਾਨ ਭੇਟ ਕੀਤੀ ਗਈ। ਇਸ ਤੋਂ ਬਾਅਦ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕ ਵਾਰ ਫਿਰ ਮਾਲਵਾ ਦੀਵਾਨ ਦੀ ਤਰਫੋਂ ਬਾਬਾ ਜੀ ਨੂੰ ਸਿਰੋਪਾ ਦਿੱਤਾ ਗਿਆ। ਬਾਬਾ ਹਰਨਾਮ ਸਿੰਘ ਕਾਲਾ ਸੰਘਿਆ ਸਮੇਤ ਅੱਠ ਗ਼ਦਰੀ ਬਾਬੇ (ਬਾਬਾ ਭਕਨਾ, ਸ਼ੇਰ ਸਿੰਘ ਵੇਈਂ ਪੋਈਂ, ਬਾਬਾ ਜਵਾਲਾ ਸਿੰਘ, ਪਾਖਰ ਸਿੰਘ ਢੁੱਡੀ ਕੇ ਤੇ ਬਾਬਾ ਵਸਾਖਾ ਸਿੰਘ ਆਦਿ) ਸਟੇਜ ਉੱਤੇ ਸੁਸ਼ੋਭਤ ਸਨ। (ਆਤਮ ਕਥਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆ ਵਿੱਚੋਂ)।

20 ਅਕਤੂਬਰ 1920 ਨੂੰ ਲਾਹੌਰ ਬ੍ਰੈਡਲੇ ਹਾਲ ਵਿੱਚ ਹੋਏ ਸਿੱਖ ਲੀਗ ਦੇ ਸਮਾਗ਼ਮ ਦੀ ਰਿਪੋਰਟ : ਕੌਮੀ ਅਣਖ ਨੂੰ ਜਗਾਣ ਵਾਲਾ ਤੇ ਕੁਰਬਾਨੀ ਦੀ ਜੋਤ ਜਗਾਣ ਵਾਲਾ ਸਭ ਤੋਂ ਅਦੁੱਤੀ ਨਜ਼ਾਰਾ ਕਾਮਾਗਾਟਾਮਾਰੂ ਅਤੇ ਹੋਰ ਅਮਰੀਕਾ ਕੈਨੇਡਾ ਵਾਸੀ ਗੁਰੂ ਦੁਲਾਰਿਆਂ ਦਾ ਸੀ, ਜਿਨ੍ਹਾਂ ਵਿੱਚ ਭਾਈ ਪਿਆਰਾ ਸਿੰਘ ਜੀ ਲੰਗੇਰੀ, ਭਾਈ ਬਖ਼ਤਾਵਰ ਸਿੰਘ ਜੀ ਆਦਿਕ 50 ਦੇ ਕਰੀਬ ਇਕੱਠੇ ਸਟੇਜ ਦੇ ਸੱਜੇ ਪਾਸੇ ਸਜ ਰਹੇ ਸਨ। ਸੱਤ ਕੁਰਸੀਆਂ ਖਾਲੀ ਪਈਆਂ ਸਨ ਤੇ ਜਦ ਵੀ ਉਨ੍ਹਾਂ ਵੱਲ ਨਿਗਾਹ ਪੈਂਦੀ ਸੀ, ਦਿਲ ਤੜਫ਼ ਉਠਦਾ ਸੀ। ਇਕ ਵੇਰਾਂ ਭਰਿਆ ਹੋਇਆ ਪੰਡਾਲ ਸੁੰਨਾ ਮਾਲੂਮ ਹੋਣ ਲੱਗ ਪੈਂਦਾ ਸੀ। ਇਹ ਕੁਰਸੀਆਂ ਭਾਈ ਰਣਧੀਰ ਸਿੰਘ ਜੀ, ਭਾਈ ਚਤਰ ਸਿੰਘ, ਭਾਈ ਅਮਰ ਸਿੰਘ, ਭਾਈ ਨਿਸ਼ਾਨ ਸਿੰਘ ਜੀ, ਭਾਈ ਮਦਾਨ ਸਿੰਘ ਜੀ, ਭਾਈ ਜਵਾਲਾ ਸਿੰਘ ਜੀ, ਭਾਈ ਊਧਮ ਸਿੰਘ ਕਸੇਲ ਨੂੰ ਆਪਣੇ 'ਤੇ ਬੈਠਣ ਲਈ ਸੱਦ ਰਹੀਆਂ, ਜੋ ਇਸ ਵੇਲੇ ਜੇਲ੍ਹਾਂ ਵਿਚ ਬੈਠੇ ਭਾਵੇਂ ਸਾਡੇ ਵਿਚ ਆ ਕੇ ਕੰਮ ਨਹੀਂ ਕਰ ਰਹੇ ਪਰ ਆਪਣਾ ਲਹੂ ਕੌਮੀ ਬੂਟੇ ਲਈ ਸੁਕਾ ਰਹੇ ਹਨ। ਇਸ ਮੌਕੇ ਹਰਚੰਦ ਸਿੰਘ ਨੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਅਤੇ ਕੈਨੇਡਾ ਵਾਸੀ ਉਨ੍ਹਾਂ ਸਿੱਖ ਵੀਰਾਂ ਦੇ ਦਰਸ਼ਨ ਕਰਾਏ ਜਿਨ੍ਹਾਂ ਨੇ ਕੌਮ ਤੇ ਮੁਲਕ ਦੀ ਖ਼ਾਤਰ ਅਸਹਿ ਕਸ਼ਟ ਸਹੇ, ਘਰ ਘਾਟ ਗਵਾਏ, ਕੈਦਾਂ ਕੱਟੀਆਂ ਅਤੇ ਆਪਣੀ ਕੁਰਬਾਨੀ ਨਾਲ ਮੁਲਕ ਵਿਚ ਇਕ ਜੀਵਨ ਪੈਦਾ ਕਰ ਦਿੱਤਾ। ਇਨ੍ਹਾਂ ਵੀਰਾਂ ਅਤੇ ਕੁਰਬਾਨੀ ਦੀਆਂ ਪੁਤਲਿਆਂ ਨੂੰ ਸਟੇਜ 'ਤੇ ਖੜ੍ਹਾ ਕਰਕੇ ਸਰਦਾਰ ਜੀ ਨੇ ਆਖਿਆ, "ਭਰਾਵੋ, ਇਨ੍ਹਾਂ ਵੀਰਾਂ ਨੇ ਉਸ ਵੇਲੇ ਅੰਗਰੇਜ਼ੀ ਨਿਆਂ ਦਾ ਪਾਜ ਖੋਲ੍ਹਿਆ ਜਿਸ ਵੇਲੇ ਹਿੰਦ ਵਿੱਚ ਅਜ




ਵਰਗੀ ਜਾਗ ਨਹੀਂ ਸੀ। ਇਨ੍ਹਾਂ ਨੇ ਕਾਨੂੰਨ ਅਨੁਸਾਰ ਕੈਨੇਡਾ ਵਿੱਚ ਜਹਾਜ਼ ਖੜ੍ਹਿਆ ਅਤੇ ਸਮੁੰਦਰਾਂ ਵਿੱਚ ਕਈ ਦਿਨ ਧੱਕੇ ਖਾ-ਖਾ ਕੇ ਖੱਜਲ ਹੁੰਦੇ ਰਹੇ। ਜਦ ਮੁੜ ਘਰ ਆਏ ਅੱਗੋਂ ਗੋਲੀਆਂ ਦੇ ਮੀਂਹ ਨਾਲ ਇਨ੍ਹਾਂ ਦੀ ਆਜ਼ਾਦੀ ਦੀ ਪਿਆਸ ਬੁਝਾਈ ਗਈ। ਭਰਾਵੋ, ਸਾਡੇ ਵੱਡੇ ਲੀਡਰਾਂ, ਉਸ ਵੇਲੇ ਕਿਹਾ, ਇਹ ਸਿੱਖ ਨਹੀਂ ਹਨ। (ਲਾਹਨਤ !) ਕੀ ਇਹ ਸਿੱਖ ਨਹੀਂ ਹਨ ? ਅਤੇ ਕੀ ਉਹ ਸਿੱਖ ਪੰਥ ਤੇ ਦੇਸ਼ ਖ਼ਾਤਰ ਸਦਕੇ ਹੋ ਜਾਣ ਵਾਲੇ ਸਿੱਖ ਨਹੀਂ ਹਨ ? ਅਤੇ ਕੀ ਉਹ ਸਿੱਖ ਹਨ ਜਿਹੜੇ ਦੋ ਚਾਰ ਮੁਰੱਬਿਆਂ ਦੀ ਖ਼ਾਤਰ ਭਰਾਵਾਂ ਦਾ ਗਲਾ ਕੱਟਦੇ ਹਨ ? (ਬਿਲਕੁਲ ਨਹੀਂ)। ਇਹ ਤਾਂ ਸੱਚੇ ਸਿੱਖ ਤੇ ਕਲਗੀਧਰ ਦੇ ਸਪੁੱਤਰ ਹਨ।

ਇਹ ਨਜ਼ਾਰਾ ਵੇਖ ਕੇ ਹਰੇਕ ਦਿਲ ਦਰਦ ਨਾਲ ਭਰ ਰਿਹਾ ਸੀ ਅਤੇ ਜਿਹੜੇ ਇਨ੍ਹਾਂ ਨੂੰ ਸਿੱਖ ਨਾ ਹੋਣ ਦੇ ਫ਼ਤਵੇ ਦੇਣ ਵਿੱਚ ਸ਼ਾਮਲ ਸਨ, ਉਹ ਸ਼ਰਮ ਨਾਲ ਪਾਣੀ-ਪਾਣੀ ਹੋ ਰਹੇ ਸਨ। ਖ਼ਾਸ ਕਰ ਗਿਆਨੀ ਗੁਰਬਖ਼ਸ਼ ਸਿੰਘ ਦੀ ਹਾਲਤ ਡਾਢੀ ਤਰਸਯੋਗ ਸੀ। "

(ਅਕਾਲੀ, 23 ਅਕਤੂਬਰ 1920)।

ਇਸ ਪੰਥਕ ਇਕੱਠ ਵਿੱਚ ਸੰਤ ਬਾਬਾ ਵਸਾਖਾ ਸਿੰਘ ਦਦੇਹਰ ਤੋਂ ਇਲਾਵਾ, ਬਾਬਾ ਭਾਗ ਸਿੰਘ ਕੈਨੇਡੀਅਨ, ਭਾਈ ਪਿਆਰਾ ਸਿੰਘ ਲੰਗੇਰੀ, ਮਾਸਟਰ ਮੋਤਾ ਸਿੰਘ ਅਤੇ ਕਰਤਾਰ ਸਿੰਘ ਝੱਬਰ ਸ਼ਾਮਲ ਸਨ। ਇਸ ਸਮਾਗਮ ਵਿੱਚ ਸੰਤ ਬਾਬਾ ਵਸਾਖਾ ਸਿੰਘ ਜੀ ਨੇ ਜੇਲ੍ਹਾਂ ਵਿੱਚ ਬੰਦ ਗ਼ਦਰੀਆਂ ਦੇ ਦੁਖੀ ਪਰਿਵਾਰਾਂ ਦੇ ਦੁਖੜੇ ਸੁਣਾਏ ਤੇ ਖ਼ਾਲਸਾ ਪੰਥ ਨੂੰ ਇਨ੍ਹਾਂ ਦੁਖੀ ਪਰਿਵਾਰਾਂ ਦੇ ਰੁਲ ਰਹੇ ਬਾਲ ਬੱਚਿਆਂ ਦੀ ਸਾਰ ਲੈਣ ਦੀ ਪ੍ਰੇਰਨਾ ਕੀਤੀ ਗਈ। ਬਾਬਾ ਜੀ ਦੀ ਅਪੀਲ ਦਾ ਹਾਜ਼ਰ ਸਿੱਖਾਂ ਦੇ ਹਿਰਦਿਆਂ ਉਪਰ ਬੜਾ ਹੀ ਗਹਿਰਾ ਅਸਰ ਹੋਇਆ। ਇਨ੍ਹਾਂ ਦੇ ਸੁਝਾਅ ਉਪਰ ਸਿੱਖ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦੇ ਪ੍ਰਧਾਨ ਹਰਚੰਦ ਸਿੰਘ ਰਈਸ ਲਾਇਲਪੁਰੀ ਨੂੰ ਬਣਾਇਆ ਗਿਆ। ਕਮੇਟੀ ਵਿੱਚ ਕੁੱਲ 9 ਮੈਂਬਰ ਲਏ ਗਏ। ਇਨ੍ਹਾਂ ਵਿੱਚ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ, ਜਸਵੰਤ ਸਿੰਘ ਝਬਾਲ, ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਸਮੁੰਦਰੀ ਆਦਿ ਉੱਘੀਆਂ ਸਿੱਖ ਹਸਤੀਆਂ ਸ਼ਾਮਲ ਕੀਤੀਆਂ ਗਈਆਂ।

ਅਮਰ ਸਿੰਘ ਝਬਾਲ ਭਾਵੇਂ ਬੀਮਾਰ ਸਨ ਪਰ ਫਿਰ ਵੀ ਉੱਠੇ ਤੇ ਬੋਲੇ, "ਖਾਲਸਾ ਜੀ, ਤੁਸੀਂ ਭੁੱਖੇ ਰਹਿ ਕੇ ਦੂਜਿਆਂ ਨੂੰ ਖਵਾਂਦੇ ਹੁੰਦੇ ਸਾਓ। ਹੁਣ ਆਪਣੇ ਭਰਾਵਾਂ ਦੇ ਕੌਮੀ ਸ਼ਹੀਦਾਂ ਦੇ, ਗੁਰੂ ਦੇ ਲਾਲਾਂ ਦੇ ਬੱਚੇ ਯਤੀਮ ਹੋਏ ਰੁਲ ਰਹੇ ਹਨ। ਪਿਆਰੇ ਸਰਦਾਰ ਗੁਰਦਿੱਤ ਸਿੰਘ ਦਾ ਪੁੱਤਰ ਮੈਂ ਸੁਣਿਆ ਹੈ ਕਿ ਡੰਗਰ ਚਾਰ ਕੇ ਰੋਟੀ ਖਾਂਦਾ ਹੈ (ਇਹ ਸੁਣ ਕੇ ਸਭ ਦੇ ਅੱਥਰੂ ਫੁੱਟ ਪਏ) ਤੁਸੀਂ ਇਨ੍ਹਾਂ ਦੇ ਪ੍ਰਬੰਧ ਕੀਤੇ ਬਿਨਾਂ ਰੋਟੀ ਨਾ ਖਾਓ। "

ਫਿਰ ਸਰਦਾਰ ਹਰਚੰਦ ਸਿੰਘ ਨੇ ਅਪੀਲ ਕੀਤੀ ਕਿ 'ਵੱਡਿਆਂ ਦਾ ਅਤੇ ਵੱਡੀਆਂ ਰਕਮਾਂ ਦਾ ਖਿਆਲ ਛੱਡੋ, ਜੋ ਦੇ ਸਕਦੇ ਹੋ ਦਿਓ। ਵੇਖੋ ਇਹ ਬਲਵੰਤ ਸਿੰਘ ਦਾ ਭੁਝੰਗੀ ਹੈ (ਛੋਟੇ ਭੁਝੰਗੀ ਨੂੰ ਮੇਜ਼ 'ਤੇ ਖੜ੍ਹਾ ਕਰਨ ਦੀ ਢਿੱਲ ਸੀ ਕਿ ਦਰਦ ਭਰੇ ਦਿਲਾਂ ਵਿੱਚ ਫੁੱਟ ਕੇ ਅੱਖੀਂ ਵਹਿ ਤੁਰੀਆਂ) ਕੌਮੀ ਸ਼ਹੀਦ ਦਾ ਸਪੁੱਤਰ ਹੈ। ਜੋ ਫਾਂਸੀ ਲੱਗ ਚੁੱਕਾ ਹੈ। ਵੇਖੋ ਇਸ ਦਾ ਕੀ ਹਾਲ ਹੈ ? (ਸਰਦਾਰ ਜੀ ਦਾ ਗਲਾ ਰੁਕ ਗਿਆ ਤੇ ਬੋਲ ਨਾ ਸਕੇ)

ਇਸ ਉਪਰੰਤ ਭਾਈ ਪਿਆਰਾ ਸਿੰਘ ਲੰਗੇਰੀ, ਜੋ ਥੋੜ੍ਹੇ ਦਿਨ ਪਹਿਲਾਂ ਹੀ ਜੇਲ੍ਹ ਵਿੱਚੋਂ ਰਿਹਾਅ ਹੋਏ ਸਨ, ਸਟੇਜ ਉੱਤੇ ਆਏ। ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਗਏ।' ਆਪ ਨੇ ਕਿਹਾ, "ਖਾਲਸਾ ਜੀ ਸਮਾਂ ਥੋੜ੍ਹਾ ਹੈ ਨਹੀਂ ਤਾਂ ਮੈਂ ਦੱਸਾਂ ਅਸਾਂ ਕੈਨੇਡਾ ਵਾਸੀ ਵੀਰਾਂ ਉੱਤੇ ਕਿਸ ਤਰ੍ਹਾਂ ਝੂਠੇ ਦੂਸ਼ਣ ਥੱਪੇ ਗਏ। ਕਹਿੰਦੇ ਹਨ ਸਾਨੂੰ ਹਰਦਿਆਲ ਨੇ ਭੜਕਾ ਕੇ ਭੇਜਿਆ, ਇਹ ਕੋਰਾ ਝੂਠ ਹੈ। ਜੇ ਮੈਂ ਸਾਰੇ ਹਾਲ ਫੋਲਾਂ ਤਾਂ ਆਪ ਨੂੰ ਪਤਾ ਲੱਗੇ ਕਿਸ ਤਰ੍ਹਾਂ ਸਾਨੂੰ ਕੈਨੇਡਾ ਵਿੱਚ ਸਤਾਇਆ ਗਿਆ। ਤੀਵੀਆਂ ਤੇ ਬੱਚੇ ਉੱਥੇ ਲੈ ਜਾਣ ਤੋਂ ਰੋਕ ਦਿੱਤਾ, ਇਹ ਕਿੱਥੋਂ ਦਾ ਨਿਆਇ ਹੈ ? ਅਸੀਂ ਵਲਾਇਤ ਤਕ ਤਾਰਾਂ ਤੇ ਮੈਜਰਨਾਮੇ ਭੇਜੇ,ਕਿਸੇ ਨਾ ਸੁਣੀ। ਕਾਮਾਗਾਟਾਮਾਰੂ ਦੇ ਭਿਆਨਕ ਕਾਰੇ ਨੇ ਸਾਡੇ ਕਾਲਜੇ ਵਿੰਨ੍ਹ ਦਿੱਤੇ ਅਤੇ ਅਸੀਂ ਉਹ ਦੇਸ਼ ਛੱਡ ਕੇ ਆਪਣੇ ਵਤਨ ਆ ਗਏ ਕਿ ਦੇਸ਼ ਵਾਸੀਆਂ ਨੂੰ ਕੋਈ ਗ਼ੈਰਤ ਦਵਾਈਏ ਤੇ ਜਗਾਈਏ। ਪਰ ਸਾਨੂੰ ਆਉਂਦਿਆਂ ਨੂੰ ਜੇਲ੍ਹਾਂ ਵਿੱਚ ਪਾ ਦਿੱਤਾ ਗਿਆ। "

ਮਾਸਟਰ ਮੋਤਾ ਸਿੰਘ ਨੇ ਸਟੇਜ 'ਤੇ ਆ ਕੇ ਜੁੱਤੀ ਲਾਹ ਦਿੱਤੀ ਤੇ ਆਖਿਆ, "ਭਾਵੇਂ ਤੁਸੀਂ ਆਖੋ ਕਿ ਮੈਂ ਪਖੰਡ ਕਰਨ ਲੱਗਾ ਹਾਂ ਪਰ ਮੈਥੋਂ ਹੁਣ ਰਿਹਾ ਨਹੀਂ ਜਾਂਦਾ। ਭਾਈ ਰਣਧੀਰ ਸਿੰਘ ਦੀ ਸੁਪਤਨੀ ਦੀ ਚਿੱਠੀ ਮੇਰੇ ਹੱਥ ਵਿੱਚ ਹੈ ਜੋ ਮੈਂ ਸੁਣਾਵਾਂਗਾ। " ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ। ਦੁੱਖ ਇਤਨਾ ਵਧ ਗਿਆ ਹੈ ਕਿ ਮੈਂ ਜੁੱਤੀ ਲਾਹ ਦਿੱਤੀ ਹੈ ਤੇ ਉਦੋਂ ਤਕ ਨਹੀਂ ਪਾਵਾਂਗਾ ਜਦ ਤਕ ਮੇਰੇ ਭਰਾ ਬਾਹਰ ਨਾ ਆ ਜਾਣਗੇ। ਮੈਂ ਰੋਟੀ ਵੀ ਇਕ ਡੰਗ ਖਾਵਾਂਗਾ। ਮੈਂ ਕੱਪੜੇ ਵੀ ਲਾਹ ਦਿੰਦਾ ਪਰ ਕਹਿੰਦੇ ਹਨ ਇਹ ਸਿੱਖੀ ਦੇ ਉਲਟ ਹੈ।

ਭਾਈ ਰਣਧੀਰ ਸਿੰਘ ਕੇਵਲ ਮਾਲਵੇ ਦਾ ਸ਼ੇਰ ਹੀ ਨਹੀਂ ਸੀ, ਪੰਜਾਬ ਅਤੇ ਹਿੰਦ ਦਾ ਹੀ ਬੀਰ ਨਹੀਂ ਸੀ। ਉਹ ਅਸੂਲ ਉੱਤੇ ਜਾਨ ਦੇਣ ਵਾਲਾ ਸ਼ੇਰ ਬੱਬਰ ਸੀ। ਉਨ੍ਹਾਂ ਦੀ ਸਿੰਘਣੀ 'ਤੇ ਬੜੇ ਕਸ਼ਟ ਆਏ ਪਰ ਉਨ੍ਹਾਂ ਆਖਿਆ ਕਿ ਭਾਈ ਸਾਹਿਬ ਦੀ ਗ਼ੈਰਤ ਉਨ੍ਹਾਂ ਨੂੰ ਪ੍ਰਗਟ ਕਰਨ ਦੀ ਆਗਿਆ ਨਹੀਂ ਦਿੰਦੀ।

ਗੁਰਮਤਾ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪਾਸ ਹੋਇਆ। ਰੁਪਿਆ ਮੀਂਹ ਵਾਂਗ ਵਰ੍ਹਨਾ ਸ਼ੁਰੂ ਹੋ ਗਿਆ

ਉਪਰੰਤ ਗੰਗਾ ਸਿੰਘ ਉਪਦੇਸ਼ਕ ਨੇ ਆਖਿਆ ਕਿ ਮੈਂ ਵੀ ਆਪਣੇ ਆਪ ਨੂੰ ਇਸ ਮੈਦਾਨ ਵਿਚ ਉਤਾਰਦਾ ਹਾਂ ਅਤੇ ਹਰ ਸਾਲ ਪੂਰਾ ਇਕ ਮਹੀਨਾ ਸੇਵਾ ਕਰਿਆ ਕਰਾਂਗਾ। ਸੰਤੋਖ ਸਿੰਘ ਵਿਦਿਆਰਥੀ ਨੇ ਮੈਡੀਕਲ ਕਾਲਜ ਵਿਚੋਂ ਪੜ੍ਹਨਾ ਛੱਡ ਕੇ ਆਪਣੀ ਸੇਵਾ ਸਿੱਖ ਲੀਗ ਦੇ ਹਵਾਲੇ ਕੀਤੀ।

**ਦੇਸ਼ਭਗਤਾਂ ਦੇ ਪਰਿਵਾਰਾਂ ਦੀ ਸਾਰ ਲੈਣ ਦਾ ਉਪਰਾਲਾ-**

'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਦੇ ਪ੍ਰਧਾਨ ਸੰਤ ਬਾਬਾ ਵਸਾਖਾ ਸਿੰਘ ਵੱਲੋਂ ਪਿੰਡ-ਪਿੰਡ ਤੇ ਸ਼ਹਿਰਾਂ ਵਿੱਚ ਦੂਰ-ਦੁਰਾਡਿਆਂ ਥਾਵਾਂ 'ਤੇ ਜਾ ਕੇ ਲੋਕਾਂ ਅੱਗੇ ਝੋਲੀ ਅੱਡ ਕੇ ਇਨ੍ਹਾਂ ਦੁਖੀ ਪਰਿਵਾਰਾਂ ਲਈ ਮਾਇਆ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਇਸ ਉਪਰੰਤ ਸੰਨ 1926 ਵਿਚ ਗ਼ਦਰੀ ਬਾਬਿਆਂ ਅਤੇ ਅਕਾਲੀਆਂ ਵੱਲੋਂ ਫੰਡ ਇਕੱਠਾ ਕਰਨ ਲਈ ਹੇਠ ਦਿੱਤੀ ਸਾਂਝੀ ਅਪੀਲ ਕੀਤੀ ਗਈ :

ਦੇਸ਼ ਭਗਤਾਂ ਦੇ ਦੁਖੀ ਪਰਿਵਾਰਾਂ ਦੀ ਸਾਰ ਲਓ!

ਕਿਸੇ ਕੌਮ ਜਾਂ ਮੁਲਕ ਦਾ ਸਭ ਤੋਂ ਪਵਿੱਤਰ ਫਰਜ਼ ਆਪਣੇ ਸ਼ਹੀਦਾਂ ਦੇ ਪਰਿਵਾਰਾਂ ਦੀ ਪਾਲਣਾ ਕਰਨਾ ਹੈ। ਇਸੇ ਮੰਤਵ ਨੂੰ ਮੁੱਖ ਰੱਖਦੇ ਹੋਏ ਸੰਨ 1920 ਦੇ ਸਿੱਖ ਲੀਗ ਦੇ ਇਜਲਾਸ ਵਿੱਚ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਯਥਾ ਸ਼ਕਤ ਦੁਖੀ ਪਰਿਵਾਰਾਂ ਦਾ ਦੁੱਖ ਵੰਡਾਇਆ ਤੇ ਯਤੀਮ ਬੱਚਿਆਂ ਦੀ ਪਾਲਣਾ ਕੀਤੀ। ਇਸ ਵੇਲੇ ਇਸ ਫੰਡ ਵਿੱਚ ਮਾਇਆ ਦੀ ਥੁੜ੍ਹ ਪ੍ਰਤੀਤ ਹੋ ਰਹੀ ਹੈ ਤੇ ਲੋੜਵੰਦਾਂ ਦੀ ਗਿਣਤੀ ਬਹੁਤ ਵੱਧ ਗਈ ਹੈ। ਇਸ ਲਈ ਅਸੀਂ ਸਭ ਦੇਸ਼ ਹਿਤੈਸ਼ੀਆਂ ਅੱਗੇ ਅਪੀਲ ਕਰਦੇ ਹਾਂ ਕਿ ਉਹ ਇਸ ਪਵਿੱਤਰ ਫੰਡ ਵਿੱਚ ਤਰੋ ਤਰੀ ਗੱਫੇ ਦੇ ਕੇ ਆਪਣੀ ਮਾਇਆ ਦਾ ਚੰਗਾ ਇਸਤੇਮਾਲ ਕਰਨ। ਸੰਗਤਾਂ ਨੂੰ ਇਹ ਸੁਣ ਕੇ ਵੱਡੀ ਖ਼ੁਸ਼ੀ ਹੋਵੇਗੀ ਕਿ ਇਸ ਸ਼ੁਭ ਕੰਮ ਨੂੰ ਸਿਰੇ ਚਾੜ੍ਹਨ ਲਈ ਬਾਬਾ ਵਿਸਾਖਾ ਸਿੰਘ ਜੀ ਅਮਰੀਕਾ ਵਾਲਿਆਂ ਨੇ ਆਪਣਾ ਸਾਰਾ ਸਮਾਂ ਇਸ ਕੰਮ ਲਈ ਦੇਣ ਦਾ ਪ੍ਰਣ ਧਾਰਿਆ ਹੈ। ਆਪਣੇ ਹੋਰ ਸਾਥੀਆਂ ਸਮੇਤ ਥਾਂ-ਥਾਂ ਪੁੱਜ ਕੇ ਬਾਬਾ ਜੀ ਇਸ ਫੰਡ ਲਈ ਮਾਇਆ ਇਕੱਤਰ ਕਰਨਗੇ। ਸਾਨੂੰ ਨਿਸ਼ਚਾ ਹੈ ਕਿ ਬਾਕੀ ਸਭ ਦੇਸ਼ ਵਾਸੀ ਇਸ ਫੰਡ ਵਿੱਚ ਖੁੱਲ੍ਹੇ ਗੱਫ਼ੇ ਦੇ ਕੇ ਬਾਬਾ ਜੀ ਦਾ ਹੌਂਸਲਾ ਵਧਾਉਣਗੇ।

**ਅਸੀਂ ਹਾਂ ਦੇਸ਼ ਦੇ ਸੇਵਕ-**

ਅਮਰ ਸਿੰਘ ਝਬਾਲ, ਭਾਈ ਸੰਤੋਖ ਸਿੰਘ ਅਮਰੀਕਨ, ਮੰਗਲ ਸਿੰਘ ਬੀ.ਏ. ਐਡੀਟਰ ਅਕਾਲੀ, ਕਰਮ ਸਿੰਘ ਚੀਮਾ ਅਮਰੀਕਨ, ਤਾਰਾ ਸਿੰਘ ਮੀਤ ਪ੍ਰਧਾਨ ਸੈਂਟਰਲ ਬੋਰਡ, ਸੱਜਣ ਸਿੰਘ ਕੈਨੇਡੀਅਨ, ਭਾਗ ਸਿੰਘ, ਬਾਬਾ ਕਰਤਾਰ ਸਿੰਘ ਬੇਦੀ, ਗੁਰਬਚਨ ਸਿੰਘ, ਗੋਪਾਲ ਸਿੰਘ ਕੌਮੀ, ਗਿਆਨੀ ਹੀਰਾ ਸਿੰਘ ਦਰਦ, ਮਾਸਟਰ ਸੋਹਣ ਸਿੰਘ ਜੋਸ਼, ਬੂਟਾ ਸਿੰਘ ਵਕੀਲ ਸੇਖੂਪੁਰਾ, ਸਰਮੁਖ ਸਿੰਘ ਝਬਾਲ, ਦਾਨ ਸਿੰਘ ਵਿਛੋਆ, ਹਰਚੰਦ ਸਿੰਘ ਲਾਇਲਪੁਰ, ਸਰਦੂਲ ਸਿੰਘ ਕਵੀਸ਼ਰ, ਪ੍ਰੋ. ਨਿਰੰਜਨ ਸਿੰਘ ਜੀ, ਬਾਬਾ ਗੁਰਦਿੱਤ ਸਿੰਘ, ਭਾਗ ਸਿੰਘ ਕੈਨੇਡੀਅਨ, ਕਰਤਾਰ ਸਿੰਘ ਅਮਰੀਕਨ ਲਤਾਲਾ, ਬਾਬਾ ਵਸਾਖਾ ਸਿੰਘ, ਭਗਵਾਨ ਸਿੰਘ ਜਥੇਦਾਰ ਕੈਨੇਡੀਅਨ ਜਥਾ।

ਬਾਬਾ ਜੀ ਹੋਰਾਂ ਦੀ ਅਪੀਲ 'ਤੇ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਕੋਲੋਂ ਵੀ ਰੱਜਵੀਂ ਸਹਾਇਤਾ ਆਉਣ ਲੱਗ ਪਈ ਅਤੇ ਬਾਬਾ ਜੀ ਵੱਲੋਂ ਇਹ ਸਹਾਇਤਾ ਲੋੜ ਅਨੁਸਾਰ ਦੁਖੀ ਪਰਿਵਾਰਾਂ ਕੋਲ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਗਈ। ਬਾਬਾ ਜੀ ਨਾਲ ਅਕਾਲੀ ਲੀਡਰ ਗੁਰਮੁਖ ਸਿੰਘ ਤੇ ਜਥੇਦਾਰ ਤੇਜਾ ਸਿੰਘ ਸਮੁੰਦਰੀ ਆਦਿ ਵੀ ਜੁੜ ਗਏ ਸਨ। ਕਿਰਤੀ ਗਰੁੱਪ ਦੇ ਭਾਈ ਸੰਤੋਖ ਸਿੰਘ, ਭਾਈ ਈਸ਼ਰ ਸਿੰਘ ਮਰਹਾਣਾ ਤੇ ਇੰਦਰ ਸਿੰਘ ਸੁਰ ਸਿੰਘ ਵੀ ਬਾਬਾ ਜੀ ਨਾਲ ਇਸ ਕਾਰਜ ਵਿੱਚ ਸਰਗਰਮ ਸਨ। ਬਾਬਾ ਜੀ ਵੱਲੋਂ ਦੇਸ਼ ਦਾ ਦੌਰਾ ਕਰ ਕੇ ਵੱਖ-ਵੱਖ ਜੇਲ੍ਹਾਂ ਵਿੱਚ ਡੱਕੇ ਗਏ ਗ਼ਦਰੀ ਬਾਬਿਆਂ ਨਾਲ ਮੁਲਾਕਾਤਾਂ ਕਰਨ ਦਾ ਸਿਲਸਿਲਾ ਆਰੰਭ ਕੀਤਾ ਗਿਆ। ਉਨ੍ਹਾਂ ਦੱਖਣ ਦੀਆਂ ਜੇਲ੍ਹਾਂ ਵਿੱਚ ਜਾ ਕੇ ਗ਼ਦਰੀ ਸਾਥੀਆਂ ਨਾਲ ਮੁਲਾਕਾਤਾਂ ਕੀਤੀਆਂ। ਭੰਡਾਰਾ ਜੇਲ੍ਹ ਵਿੱਚ ਜਾ ਕੇ ਉਹ ਆਪਣੇ ਪੁਰਾਣੇ ਸਾਥੀ ਬਾਬਾ ਜਵਾਲਾ ਸਿੰਘ ਨੂੰ ਮਿਲੇ ਜੋ ਡੇਢ ਸਾਲ ਤੋਂ ਲਗਾਤਾਰ ਸੁੱਕੀ ਖ਼ੁਰਾਕ 'ਤੇ ਗੁਜ਼ਾਰਾ ਕਰਦੇ ਆ ਰਹੇ ਸਨ। ਮਹਾਰਾਸ਼ਟਰ ਦੀ ਯਰਵਦਾ ਜੇਲ੍ਹ ਵਿੱਚ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ ਠੱਠਗੜ੍ਹ ਤੇ ਭਾਈ ਹਰੀ ਸਿੰਘ ਕੱਕੜ ਵੱਲੋਂ ਸਿੱਖ ਕਕਾਰਾਂ ਕਛਹਿਰਿਆਂ ਅਤੇ ਦਸਤਾਰਾਂ ਦੀ ਪ੍ਰਾਪਤੀ ਲਈ ਭੁੱਖ ਹੜਤਾਲ ਕੀਤੀ ਹੋਈ ਸੀ। ਸੰਤ ਬਾਬਾ ਵਸਾਖਾ ਸਿੰਘ ਨੇ 8 ਸਤੰਬਰ 1925 ਨੂੰ ਇਨ੍ਹਾਂ ਸਾਥੀਆਂ ਨਾਲ ਮੁਲਾਕਾਤ ਕੀਤੀ। ਗ਼ਦਰੀ ਕੈਦੀਆਂ ਨੇ ਦੁੱਖ ਸੁੱਖ ਫੋਲੇ ਤੇ ਸੁਨੇਹੇ ਦਿੱਤੇ ਲਏ। ਸੰਤ ਵਸਾਖਾ ਸਿੰਘ ਹੁਰਾਂ ਨੇ ਜੇਲ੍ਹ ਅੰਦਰਲੇ ਸਾਥੀਆਂ ਨੂੰ ਅਕਾਲੀ ਲਹਿਰ ਵਿੱਚ ਸਿੰਘਾਂ ਦੀਆਂ ਕੀਤੀਆਂ ਕੁਰਬਾਨੀਆਂ ਦੇ ਹਾਲ ਵੇਰਵੇ ਨਾਲ ਸੁਣਾਏ। ਦੇਸ਼ ਭਗਤ ਕੈਦੀ, ਪੰਥ ਦੀਆਂ ਕੁਰਬਾਨੀਆਂ ਸੁਣ ਕੇ ਗਦ ਗਦ ਹੋ ਗਏ। ਬਾਬਾ ਸੋਹਣ ਸਿੰਘ ਭਕਨਾ ਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ, "ਅਸੀਂ ਕਿੱਡੇ ਅਭਾਗੇ ਹਾਂ, ਇਸ ਮੌਕੇ 'ਤੇ ਪੰਥ ਤੇ ਦੇਸ਼ ਦੇ ਕੰਮ ਨਹੀਂ ਆ ਸਕੇ। " (ਦੇਸ਼ ਸੇਵਕ 15 ਅਕਤੂਬਰ-1925, ਹਵਾਲਾ ਡਾ. ਜਸਵੰਤ ਸਿੰਘ ਜਸ, ਬਾਬਾ ਸੋਹਣ ਸਿੰਘ ਭਕਨਾ)।

ਗ਼ਦਰੀ ਬਾਬੇ ਜਦੋਂ ਜੇਲ੍ਹਾਂ 'ਚੋਂ ਸਜ਼ਾਵਾਂ ਕੱਟ ਕੇ ਰਿਹਾਅ ਹੋਣੇ ਸ਼ੁਰੂ ਹੋ ਗਏ ਤਾਂ ਹਰ ਇਕ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੂਰਨ ਸਤਿਕਾਰ ਸਹਿਤ ਸਨਮਾਨਤ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਾਰੇ ਪ੍ਰਮੁੱਖ ਗ਼ਦਰੀ ਬਾਬਿਆਂ ਜਿਵੇਂ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਸਾਖਾ ਸਿੰਘ, ਬਾਬਾ ਜਵਾਲਾ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ ਆਦਿ ਨੂੰ ਆਪ ਸਨਮਾਨਤ ਕੀਤਾ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


APNA VIRSA ASSOCIATION
APNA VIRSA ASSOCIATION
Presents
ਗੁਰਮੁਖੀ ਦਾ ਬੇਟਾ
Live
in Concert
Jaswant Singh Shaad
(Host)
STOCKTON
Bob Hope Theatre
Stockton, USA
242 E Main at STOCKTON
SATURDAY AUGUST 17, 2019
SHOW STARTS AT 7:30 PM & DOORS OPEN AT 7:00 PM
MANNA BARING : 209-495-6992
LAKHVIR SINGH : 209-985-9310
RUPINDER MANGAT : 510-371-2571
HARSIMRAN SINGH : 209-735-0240
BIKRAM GILL : 408-824-8692

# SINGH TRANSPORT INC

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


੧ੴ ਸਤਿਗੁਰ ਪ੍ਰਸਾਦਿ॥
SIKH GURDWARA OF LOS ANGELES LANKERSHIM
CELEBRATING
Barsi of Sant Baba Nand Singh Ji (Kaleran Wale)
Barsi of Sant Baba Isher Singh Ji (Rara Sahib Wale)
Barsi of Sant Baba Meehan Singh Ji (Siahar Wale)
On Sunday, 25th August 2019
ਸਮਾਂ 9:30 ਵਜੇ ਤੋਂ 2 ਵਜੇ ਤੱਕ
Friday, Saturday From 6:00 to 9:00 pm
Sant Baba Nand Singh Ji
(Kaleran Wale)
Sant Baba Isher Singh Ji
(Rara Sahib Wale)
Programme Details as Follows:
Friday (Aug 23) Aarambh Shri Akhand Path Sahib Ji 10:00 am
Sunday (Aug 25) Bhog Shri Akhand Path Sahib Ji 09:30 am
You are Requested to Join us with your Family and Friends
and Receive Guru's Blessings
Dhadi Jatha
Bhai Gurcharn Singh BA Ji
Guru Ka Langar
Seva By:
Manjit S Pandher
and Family
Chhole Bhature
Seva By:
Sikh Welfare
Organization
Sant Baba Meehan Singh Ji
(Sihar Wale)
For More Information Contact:- 818-423-8000, 818-398-9262
Sikh Gurdwara of Los Angles
7640 Lankershim BLVD
North Hollywood, CA 91605
www. lankershimgurdwara.com
Mukhtiar S Kamboj 626-893-5959
Manjit S Pandher 818-398-9262
Karamjit S Rathor 818-625-6370
Harjit S Saini 323-321-1679
Kuldeep S Brar 818-645-3098
Ravi Grewal 310-748-1348
Harmander S Grewal 818-606-7894
Gurdwara Sahib 818-765-9399


Star Alliance
BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN
AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type
of Home and
Commercial
Loans, Same day
loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਸੈਨਹੋਜੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਟੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਉਕੇ



ਸਰਬਜੋਤ ਸਿੰਘ ਸਵੱਦੀ | ਉਪਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆਂ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਬਿੰਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਦੁੰਮਣ ਸਿੰਘ ਬਿੱਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਬਿਕਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਓਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੰਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ | ਗੁਰਸੇਵਕ ਸਿੰਘ ਭੰਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


kw DALLAS PRESTON ROAD
KELLERWILLIAMS. REALTY
REALTOR MLS
Buy Sell Homes
REAL ESTATE
Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated


Raja SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.

# ਰੋਜ਼ਾਨਾ ਅਖ਼ਬਾਰ ਪੜ੍ਹਨ ਦੀ ਅਹਿਮੀਅਤ

- ਇਕਵਾਕ ਸਿੰਘ ਪੱਟੀ
ਮੋ. 9815024920

ਰੋਜ਼ਾਨਾ ਜੀਵਨ ਦੀਆਂ ਆਦਤਾਂ ਵਿੱਚੋਂ ਅਖ਼ਬਾਰ ਪੜ੍ਹਨਾ ਇੱਕ ਚੰਗੀ ਆਦਤ ਵੱਜੋਂ ਮੰਨਿਆ ਜਾ ਸਕਦਾ ਹੈ। ਸਕਾਟਲੈਂਡ ਵਿਖੇ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ ਜੋ ਲੋਕ ਨਿਯਮਤ ਰੂਪ ਵਿੱਚ ਰੋਜ਼ਾਨਾ ਕੁੱਝ ਸਮਾਂ ਅਖ਼ਬਾਰ ਪੜ੍ਹਦੇ ਹਨ, ਉਹਨਾਂ ਦੀ ਸਿਹਤ ਅਖ਼ਬਾਰ ਨਾ ਪੜ੍ਹਨ ਵਾਲਿਆਂ ਨਾਲੋਂ 20 ਫੀਸਦੀ ਵਧੀਆ ਹੁੰਦੀ ਹੈ। ਅਖ਼ਬਾਰ ਪੜ੍ਹਨ ਦੇ ਫਾਇਦੇ ਹੀ ਫਾਇਦੇ ਹਨ ਜੇਕਰ ਗੁਹ ਨਾਲ ਵਾਚਿਆ ਜਾਵੇ। ਆਉ ! ਅੱਜ ਕੁੱਝ ਅਜਿਹੇ ਹੀ ਪਹਿਲੂਆਂ ਬਾਰੇ ਗੱਲ ਕਰਦੇ ਹਾਂ ਕਿ ਅਸੀਂ ਅਖ਼ਬਾਰ ਕਿਉਂ ਪੜ੍ਹੀਏ ?

**ਰੋਜ਼ਾਨਾ ਸਿੱਖਣਾ-**

ਅਖ਼ਬਾਰ ਵਿੱਚ ਹਰ ਇੱਕ ਉਮਰ, ਹਰ ਇੱਕ ਵਰਗ ਲਈ ਕੁੱਝ ਨਾ ਕੁੱਝ ਲਿਖਿਆ/ਛੱਪਿਆ ਹੁੰਦਾ ਹੈ। ਫਿਰ ਭਾਵੇਂ ਖ਼ਬਰਾਂ ਦੇ ਰੂਪ ਵਿੱਚ ਖ਼ਬਰ ਸਾਡੇ ਸ਼ਹਿਰ ਦੀ ਹੋਵੇ ਜਾਂ ਸਾਡੇ ਜਿਲ੍ਹੇ ਦੀ, ਸਾਡੇ ਸੂਬੇ ਦੀ ਹੋਵੇ ਜਾਂ ਸਾਡੇ ਦੇਸ਼ ਦੀ ਅਤੇ ਜਾਂ ਉਹ ਅੰਤਰਰਾਸ਼ਟਰੀ ਪੱਧਰ ਤੇ ਦੇਸ਼ ਦੁਨੀਆ ਦੀ ਹੋਵੇ ਸਾਨੂੰ ਹਰ ਖੇਤਰ ਵਿੱਚ ਕੀ ਕੁੱਝ ਵਾਪਰ ਰਿਹਾ ਹੈ, ਬਾਰੇ ਸਟੀਕ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਜਿਵੇਂ ਹਰ ਕਿਸੇ ਦਾ ਆਪੋ ਆਪਣਾ ਪਸੰਦੀਦਾ ਖੇਤਰ ਹੈ ਤਾਂ ਗੱਲ ਖੇਡਾਂ ਬਾਰੇ ਹੋਵੇ, ਮਨੋਰੰਜਣ ਜਗਤ ਦੀ ਹੋਵੇ, ਸਿਹਤ ਬਾਰੇ ਲਿਖਿਆ ਹੋਵੇ, ਵਿਰਸੇ/ਵਿਰਾਸਤ ਜਾਂ ਸਾਡੇ ਸੱਭਿਆਚਾਰ ਬਾਰੇ ਹੋਵੇ, ਧਾਰਮਿਕ ਸਾਹਿਤ ਅਤੇ ਚਲੰਤ ਮਸਲਿਆਂ ਬਾਰੇ ਹੋਵੇ, ਸਾਨੂੰ ਆਪਣੇ ਸੁਆਦ ਅਨੁਸਾਰ ਬਹੁਤ ਕੁੱਝ ਸਿੱਖਣ ਅਤੇ ਸਮਝਣ ਨੂੰ ਮਿਲ ਜਾਂਦਾ ਹੈ।

**ਜਾਣਕਾਰੀ ਦਾ ਅਹਿਮ ਸ੍ਰੋਤ-**

ਭਾਵੇਂ ਕਿ ਅਖ਼ਬਾਰ ਨੂੰ ਜਾਣਕਾਰੀ ਦਾ ਸੱਭ ਤੋਂ ਪੁਰਾਣਾ ਅਤੇ ਮਹੱਤਵਪੂਰਣ



ਸ੍ਰੋਤ ਮੰਨਿਆ ਗਿਆ ਹੈ, ਪਰ ਅੱਜ ਵੀ ਇਸ ਗੱਲ ਦੀ ਅਹਿਮੀਅਤ ਵਿੱਚ ਕੋਈ ਫ਼ਰਕ ਨਹੀਂ ਪਿਆ, ਕਿਉਂਕਿ ਦੇਸ਼ ਦੁਨੀਆਂ ਬਾਰੇ ਹਰ ਤਰ੍ਹਾਂ ਦੀ ਨਿੱਕੀ ਵੱਡੀ ਜਾਣਕਾਰੀ ਵਿਸਥਾਰ ਸਾਹਿਤ ਪ੍ਰਾਪਤ ਹੋ ਜਾਂਦੀ ਹੈ। ਸੰਪਾਦਕੀ ਪੰਨੇ ਉੱਤੇ ਛਪੀ ਸੰਪਾਦਕੀ ਅਤੇ ਹੋਰ ਲੇਖ ਸਾਨੂੰ ਮੌਜੂਦਾ ਸਮੇਂ ਦੇ ਸੰਦਰਭ ਵਿੱਚ ਚੱਲ ਰਹੇ ਮਸਲਿਆਂ ਦੇ ਰੂ-ਬ-ਰੂ ਕਰਵਾਉਂਦੇ ਹਨ ਅਤੇ ਹਰ ਪਹਿਲੂ ਤੋਂ ਸਾਨੂੰ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ, ਭਾਵੇਂ ਉਹ ਵਿਸ਼ੇ ਧਾਰਮਿਕ, ਸਮਾਜਿਕ ਜਾਂ ਰਾਜਨੀਤਿਕ ਹੀ ਕਿਉਂ ਨਾ ਹੋਣ।

**ਵਿਦਿਆਰਥੀਆਂ ਲਈ ਮਹੱਤਵ-**

ਵਿਦਿਆਰਥੀ ਜੀਵਨ ਵਿੱਚ ਅਖ਼ਬਾਰ ਦੀ ਮਹੱਤਤਾ ਸੱਭ ਤੋਂ ਜਿਆਦਾ ਹੁੰਦੀ ਹੈ। ਰੋਜ਼ਾਨਾ ਅਖ਼ਬਾਰ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਆਨ ਸੀਮਾਂ ਦੂਸਰੇ ਵਿਦਿਆਰਥੀਆਂ ਨਾਲੋਂ ਜਿੱਥੇ ਜਿਆਦਾ ਹੁੰਦੀ ਹੈ, ਉੱਥੇ ਉਹਨਾਂ ਦੀ ਸਮਝ ਅਤੇ ਸਿਆਣਪ ਵਿੱਚ ਬਹੁਤ ਅੰਤਰ ਹੁੰਦਾ ਹੈ। ਅਖ਼ਬਾਰ ਪੜ੍ਹਨ ਦੀ ਆਦਤ ਵਿਦਿਆਰਥੀ ਜੀਵਨ ਵਿੱਚ ਸਾਹਿਤ ਪ੍ਰਤੀ ਦਿਲਚਸਪੀ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਅਖ਼ਬਾਰ ਪੜ੍ਹਨ ਵਾਲੇ ਵਿਦਿਆਰਥੀ ਸਕੂਲ/ਕਾਲਜ ਵਿੱਚ ਹੋ ਰਹੇ ਕਿਸੇ ਵੀ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਣ ਕਰ ਸਕਦੇ ਹਨ।

**ਰੁਜ਼ਗਾਰ ਦੇ ਮੌਕੇ-**

ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਰਕਾਰੀ ਜਾਂ ਗ਼ੈਰ-ਸਰਕਾਰੀ ਨੌਕਰੀਆਂ ਦੀ ਭਾਲ ਵਿੱਚ ਜੁਟੇ ਨੌਜਵਾਨਾਂ ਲਈ ਅਖ਼ਬਾਰ ਇੱਕ ਬਹੁਤ ਹੀ ਸਸਤਾ ਅਤੇ ਵਧੀਆ ਸਾਧਨ ਮੰਨੀ ਜਾ ਸਕਦੀ ਹੈ। ਕਿਉਂਕਿ ਸਰਕਾਰੀ ਨੌਕਰੀਆਂ ਸਬੰਧੀ ਸੱਭ ਤੋਂ ਪਹਿਲਾਂ ਇਸ਼ਤਿਹਾਰ ਜਾਂ ਨੋਟਿਸ ਅਖ਼ਬਾਰ ਵਿੱਚ ਹੀ ਛੱਪਦਾ ਹੈ, ਜਿਸ ਦੀ ਤਸਦੀਕ ਬਾਅਦ ਵਿੱਚ ਸਰਕਾਰੀ ਵੈੱਬ-ਸਾਈਟ ਤੋਂ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਗ਼ੈਰ-ਸਰਕਾਰੀ ਨੌਕਰੀਆਂ ਬਾਰੇ ਵੀ ਅਖ਼ਬਾਰਾਂ ਵਿੱਚ ਇਸ਼ਤਿਹਾਰ ਛੱਪਦੇ ਰਹਿੰਦੇ ਹਨ, ਜਿਨ੍ਹਾਂ ਦੀ ਨਿੱਜੀ ਤੌਰ ਤੇ ਪੂਰੀ ਤਸਦੀਕ ਕਰਕੇ ਫਾਇਦਾ ਚੁੱਕਿਆ ਜਾ ਸਕਦਾ ਹੈ।

**ਬੱਚਿਆਂ ਦਾ ਪੰਨਾ-**

ਅਖ਼ਬਾਰ ਦਾ ਇੱਕ ਪੰਨਾ ਖ਼ਾਸ ਤੌਰ ਤੇ ਐਤਵਾਰ ਵਾਲੇ ਦਿਨ ਛੋਟੇ ਬੱਚਿਆਂ ਲਈ ਰਾਖਵਾਂ ਹੁੰਦਾ ਹੈ। ਜਿਸ ਵਿੱਚ ਛੋਟੀ ਸਿੱਖਿਆਦਾਇਕ ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਅਤੇ ਹੋਰ ਬਹੁਤ ਰੋਚਕ ਜਾਣਕਾਰੀ ਛੱਪਦੀ ਹੈ। ਜਿਸਦਾ ਬੱਚੇ ਭਰਪੂਰ ਫਾਇਦਾ ਲੈ ਸਕਦੇ ਹਨ। ਮਾਪਿਆਂ ਨੂੰ ਵੀ ਇਸ ਪਾਸੇ ਖਾਸ ਤੌਰ ਤੇ ਬੱਚਿਆਂ ਨੂੰ ਅਖ਼ਬਾਰ ਪੜ੍ਹਨ ਦੀ ਚੇਟਕ ਲਾਉਣੀ ਚਾਹੀਦੀ ਹੈ। ਬੱਚਿਆਂ ਨੂੰ ਅਖਬਾਰ ਪੜ੍ਹ ਕੇ ਸੁਨਾਉਣ ਲਈ ਕਿਹਾ ਜਾ ਸਕਦਾ ਹੈ ਜਿਸ ਨਾਲ ਉਹਨਾਂ ਦੀ ਭਾਸ਼ਾ ਉੱਤੇ ਪਕੜ ਹੋਰ ਵੀ ਮਜ਼ਬੂਤ ਹੋ ਸਕਦੀ ਹੈ। ਸਕੂਲ ਵਿੱਚ ਵੀ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਅਖ਼ਬਾਰ ਪੜ੍ਹਨ ਲਈ ਪ੍ਰੇਰਣਾ ਦੇਣ।

ਮੁਕਦੀ ਗੱਲ ਇਹ ਕਿ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਔਰਤਾਂ ਬਾਰੇ ਰੋਜ਼ਾਨਾ ਨਵੀਂ, ਰੌਚਕ ਸਮੱਗਰੀ ਅਖ਼ਬਾਰ ਵਿੱਚ ਛੱਪਦੀ ਹੀ ਰਹਿੰਦੀ ਹੈ, ਭਾਵੇਂ ਕਿ ਸੋਸ਼ਲ ਮੀਡੀਆ ਤੇ ਬਹੁਤ ਸਾਰੇ ਸੰਦੇਸ਼ ਜਾਣਕਾਰੀ ਭਰਪੂਰ ਆਉਂਦੇ ਹੀ ਰਹਿੰਦੇ ਹਨ, ਪਰ ਉਹਨਾਂ ਉੱਤੇ ਅੱਖਾਂ ਬੰਦ ਕਰ ਕੇ ਯਕੀਨ ਨਹੀਂ ਕੀਤਾ ਜਾ ਸਕਦਾ ਜਦਕਿ ਅਖ਼ਬਾਰਾਂ ਵਿੱਚ ਛੱਪਣ ਵਾਲੀ ਸਮੱਗਰੀ ਸੰਪਦਾਕੀ ਮੰਡਲ ਵੱਲੋਂ ਪੂਰੀ ਛਾਣਬੀਣ ਕਰਕੇ ਪਾਠਕਾਂ ਤੱਕ ਪਹੁੰਚਾਈ ਜਾਂਦੀ ਹੈ। ਜਿਸ ਕਰਕੇ ਜਿਆਦਾ ਸਟੀਕ ਮੰਨੀ ਜਾ ਸਕਦੀ ਹੈ। ਸੋ ਆਉ ! ਜੇਕਰ ਅਖ਼ਬਾਰ ਪੜ੍ਹਨ ਦੇ ਸ਼ੌਕੀਨ ਹਾਂ ਤਾਂ ਹੋਰਨਾਂ ਨੂੰ ਪ੍ਰੇਰਿਤ ਕਰੀਏ ਜੇ ਨਹੀਂ ਤਾਂ ਇਹ ਸ਼ੌਕੀਨੀ ਪਾਉਣ ਦਾ ਜਤਨ ਕਰੀਏ।

# ਗੁਰੂ ਕਾ ਲੰਗਰ - ਉਦੇਸ਼ ਅਤੇ ਮੰਤਵ

ਕ੍ਰਿਸ਼ਨ ਕੁਮਾਰ ਗੁਪਤਾ



ਚਾਰ ਉਦਾਸੀਆਂ (24 ਸਾਲ ਦੀ ਪੈਦਲ ਯਾਤਰਾ) ਮਗਰੋਂ ਜਦੋਂ ਗੁਰੂ ਨਾਨਕ ਸਾਹਿਬ ਕਰਤਾਰਪੁਰ ਆ ਕੇ ਰਹੇ ਸਨ ਤਾਂ ਸ਼ਰਧਾਲੂ ਆਪ ਜੀ ਦੇ ਦਰਸ਼ਨਾਂ ਲਈ ਆਉਣ ਲੱਗੇ। ਸ਼ਰਧਾਲੂਆਂ ਦੀਆਂ ਲੋੜਾਂ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਦੇ ਖਾਣ-ਪੀਣ ਅਤੇ ਠਹਿਰਣ ਦਾ ਪ੍ਰਬੰਧ ਕੀਤਾ ਜਾਣ ਲੱਗਿਆ। ਇਹੀ ਲੰਗਰ ਪ੍ਰਥਾ ਦੀ ਸ਼ੁਰੂਆਤ ਸੀ। ਗੁਰੂ ਨਾਨਕ ਦੇਵ ਜੀ ਆਪ ਖੇਤੀ ਕਰਦੇ ਸਨ ਤੇ ਖੇਤੀ ਦੀ ਉਪਜ ਲੰਗਰ ਵਿੱਚ ਪਾ ਦਿੱਤੀ ਜਾਂਦੀ। ਲੋਕ ਅਤੇ ਸ਼ਰਧਾਲੂ ਵੀ ਆਪਣੀ ਸਮਰੱਥਾ ਅਨੁਸਾਰ ਆਪਣੀ ਨੇਕ ਕਮਾਈ ਵਿੱਚੋਂ ਲੰਗਰ ਵਿੱਚ ਹਿੱਸਾ ਪਾਉਣ ਲੱਗੇ। ਇਸ ਗੱਲ ਦਾ ਪੂਰਾ ਖਿਆਲ ਰੱਖਿਆ ਜਾਂਦਾ ਕਿ ਲੋੜਵੰਦ ਹੀ ਲੰਗਰ ਦਾ ਫ਼ਾਇਦਾ ਉਠਾਉਣ। ਨਾਮ ਜਪਣ ਅਤੇ ਧਰਮ ਦੀ ਕਿਰਤ ਕਰਨੀ ਤੇ ਉਸ ਵਿੱਚੋਂ ਦਸਵੰਦ ਦਾਨ ਕਰਨਾ ਹੀ ਲੰਗਰ ਦੀ ਬੁਨਿਆਦ ਹੈ ਅਤੇ ਇਹੀ ਗੁਰੂ ਸਹਿਬਾਨ ਦਾ ਹੁਕਮ ਵੀ ਹੈ। ਰਿਸ਼ਵਤ ਅਤੇ ਕਾਲ਼ੇ ਧਨ ਦਾ ਕੀਤਾ ਦਾਨ ਸਾਰਥਿਕ ਨਹੀਂ ਹੈ। ਦਾਨ ਤਾਂ ਘਾਲਿ ਕਮਾਈ ਦਾ ਹੀ ਲੇਖੇ ਲੱਗਦਾ ਹੈ। ਗੁਰੂ ਅੰਗਦ ਦੇਵ ਜੀ ਵੱਲੋਂ ਅੰਨ-ਪਾਣੀ ਦੇ ਲੰਗਰ ਦੇ ਨਾਲ ਸ਼ਬਦ ਦਾ ਲੰਗਰ ਵੀ ਸ਼ੁਰੂ ਕੀਤਾ ਗਿਆ। ਬਾਬਾ ਬੁੱਢਾ ਜੀ ਵੱਲੋਂ ਕੀਤੀ ਸੇਵਾ ਦੀ ਕਿਤੇ ਮਿਸਾਲ ਨਹੀਂ ਮਿਲਦੀ।

ਗੁਰੂ ਅਮਰ ਦਾਸ ਜੀ ਨੇ ਜਾਤ-ਪਾਤ ਦਾ ਭੇਦ ਮਿਟਾਉਣ ਅਤੇ ਬਰਾਬਰਤਾ ਦਾ ਸੰਦੇਸ਼ ਦੇਣ ਦੀ ਖ਼ਾਤਰ ਹੀ ਪਹਿਲਾਂ ਪੰਗਤ ਫਿਰ ਸੰਗਤ ਦਾ ਹੁਕਮ ਕੀਤਾ ਸੀ। ਬਾਦਸ਼ਾਹ ਅਕਬਰ ਵੀ ਜਦੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਨੂੰ ਵੀ ਲੰਗਰ ਛਕਣ ਪਿੱਛੋਂ ਹੀ ਦਰਸ਼ਨ ਦਿੱਤੇ। ਅਕਬਰ ਨੇ ਬਾਰ੍ਹਾਂ ਪਿੰਡਾਂ ਦਾ ਪਟਾ ਲੰਗਰ ਲਈ ਭੇਟ ਕੀਤਾ ਤਾਂ ਗੁਰੂ ਜੀ ਨੇ ਕਿਹਾ ਕਿ ਲੰਗਰ ਤਾਂ ਲੋਕਾਂ ਦੀ ਨੇਕ ਅਤੇ ਧਰਮ ਦੀ ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ। ਉਨ੍ਹਾਂ ਅਕਬਰ ਦੀ ਭੇਟਾ ਸਵੀਕਾਰ ਨਾ ਕੀਤੀ।

ਗੁਰੂ ਰਾਮਦਾਸ ਜੀ ਦੇ ਸਮੇਂ ਅਨਾਥਾਂ ਅਤੇ ਕਾਰ ਸੇਵਕਾਂ ਲਈ ਲੰਗਰ ਇਕ ਸਹਾਰਾ ਬਣਿਆ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਕ ਭਗਤ ਹਰ ਸਮੇਂ ਭਗਤੀ ਵਿੱਚ ਲੀਨ ਰਹਿੰਦਾ ਅਤੇ ਰੋਟੀ ਖਾਣ ਸਮੇਂ ਲੰਗਰ 'ਚ ਆ ਜਾਂਦਾ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ ਕਿ ਬਿਨਾ ਕਾਰ ਭਗਤੀ ਸੰਪੂਰਨ ਨਹੀਂ ਹੋ ਸਕਦੀ। ਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਉਹ ਹਰ ਰੋਜ਼ ਜੰਗਲ ਵਿੱਚੋਂ ਲੱਕੜੀਆਂ ਇਕੱਠੀਆਂ ਕਰਕੇ ਲਿਆਉਂਦਾ। ਇਕ ਹਿੱਸਾ ਲੰਗਰ ਵਾਸਤੇ ਦੇ ਦਿੰਦਾ ਅਤੇ ਇਕ ਹਿੱਸਾ ਵੇਚ ਕੇ ਆਪਣਾ ਗੁਜ਼ਾਰਾ ਕਰਨ ਲੱਗਾ। ਇਸ ਤਰ੍ਹਾਂ ਉਨ੍ਹਾਂ ਦੱਸਿਆ ਕਿ ਬਿਨਾ ਮਿਹਨਤ ਕੀਤਿਆਂ ਇਕੱਲੀ ਭਗਤੀ ਵੀ ਸਫ਼ਲ ਨਹੀਂ ਹੋ ਸਕਦੀ।

ਗੁਰੂ ਹਰਗੋਬਿੰਦ ਸਾਹਿਬ ਵੱਲੋਂ ਭਾਈ ਗੜ੍ਹੀਆ ਨੂੰ ਕਸ਼ਮੀਰ ਜਾ ਕੇ ਬਾਣੀ ਦਾ ਪ੍ਰਚਾਰ ਕਰਨ ਅਤੇ ਸੰਗਤਾਂ ਤੋਂ ਉਨ੍ਹਾਂ ਦੀ ਨੇਕ ਕਮਾਈ ਵਿੱਚੋਂ ਦਸਵੰਧ ਇਕੱਠਾ ਕਰਕੇ ਲਿਆਉਣ ਦਾ ਹੁਕਮ ਹੋਇਆ। ਭਾਈ ਸਾਹਿਬ ਗੜ੍ਹੀਆ ਨੇ ਜੋ ਕੁਝ ਇਕੱਠਾ ਕੀਤਾ, ਉਹ ਕਸ਼ਮੀਰ ਦੇ ਕਾਲ਼ ਪੀੜਤਾਂ ਦੀ ਸਹਾਇਤਾ ਲਈ ਖਰਚ ਕਰ ਦਿੱਤਾ ਅਤੇ ਕੇਵਲ ਸਵਾ ਰੁਪਇਆ ਲਿਆ ਕੇ ਗੁਰੂ ਜੀ ਨੂੰ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਵੱਲੋਂ ਪੀੜਤਾਂ ਦੀ ਸੇਵਾ ਤੇ ਸਹਾਇਤਾ ਕਰਨ ਦੇ ਕੰਮ ਤੋਂ ਬਹੁਤ ਖੁਸ਼ ਹੋਏ।

ਇਕ ਹੋਰ ਸਾਖੀ ਹੈ ਕਿ ਇਕ ਵਾਰ ਗੁਰੂ ਸਾਹਿਬ ਸ੍ਰੀਨਗਰ 'ਚ ਸਨ ਕਿ ਕਸ਼ਮੀਰ ਦਾ ਇਕ ਸ਼ਰਧਾਲੂ ਕਾਫੀ ਸਾਰਾ ਸ਼ਹਿਦ ਲੈ ਕੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਚੱਲ ਪਿਆ। ਰਾਹ ਵਿੱਚ ਇਕ ਭੁੱਖੇ ਸਾਧੂ ਨੇ ਉਸ ਤੋਂ ਆਪਣੀ ਭੁੱਖ ਮਿਟਾਉਣ ਵਾਸਤੇ ਥੋੜ੍ਹੇ ਜਿਹੇ ਸ਼ਹਿਦ ਦੀ ਮੰਗ ਕੀਤੀ, ਪਰ ਉਸ ਨੇ ਇਹ ਕਹਿ ਕੇ 'ਇਹ ਸ਼ਹਿਦ ਤਾਂ ਗੁਰੂ ਦੇ ਲੰਗਰ ਵਾਸਤੇ ਹੈ' ਨਾਂਹ ਕਰ ਦਿੱਤੀ। ਜਦੋਂ ਉਹ ਸ੍ਰੀਨਗਰ ਪਹੁੰਚ ਕੇ ਸ਼ਹਿਦ ਗੁਰੂ ਸਾਹਿਬ ਨੂੰ ਭੇਟ ਕਰਨ ਲੱਗਾ ਤਾਂ ਗੁਰੂ ਜੀ ਨੇ ਕਿਹਾ ਕਿ ਜਦੋਂ ਮੈਨੂੰ ਭੁੱਖੀ ਲੱਗੀ ਸੀ, ਤਾਂ ਤੂੰ ਉਦੋਂ ਕਿਉਂ ਨਾ ਦਿੱਤਾ। ਉਸ ਨੂੰ ਘਬਰਾਇਆ ਹੋਇਆ ਦੇਖ ਕੇ ਉਨ੍ਹਾਂ ਭੁੱਖੇ ਸਾਧੂ ਦੀ ਮੰਗ ਵੱਲ ਉਸ ਦਾ ਧਿਆਨ ਦਿਆਇਆ ਤੇ ਕਿਹਾ 'ਭੁੱਖੇ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ', ਭਾਵ ਲੋੜਵੰਦਾਂ ਦੀ ਸਹਾਇਤਾ ਹੀ ਸਭ ਤੋਂ ਵੱਡੀ ਸੇਵਾ ਅਤੇ ਪੁੰਨ ਹੈ। ਇਹੀ ਸਮੁੱਚੀ ਮਨੁੱਖਤਾ ਅਤੇ ਸਿੱਖੀ ਦੀ ਸਿੱਖਿਆ ਹੈ।

ਇਕ ਵਾਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ, ਜਦੋਂ ਆਨੰਦਪੁਰ ਸਾਹਿਬ ਵਿੱਚ ਸਨ ਤਾਂ ਉਹ ਇਕ ਸਾਧੂ ਦੇ ਰੂਪ ਵਿੱਚ ਯਾਚਕ ਬਣ ਕੇ ਉਨ੍ਹਾਂ ਲੋਕਾਂ ਦੇ ਘਰ ਗਏ, ਜਿਨ੍ਹਾਂ ਦੇ ਆਪਣੇ ਘਰਾਂ ਵਿੱਚ ਲੰਗਰ ਚਲਦਾ ਸੀ। ਕਿਸੇ ਨੇ ਕਿਹਾ ਕਿ ਅਜੇ ਲੰਗਰ ਦਾ ਸਮਾਂ ਨਹੀਂ ਹੋਇਆ। ਕਿਸੇ ਨੇ ਕਿਹਾ ਲੰਗਰ ਤਿਆਰ ਨਹੀਂ। ਕਿਸੇ ਨੇ ਕਿਹਾ ਸਾਰੀ ਸੰਗਤ ਇਕੱਠੀ ਨਹੀਂ ਹੋਈ।

ਗੁਰੂ ਜੀ ਨੂੰ ਕਿਤੋਂ ਵੀ ਖਾਣਾ ਨਾ ਮਿਲਿਆ। ਭਾਈ ਨੰਦ ਲਾਲ ਜੀ ਪਾਸ ਜਦੋਂ ਪਹੁੰਚੇ ਤਾਂ ਭਾਈ ਸਾਹਿਬ ਨੇ ਜੋ ਕੁਝ ਵੀ ਘਰ ਵਿੱਚ ਤਿਆਰ ਸੀ, ਉਹ ਸ਼ਰਧਾਪੂਰਵਕ ਉਨ੍ਹਾਂ ਦੇ ਸਾਹਮਣੇ ਲਿਆ ਕੇ ਰੱਖਿਆ। ਗੁਰੂ ਸਾਹਿਬ ਨੇ ਆਪਣਾ ਅਸਲੀ ਰੂਪ ਦਿਖਾ ਕੇ ਭਾਈ ਨੰਦ ਲਾਲ ਜੀ ਨੂੰ ਆਪਣੀ ਗਲਵੱਕੜੀ 'ਚ ਲੈ ਲਿਆ ਅਤੇ ਕਿਹਾ ਕਿ ਲੰਗਰ ਦੀ ਅਸਲ ਪ੍ਰਥਾ ਇਹੀ ਹੈ ਕਿ ਜੋ ਕੁਝ ਵੀ ਤਿਆਰ ਹੋਵੇ, ਉਹ ਘਰ ਆਏ ਸਾਧੂ, ਮਹਿਮਾਨ ਨੂੰ ਪਰੋਸ ਦਿੱਤਾ ਜਾਵੇ। ਲੰਗਰ ਦਾ ਅਸਲ ਮਕਸਦ ਹੀ ਇਹੀ ਹੈ। ਲੰਗਰ ਦਾ ਉਦੇਸ਼ 'ਅੰਨ ਦਾ ਦਾਨ ਸਭ ਤੋਂ ਉੱਤਮ ਦਾਨ ਹੈ।'

ਗੁਰੂ ਸਾਹਿਬਾਨ ਦੇ ਹੁਕਮ 'ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹੁ ਪਛਾਣਹਿ ਸੇਇ' ਦੀ ਪਾਲਣਾ ਹੀ ਗੁਰੂ ਸਾਹਿਬਾਨ ਦੇ ਦੱਸੇ ਰਾਹ 'ਤੇ ਚੱਲਣਾ ਹੈ।

ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਏਕਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ। ਸੇਵਾ ਕਰਨ ਨਾਲ ਹਉਂ ਦੀ ਨਵਿਰਤੀ ਹੁੰਦੀ ਹੈ। ਲੰਗਰ ਦੀ ਸੇਵਾ ਅਸਲ 'ਚ ਗੁਰੂ ਦੀ ਸੇਵਾ ਹੈ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਵਿਹਲੜਾਂ ਵੱਲੋਂ ਲੰਗਰ ਦੀ ਝਾਕ ਰੱਖਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ ਇਵੇਂ ਹੀ ਹੈ ਜਿਵੇਂ ਖੰਡ ਵਿੱਚ ਲਿਪਟੀ ਜ਼ਹਿਰ।

# ਕਵੀ ਈਸ਼ਰ ਸਿੰਘ ਮੋਮਨ ਨਾਲ ਇਕ ਖਾਸ ਮੁਲਾਕਾਤ

ਮੁਲਾਕਾਤੀ : ਪ੍ਰਮਿੰਦਰ ਸਿੰਘ ਪ੍ਰਵਾਨਾ
(510-781-0487)

ਉੱਤਰੀ ਅਮਰੀਕਾ ਨਿਵਾਸੀ ਈਸ਼ਰ ਸਿੰਘ ਮੋਮਨ ਸਾਹਿਤ ਵਿਚ ਇਕ ਜਾਣਿਆ ਨਾਂ ਹੈ, ਜੋ ਕਵਿਤਾ ਲਿਖਣ ਦੇ ਨਾਲ ਨਾਲ 'ਮੰਚ ਕਵੀ' ਵੀ ਹੈ। ਜਿਸ ਨੇ ਕਾਵਿ ਪੁਸਤਕਾਂ ਲਿਖਣ ਦੇ ਨਾਲ ਪੂਰੇ ਭਾਰਤ ਤੇ ਫਿਰ ਅਮਰੀਕਾ ਵਿਚ ਕਵਿਤਾਵਾਂ ਪੜ੍ਹੀਆਂ ਹਨ। ਸੰਨ੍ਹ 1995 ਤੋਂ ਮੋਮਨ ਜੀ ਦੀ ਕਵਿਤਾ ਸੁਣਦਿਆਂ ਮੁਲਾਕਾਤਾਂ ਹੁੰਦੀਆਂ ਰਹੀਆਂ। ਦਿਲੀ-ਸਾਂਝ ਅਤੇ ਨੇੜਤਾ ਵੀ ਬਣ ਗਈ। ਫੋਲ 'ਤੇ ਗੱਲਬਾਤ ਹੁੰਦੀ ਰਹਿੰਦੀ ਪਰ ਨਿੱਠ ਬੈਠ ਕੇ 93 ਸਾਲਾ ਸ਼ਾਇਰ ਮੋਮਨ ਜੀ ਨਾਲ ਗੱਲਬਾਤ ਕਰਨ ਦਾ ਮੌਕਾ ਨਹੀਂ ਮਿਲਿਆ। ਆਪਣੇ ਸਾਥੀ ਜਸਦੀਪ ਸਿੰਘ ਫਰੀਮੌਂਟ ਨਾਲ 'ਮੋਮਨ' ਜੀ ਦੇ ਗ੍ਰਹਿ ਵਿਚ ਉਚੇਚੇ ਤੌਰ 'ਤੇ ਜਾ ਕੇ ਗੱਲਬਾਤ ਹੋਈ। 'ਮੋਮਨ' ਜੀ ਦਾ ਜਨਮ 17 ਜੁਲਾਈ, 1926 ਨੂੰ ਪਿਤਾ ਕਰਤਾਰ ਸਿੰਘ , ਮਾਤਾ ਧੰਨ ਕੌਰ ਦੇ ਗ੍ਰਹਿ ਪਿੰਡ ਲੰਗੜੋਆ (ਨਵਾਂਸ਼ਹਿਰ-ਜਲੰਧਰ) ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਪਿੰਡ 'ਜਾਡਲਾ' ਵਿਚ ਕੀਤੀ। ਪੰਜਾਬੀ, ਉਰਦੂ ਅਤੇ ਫਾਰਸੀ ਦਾ ਗਿਆਨ ਹੈ। ਜੋਤੀ ਹੈਂਡਲੂਮ ਦਿੱਲੀ ਵਿਖੇ ਸੰਨ 1957 ਤੋਂ ਲਗਭਗ 30 ਸਾਲ ਨੌਕਰੀ ਕੀਤੀ। ਕਵੀ ਦਰਬਾਰਾਂ ਦੀ ਸ਼ਾਨ ਬਣੇ ਰਹੇ। ਆਪਣੇ ਸਮਕਾਲੀ ਸ਼ਾਇਰਾਂ ਦਾ ਨਿੱਘਾ ਸਾਥ ਮਾਣਿਆ ਜਿਵੇਂ ਕਿ ਰਾਜਕਵੀ ਇੰਦਰਜੀਤ ਸਿੰਘ ਤੁਲਸੀ, ਜਗਜੀਤ ਸਿੰਘ ਨਾਜ਼ੁਕ, ਗਿਆਨੀ ਪ੍ਰੀਤਮ ਸਿੰਘ, ਅਜਾਦ ਜਲੰਧਰੀ, ਬਰਕਤ ਪੰਜਾਬੀ, ਬਲਵੰਤ ਸਿੰਘ ਨਿਰਵੈਰ, ਹਰਬੰਸ ਸਿੰਘ ਹੀਰਾ, ਬਲਵੰਤ ਸਿੰਘ ਕਾਫ਼ਰ, ਪ੍ਰੀਤਮ ਸਿੰਘ ਕਾਸਦ, ਗੁਰਮੀਤ ਸਿੰਘ ਕਮਲਾ, ਹਰਬੰਸ ਸਿੰਘ ਚਮਕ ਆਦਿ। ਭਾਰਤ ਦੇ ਹਰ ਸ਼ਹਿਰ ਦੇ ਵੱਡੇ ਮੰਚ ਤੇ ਕਵਿਤਾ ਕਹੀ ਜਿਵੇਂ ਕਿ ਗਾਜ਼ੀਆਬਾਦ ਰਾਏ ਬਰੇਲੀ, ਬੰਬਈ, ਕਲਕੱਤਾ, ਲਖਨਊ, ਪੂਨਾ, ਕਾਨਪੁਰ, ਕਸ਼ਮੀਰ, ਪੰਜਾਬ ਆਦਿ।



ਮੋਮਨ ਜੀ ਦੀਆਂ ਕੁਝ ਕਾਵਿ ਵੰਨਗੀਆਂ ਪੇਸ਼ ਹਨ :-

ਬੰਗਲਾ ਸਾਹਿਬ ਕਵਿਤਾ ਸ਼ਾਇਰੀ ਦੇ ਨਿਖਾਰ ਵਿਚ ਸੁੰਦਰ ਸ਼ੇਅਰ ਪੜ੍ਹੋ-

"ਸ਼ਰਧਾ ਦੀ ਝੋਲੀ ਭਰਦੀ ਹੈ, ਫੁਲ ਖਿੜੇ ਨੇ ਸੰਤਾਨਾਂ ਦੇ,
ਸਾਹਿਬਾਂ ਦੇ ਸੋਹਣੇ ਬੰਗਲੇ 'ਚੋਂ ਸੁਖ ਮਿਲਦੇ ਦੋਹਾਂ ਜਹਾਨਾਂ ਦੇ।
ਬੇਗਿਣਤ ਸ਼ਹੀਦਾਂ ਦੀ ਇਹ ਡਾਰ 'ਚੋਂ ਨਿਕਲੀ ਹੈ।
ਬੇਗਿਣਤ ਜਲਾਦਾਂ ਦੇ ਇਹ ਵਾਰ 'ਚੋਂ ਨਿਕਲੀ ਹੈ।
ਇਹ ਮੋਮਨ ਸ਼ਾਹੀ ਦੇ ਈਮਾਨ 'ਚੋਂ ਨਿਕਲੀ ਹੈ।"

'ਮੋਮਨ ਜੀ' ਨੇ ਸੰਨ 1984 ਵਿਚ ਯੁਬਾ ਸਿਟੀ (ਅਮਰੀਕਾ) ਪ੍ਰਵਾਜ਼ ਕੀਤਾ। ਜਿੰਦਗੀ ਦੇ ਦੁੱਖ ਸੁੱਖ ਹੰਡਾਏ। ਆਪਣੇ ਬੇਟੇ ਅਤੇ ਪਰਿਵਾਰ ਨਾਲ ਖੁਸ਼ਹਾਲ ਜੀਵਨ ਜੀਅ ਰਹੇ ਹਨ। ਉਮਰ ਦਾ ਤਕਾਜ਼ਾ ਹੈ ਕਿ ਕੁਝ ਸਰੀਰਕ ਮੁਸ਼ਕਲਾਂ ਆ ਹੀ ਜਾਂਦੀਆਂ ਹਨ, ਜਿਸ ਨਾਲ ਆਉਣ ਜਾਣ ਘਟ ਗਿਆ ਹੈ। ਲਿਖਣ ਦੀ ਕਲਾ ਵੀ ਮਧਮ ਹੈ, ਫਿਰ ਵੀ ਤੁਰ ਫਿਰ ਕੇ ਚੰਗੀ ਸਿਹਤ ਤੇ ਹੌਂਸਲੇ ਬੁਲੰਦ ਹਨ। ਮੰਚ ਕਵੀ ਦੀ ਆਵਾਜ਼ ਕਾਇਮ ਹੈ। ਅਖੀਰੀ ਉਮਰ ਵਾਲਿਆਂ ਲਈ ਇਸ਼ਾਰਾ ਹੈ, ਕਹਿੰਦੇ ਹਨ :

"ਬੜੀ ਮਾਲਾ ਫੇਰੀ ਬੜਾ ਮਨ ਨੂੰ ਧੋਇਆ।
ਮੈਂ ਹਰ ਸਵਾਸ ਮਣਕੇ ਦੇ ਵਾਂਗੂੰ ਪ੍ਰੋਇਆ।
ਧੂਣੇ ਵੀ ਤਾਏ ਬੜੇ ਯੋਗ ਸਾਧੇ,
ਮੇਰੇ ਮਨ ਵਿਚ ਤੇਰਾ ਬਸੇਰਾ ਨਾ ਹੋਇਆ।

ਅਖੀਰ ਮੋਮਨ ਜੀ ਦੀ ਲੰਮੀ ਉਮਰ ਦੀ ਦੁਆ ਕਰਦਿਆਂ ਇਕ ਯਾਦਗਾਰੀ ਤਸਵੀਰ ਨਾਲ ਵਿਦਾ ਲਈ।

# ਆਜ਼ਾਦੀ ਵਿਚ ਪੰਜਾਬ ਨੂੰ ਕੀ ਮਿਲਿਆ

**ਦਰਬਾਰਾ ਸਿੰਘ ਕਾਹਲੋਂ**

ਪੰਜਾਬ ਪ੍ਰਾਂਤ ਭਾਰਤ ਵਰਸ਼ ਦਾ ਭੂਗੋਲਿਕ, ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਸੁਰੱਖਿਆ ਪੱਖੋਂ ਹਮੇਸ਼ਾ ਹੀ ਮਹੱਤਵਪੂਰਨ ਅੰਗ ਰਿਹਾ ਹੈ। ਹਜ਼ਾਰਾਂ ਸਾਲ ਭਾਰਤ 'ਤੇ ਪੱਛਮ ਵਾਲੇ ਪਾਸਿਓਂ ਹਮਲਾ ਕਰਨ ਵਾਲੇ ਵਿਦੇਸ਼ੀ ਹੁਕਮਰਾਨਾਂ, ਧਾੜਵੀਆਂ ਅਤੇ ਲੁਟੇਰਿਆਂ ਨਾਲ ਟੱਕਰ ਲੈਣ ਅਤੇ ਢਾਲ ਵਜੋਂ ਰਾਸ਼ਟਰ ਲਈ ਡਟਣ ਕਰਕੇ ਰਾਸ਼ਟਰ ਦੀ 'ਖੜਗ ਭੁਜਾ' ਵਜੋਂ ਮਸ਼ਹੂਰ ਹੈ। ਨਿੱਤ- ਦਿਨ ਦੇ ਬਾਹਰੀ ਹਮਲਿਆਂ ਕਰਕੇ ਪੰਜਾਬ ਦੇ ਵਾਸੀਆਂ ਬਾਰੇ ਇਹ ਮੁਹਾਵਰਾ ਪਰਪੱਕ ਹੋ ਗਿਆ ਹੈ, "ਪੰਜਾਬ 'ਚ ਜੰਮਿਆਂ ਨੂੰ ਨਿੱਤ ਮੁਹਿੰਮਾਂ।" ਪੰਜਾਬੀਆਂ ਦੀ ਜੰਗਜੂ ਪ੍ਰਵਿਰਤੀ ਕਰਕੇ ਹੀ ਪ੍ਰੋ. ਪੂਰਨ ਸਿੰਘ ਇਨ੍ਹਾਂ ਨੂੰ 'ਮੌਤ ਨੂੰ ਮਖੌਲਾਂ ਕਰਨ ਵਾਲੇ' ਦਰਸਾਉਂਦਾ ਹੈ। ਪੰਜਾਬੀਆਂ ਦੇ ਖ਼ੂਨ ਅਤੇ ਸੱਭਿਆਚਾਰ ਵਿੱਚ ਇਹ ਵਿਚਾਰਧਾਰਕ ਪ੍ਰਵਾਹ ਕਾਇਮ ਹੈ ਕਿ ਉਹ ਕਿਸੇ ਦੀ ਗੁਲਾਮੀ ਸਵੀਕਾਰ ਨਹੀਂ ਕਰਦੇ। ਇਸੇ ਕਰਕੇ ਉਹ ਹਰ ਹਮਲਾਵਰ ਜਾਂ ਵਿਦੇਸ਼ੀ ਸ਼ਾਸਕ ਨੂੰ ਆਪਣੇ ਪ੍ਰਾਂਤ ਵਿੱਚੋਂ ਖਦੇੜਨ ਲਈ ਸਫਲਤਾ ਹਾਸਲ ਕਰਦੇ ਸਨ ਭਾਵੇਂ ਉਹ ਸਿਕੰਦਰ ਮਹਾਨ ਸੀ, ਸਿਥੀਆਨ, ਅਰਬੀ, ਤੁਰਕ, ਮੁਗਲ ਆਦਿ ਸੀ।
ਅੰਗਰੇਜ਼ ਨੂੰ ਭਾਰਤ ਵਿੱਚੋਂ ਬਾਹਰ ਭਜਾਉਣ ਲਈ ਦੇਸ਼ ਭਗਤ ਰਾਜਿਆਂ ਅਤੇ ਆਗੂਆਂ ਦੇ ਸੰਪਰਕ ਵਿੱਚ ਲਗਾਤਾਰ ਪੰਜਾਬ ਦੇ ਇਤਿਹਾਸ ਅੰਦਰ ਸਭ ਤੋਂ ਤਾਕਤਵਰ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਵੀ ਰਿਹਾ ਪਰ ਉਹ ਇਕ ਉੱਘੇ ਕੂਟਨੀਤਕ ਵਜੋਂ ਸਿੱਧੀ ਜੰਗੀ ਕਾਰਵਾਈ ਤੋਂ ਟਲਦਾ ਰਿਹਾ। ਸੰਨ 1839 ਵਿੱਚ ਉਸ ਦੀ ਮੌਤ ਤੋਂ ਬਾਅਦ ਉਸ ਦੇ ਉੱਤਰਾਧਿਕਾਰੀ ਏਨੇ ਨਿਕੰਮੇ ਅਤੇ ਕਮਜ਼ੋਰ ਸਾਬਤ ਹੋਏ ਕਿ ਉਹ ਪੰਜਾਬੀਆਂ ਦੀ ਤਾਕਤਵਰ ਫ਼ੌਜ ਨੂੰ ਅੰਗਰੇਜ਼ ਨੂੰ ਹਰਾਉਣ ਅਤੇ ਭਜਾਉਣ ਲਈ ਨਹੀਂ ਵਰਤ ਸਕੇ। ਨਾਕਾਮ ਅਗਵਾਈ ਦੀ ਗਵਾਹੀ ਦਿੰਦਾ ਸਮਕਾਲੀ ਕਵੀ ਸ਼ਾਹ ਮੁਹੰਮਦ ਲਿਖਦਾ ਹੈ, 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।'
ਭਾਵੇਂ ਅੰਗਰੇਜ਼ ਨੇ ਸੰਨ 1849 ਈਸਵੀ ਵਿੱਚ ਛਲ-ਕਪਟ ਨਾਲ ਪੰਜਾਬ ਪ੍ਰਾਂਤ ਜਿੱਤ ਲਿਆ ਪਰ ਪੰਜਾਬੀਆਂ ਨੂੰ ਆਪਣੇ 98 ਸਾਲਾ ਸ਼ਾਸਨ ਦੌਰਾਨ ਉਹ ਗੁਲਾਮ ਨਾ ਬਣਾ ਸਕਿਆ। ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਮਹਾਰਾਣੀ ਜ਼ਿੰਦਾਂ ਅਤੇ ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੇ ਜਲਾਵਤਨੀ ਕਾਲ ਸਮੇਂ ਮਰਾਠਿਆਂ ਅਤੇ ਹੋਰ ਜੰਗਜੂਆਂ ਨਾਲ ਰਾਬਤਾ ਕਾਇਮ ਰਖਿਆ।






ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਫ਼ੌਜ ਵਿੱਚ ਸ਼ਾਮਲ ਨੌਜਵਾਨ ਬਾਬਾ ਰਾਮ ਸਿੰਘ ਨੇ 'ਕੂਕਾ ਲਹਿਰ' ਪੈਦਾ ਕਰਕੇ ਅੰਗਰੇਜ਼ ਨਾਲ 'ਨਾ-ਮਿਲਵਰਤਨ ਸਤਿਆਗ੍ਰਹਿ' ਮਹਾਤਮਾ ਗਾਂਧੀ ਤੋਂ ਢੇਰ ਚਿਰ ਪਹਿਲਾਂ ਸ਼ੁਰੂ ਕੀਤਾ। ਉਨ੍ਹਾਂ ਵੱਲੋਂ ਚਲਾਈ ਆਜ਼ਾਦੀ ਦੀ ਲਹਿਰ ਵਿੱਚ 60,000 ਦੇ ਕਰੀਬ ਕੂਕੇ ਸ਼ਾਮਲ ਹੋ ਗਏ ਜਿਨ੍ਹਾਂ ਅੰਗਰੇਜ਼ ਹਾਕਮ ਜਾਂ ਉਨ੍ਹਾਂ ਦੇ ਪਿੱਠੂਆਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਉਹ ਪੰਜਾਬ ਵਿੱਚ ਖਾਲਸੇ ਦਾ 'ਹਲੇਮੀ ਰਾਜ' ਸਥਾਪਤ ਕਰਨ ਦਾ ਨਿਸ਼ਾਨਾ ਰੱਖਦੇ ਸਨ। ਉਨ੍ਹਾਂ ਆਜ਼ਾਦੀ ਖਾਤਰ ਰੂਸੀ ਹਾਕਮਾਂ ਨਾਲ ਤਾਲਮੇਲ ਕੀਤਾ। ਹਥਿਆਰਬੰਦ ਹੋਣ ਲਈ ਮਲੇਰਕੋਟਲਾ ਰਿਆਸਤ ਦਾ ਅਸਲਾਖਾਨਾ ਲੁੱਟਣ ਦਾ ਯਤਨ ਕੀਤਾ। ਅੰਗਰੇਜ਼ ਦੀ ਮਦਦ ਨਾਲ ਹਾਕਮਾਂ ਨਾ ਸਿਰਫ ਇਸ ਨੂੰ ਨਾਕਾਮ ਬਣਾਇਆ ਬਲਕਿ 67 ਕੂਕਿਆਂ ਨੂੰ ਤੋਪਾਂ ਦੇ ਮੂੰਹ ਨਾਲ ਬੰਨ੍ਹ ਕੇ ਉਡਾ ਦਿੱਤਾ। ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ (ਮਿਆਂਮਾਰ) ਜੇਲ੍ਹ ਭੇਜ ਦਿੱਤਾ।
ਲਾਰਡ ਡਲਹੌਜ਼ੀ ਨੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਦੀ ਜੰਗੀ ਤਾਕਤ ਨੂੰ ਖ਼ਤਮ ਕਰਨ ਲਈ ਫੁਰਮਾਨ ਜਾਰੀ ਕੀਤਾ ਕਿ 'ਸਿੱਖਾਂ ਨੂੰ ਸਿਰਫ ਨਹੁੰਆਂ ਨਾਲ ਹੀ ਲੈਸ ਰਹਿਣ ਦਿੱਤਾ ਜਾਵੇ'। ਉਪਰੰਤ ਇਨ੍ਹਾਂ ਨੂੰ ਜੰਗੀ ਕੌਂਸਲ ਤੋਂ ਹਟਾ ਕੇ ਖੇਤੀ ਵੱਲ ਰੁਚਿਤ ਕਰਨ ਲਈ ਪੰਜਾਬ ਵਿੱਚ ਸਿੰਜਾਈ ਵਿਵਸਥਾ ਪਰਪੱਕ ਕਰਦੇ ਨੀਲੀਬਾਰ, ਸੰਦਲੀਬਾਰ ਅਤੇ ਹੋਰ ਖੇਤਰਾਂ ਦੀਆਂ ਬੰਜਰ ਜ਼ਮੀਨਾਂ ਆਬਾਦ ਕਰਨ ਵੱਲ ਧਿਆਨ ਕੇਂਦਰਤ ਕੀਤਾ। ਜਦੋਂ ਉਹ ਉੱਥੇ ਖੁਸ਼ਹਾਲ ਹੋਏ ਤਾਂ ਕੈਨਾਲ ਕਾਲੋਨੀਜ਼ ਬਿੱਲ, ਸੰਨ 1906 ਪਾਸ ਕਰਕੇ ਉਨ੍ਹਾਂ ਦੀ ਮਾਲਕੀ ਪਟੇਦਾਰੀ ਵਿੱਚ ਬਦਲਣ ਦਾ ਯਤਨ ਹੀ ਨਾ ਕੀਤਾ ਬਲਕਿ 25 ਪ੍ਰਤੀਸ਼ਤ ਜ਼ਮੀਨੀ ਮਾਲੀਆ ਵੀ ਵਧਾ ਦਿੱਤਾ। ਇਸ ਵਿਰੁੱਧ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫੀ ਅੰਬਾ ਪ੍ਰਸ਼ਾਦ ਨੇ ਬਾਂਕੇ ਦਿਆਲ ਵੱਲੋਂ ਲਿਖੇ ਇਨਕਲਾਬੀ ਗੀਤ 'ਪਗੜੀ ਸੰਭਾਲ ਓਏ ਜੱਟਾ' ਤਹਿਰੀਕ ਸ਼ੁਰੂ ਕੀਤੀ। 'ਪੰਜਾਬੀ' ਅਖ਼ਬਾਰ ਦਾ ਸੰਪਾਦਨ ਕਰਕੇ ਇਸ ਨੂੰ ਸਫਲ ਬਣਾਉਣ ਦੀ ਮੁਹਿੰਮ ਵਿੱਢੀ। ਨਤੀਜੇ ਵਜੋਂ ਇਹ ਬਿੱਲ ਵਾਪਸ ਲੈਣਾ ਪਿਆ।
ਆਜ਼ਾਦੀ ਦੀ ਜੰਗ ਨੂੰ ਰਾਜ ਵਿੱਚ ਤੇਜ਼ ਕਰਨ ਲਈ 'ਗਦਰ ਲਹਿਰ' ਨੂੰ ਸ਼ੁਰੂ ਕੀਤਾ। ਇਸ ਦੇ ਵਾਸ਼ਿੰਗਟਨ (ਅਮਰੀਕਾ) ਵਿਖੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਨੇ ਪੰਜਾਬੀਆਂ ਨੂੰ ਅੰਗਰੇਜ਼ ਖ਼ਿਲਾਫ਼ ਬਗਾਵਤ ਦਾ ਹੋਕਾ ਦਿੱਤਾ। ਪੰਜਾਬ ਅੰਦਰ ਆਜ਼ਾਦੀ ਦੀ ਜੰਗ ਦਾ ਕੌਮਾਂਤਰੀਕਰਨ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ।
ਕੈਨੇਡਾ ਅੰਦਰ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਬਾਬਾ ਗੁਰਦਿੱਤਾ ਸਿੰਘ ਨੇ ਜਾਪਾਨੀ ਕਾਮਾਗਾਟਾਮਾਰੂ ਜਹਾਜ਼ ਕਿਰਾਏ 'ਤੇ ਲੈ ਕੇ 376 ਪੰਜਾਬੀਆਂ ਸਮੇਤ ਕੈਨੇਡਾ ਵਲ ਚਾਲੇ ਪਾਏ। ਪਰ ਅੰਗਰੇਜ਼ ਨੇ ਉਨ੍ਹਾਂ ਦੀ ਮੁਹਿੰਮ ਨਾਕਾਮ ਬਣਾ ਦਿੱਤਾ। ਕੈਨੇਡਾ ਤੋਂ ਵਾਪਸ ਕੋਲਕੱਤਾ ਭੇਜ ਦਿੱਤਾ। ਅੰਗਰੇਜ਼ ਇਨ੍ਹਾਂ ਮੁਸਾਫਰਾਂ ਨੂੰ ਫੜ ਕੇ ਸਿੱਧਾ ਪੰਜਾਬ ਭੇਜਣਾ ਚਾਹੁੰਦਾ ਸੀ। ਜਦੋਂ ਉਨ੍ਹਾਂ ਵਿਰੋਧ ਕੀਤਾ ਉਨ੍ਹਾਂ 'ਤੇ 29 ਸਤੰਬਰ 1914 ਨੂੰ ਗੋਲੀਆਂ ਬਰਸਾਈਆਂ ਜਿਸ ਵਿੱਚ 18 ਯਾਤਰੂ ਸ਼ਹੀਦ ਹੋ ਗਏ। ਵਿਰੋਧ ਵਿੱਚ ਗੁਰਦੇਵ ਰਵਿੰਦਰ ਨਾਥ ਟੈਗੋਰ ਨੇ ਕੈਨੇਡਾ ਸਰਕਾਰ ਦਾ ਸੱਦਾ ਠੁਕਰਾ ਦਿੱਤਾ। ਇਸੇ ਦੌਰਾਨ ਗ਼ਦਰ ਪਾਰਟੀ ਨੇ 21 ਫਰਵਰੀ 1915 ਨੂੰ ਅੰਗਰੇਜ਼ ਫੌਜੀ ਛਾਉਣੀਆਂ ਵਿੱਚ ਵਿਦਰੋਹ ਭੜਕਾਉਣ ਦੀ ਯੋਜਨਾ ਬਣਾਈ ਜਿਸ ਵਿੱਚ ਪ੍ਰਮੁੱਖ ਆਗੂ ਸ. ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਭਾਈ ਰਣਧੀਰ ਸਿੰਘ ਸਨ। ਪਰ ਐਨ ਮੌਕੇ ਮੁਖ਼ਬਰੀ ਕਰਕੇ ਨਾਕਾਮ ਹੋ ਗਈ। ਸ੍ਰੀ ਸਰਾਭਾ ਸਮੇਤ ਕਈ ਆਗੂ ਇਸ ਦੋਸ਼ ਵਿੱਚ ਫਾਂਸੀ 'ਤੇ ਲਟਕਾ ਦਿੱਤੇ ਗਏ।



ਮਹਾਤਮਾ ਗਾਂਧੀ ਵੱਲੋਂ ਕਾਂਗਰਸ ਦੇ ਮਹਾਨ ਆਗੂ ਵਜੋਂ ਦੇਸ਼ ਆਜ਼ਾਦੀ ਦੀ ਲਹਿਰ ਦੀ ਅਹਿੰਸਕ ਅਗਵਾਈ ਕਰਕੇ ਪੰਜਾਬ ਦੇ ਹਜ਼ਾਰਾਂ ਨੌਜਵਾਨ ਅੱਗੇ ਆਉਣੇ ਸ਼ੁਰੂ ਹੋ ਗਏ। ਪੰਜਾਬ ਅੰਦਰ ਕਮਿਊਨਿਸਟ ਅਤੇ ਅਕਾਲੀ ਵੀ ਡਟ ਕੇ ਇਸ ਲਹਿਰ ਵਿੱਚ ਆਉਣ ਲੱਗੇ। ਪੰਜਾਬ ਵਿੱਚ ਆਜ਼ਾਦੀ ਦੀ ਲਹਿਰ ਦੀ ਚਿੰਗਾਰੀ ਜਲ੍ਹਿਆਂਵਾਲਾ ਬਾਗ (ਅੰਮ੍ਰਿਤਸਰ) ਦੇ ਕਾਲੇ ਸਾਕੇ ਬਾਅਦ ਬੇਕਾਬੂ ਹੋ ਕੇ ਭੜਕਣੀ ਸ਼ੁਰੂ ਹੋ ਗਈ ਜਿਸ ਨੇ ਇਕ ਦਿਨ ਵੀ ਰਾਜ ਅੰਦਰ ਅੰਗਰੇਜ਼ ਸ਼ਾਸਕ ਨੂੰ ਚੈਨ ਨਾਲ ਸੌਣ ਨਹੀਂ ਦਿੱਤਾ। ਵਿਸਾਖੀ ਵਾਲੇ ਪਵਿੱਤਰ ਦਿਹਾੜੇ ਸੈਫੂਦੀਨ ਕਿਚਲੂ ਅਤੇ ਡਾ. ਸਤਪਾਲ ਦੀ ਨਜ਼ਰਬੰਦੀ ਵਿਰੁੱਧ 20 ਹਜ਼ਾਰ ਕਰੀਬ ਪੰਜਾਬੀ ਜਲ੍ਹਿਆਂਵਾਲੇ ਬਾਗ ਵਿੱਚ ਜਲਸੇ ਲਈ ਇਕੱਤਰ ਹੋਏ ਤਾਂ ਜ਼ਾਲਮ ਅੰਗਰੇਜ਼ ਨੇ ਗੋਲੀਆਂ ਦੀ ਬੌਛਾੜ ਨਾਲ 1300 ਭੁੰਨ ਸੁੱਟੇ ਅਤੇ ਸੈਂਕੜੇ ਜ਼ਖ਼ਮੀ ਕਰ ਦਿੱਤੇ।
ਸ਼ਹੀਦ ਭਗਤ ਸਿੰਘ ਨੇ ਸੰਨ 1926 ਵਿੱਚ ਨੌਜਵਾਨ ਭਾਰਤ ਸਭਾ ਸਥਾਪਤ ਕੀਤੀ। ਛੇਤੀ ਹੀ ਇਹ ਏਨੀ ਮਕਬੂਲ ਹੋਈ ਕਿ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਇਸ ਦੇ ਮੰਚ ਨੂੰ ਸੰਬੋਧਨ ਕਰਨ ਦਾ ਮਾਣ ਹਾਸਲ ਕੀਤਾ। ਸਾਈਮਨ ਕਮਿਸ਼ਨ ਦੇ ਲਾਹੌਰ ਪੁੱਜਣ 'ਤੇ ਜਦੋਂ ਕਾਂਗਰਸ, ਕਿਰਤੀ ਪਾਰਟੀ ਅਤੇ ਭਾਰਤ ਨੌਜਵਾਨ ਸਭਾ ਨੇ ਇਸ ਦਾ ਵਿਰੋਧ ਕੀਤਾ ਤਾਂ ਜਾਬਰਾਨਾ ਲਾਠੀਚਾਰਜ ਵਿੱਚ ਲਾਲਾ ਲਾਜਪਤ ਰਾਏ ਜ਼ਖ਼ਮੀ ਹੋ ਗਏ ਅਤੇ ਬਾਅਦ ਵਿੱਚ ਸਵਰਗ ਸਿਧਾਰ ਗਏ। ਸ. ਭਗਤ ਸਿੰਘ ਅਤੇ ਸਾਥੀਆਂ ਇਸ ਦਾ ਬਦਲਾ ਏ.ਐਸ.ਪੀ. ਸਾਂਡਰਸ ਨੂੰ ਕਤਲ ਕਰਕੇ ਲਿਆ। 10 ਦਸੰਬਰ 1929 ਨੂੰ ਕੇਂਦਰੀ ਅਸੈਂਬਲੀ ਵਿੱਚ ਜਾਅਲੀ ਬੰਬ ਸੁੱਟ ਕੇ ਅੰਗਰੇਜ਼ ਦੇ ਬੋਲੇ ਕੰਨਾਂ ਦੇ ਡੱਪੇ ਖੋਲ੍ਹਦਿਆਂ ਗ੍ਰਿਫਤਾਰੀ ਦਿੱਤੀ ਅਤੇ 23 ਮਾਰਚ 1930 ਨੂੰ ਰਾਜਗੁਰੂ, ਸੁਖਦੇਵ ਸਮੇਤ ਲਾਹੌਰ ਜੇਲ੍ਹ 'ਚ ਫਾਂਸੀ ਦਾ ਰੱਸਾ ਚੁੰਮਿਆ। ਦੂਸਰੇ ਪਾਸੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ ਲੈਣ ਲਈ ਸ਼ਹੀਦ ਊਧਮ ਸਿੰਘ, ਆਪਣੇ ਫਰਜ਼ੀ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰਾਹੀਂ ਬਰਤਾਨੀਆ ਪੁੱਜ ਗਿਆ ਜਿੱਥੇ 13 ਮਾਰਚ 1940 ਨੂੰ ਸਰ ਮਾਈਕਲ ਓਡਵਾਇਰ ਨੂੰ ਭਰੀ ਸਭਾ ਵਿੱਚ ਗੋਲੀਆਂ ਨਾਲ ਭੁੰਨ ਕੇ ਵਿਲੱਖਣ ਇਤਿਹਾਸ ਰਚਿਆ।
14 ਦਸੰਬਰ 1920 ਨੂੰ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ। ਇਸ ਨੇ ਅੰਗਰੇਜ਼ ਪਿੱਠੂ ਮਹੰਤਾਂ ਤੋਂ ਸਿੱਖਾਂ ਦੇ ਪਾਵਨ ਗੁਰਦੁਆਰੇ ਆਜ਼ਾਦ ਕਰਾਉਣ ਲਈ ਜੋ ਅਹਿੰਸਕ, ਸ਼ਾਂਤਮਈ ਅਤੇ ਅਨੁਸ਼ਾਸਤ ਸੰਘਰਸ਼ ਸ਼ੁਰੂ ਕੀਤਾ ਉਸ ਦੀ ਵਿਸ਼ਵ ਅੰਦਰ ਕਿਧਰੇ ਮਿਸਾਲ ਨਹੀਂ ਮਿਲਦੀ। ਨਨਕਾਣਾ ਸਾਹਿਬ ਮੋਰਚੇ ਬਾਅਦ ਜਦੋਂ ਕੁਰਬਾਨੀਆਂ ਦੇ ਅੰਬਾਰ ਨਾਲ ਚਾਬੀਆਂ ਦਾ ਮੋਰਚਾ ਫਤਹਿ ਕੀਤਾ ਤਾਂ



ਮਹਾਤਮਾ ਗਾਂਧੀ ਨੇ ਇਸ ਨੂੰ ਆਜ਼ਾਦੀ ਦੀ ਜੰਗ ਦੀ ਪਹਿਲੀ ਜਿੱਤ ਗਰਦਾਨਦੇ ਹੋਏ ਬਾਬਾ ਖੜਕ ਸਿੰਘ ਨੂੰ ਤਾਰ ਭੇਜੀ। ਜੈਤੋਂ ਦੇ ਮੋਰਚੇ ਵਿੱਚ ਪੰਡਤ ਨਹਿਰੂ ਨੇ ਸ਼ਿਰਕਤ ਕੀਤੀ ਅਤੇ ਗ੍ਰਿਫਤਾਰੀ ਦਿੱਤੀ। 'ਗੁਰੂ ਕੇ ਬਾਗ਼' ਦੇ ਮੋਰਚੇ ਅੰਦਰ ਅੰਗਰੇਜ਼ ਦੇ ਵਹਿਸ਼ੀਆਨਾ ਜਬਰ ਨੂੰ 19 ਦਿਨ ਅਹਿੰਸਕ ਅਕਾਲੀ ਜਾਂਬਾਜ਼ਾਂ ਵਲੋਂ ਝੱਲਣ ਤੋਂ ਪ੍ਰਭਾਵਤ ਸੀ.ਐਫ. ਐਂਡਰਿਊਜ਼ ਅੰਗਰੇਜ਼ ਮਿਸ਼ਨਰੀ ਨੇ ਲਿਖਿਆ, "ਸਿੱਖਾਂ ਨੇ ਸਮੁੱਚੀ ਦੁਨੀਆ ਨੂੰ ਇਖਲਾਕੀ ਜੰਗ ਲੜਨ ਦੀ ਨਵੀਂ ਜੁਗਤਿ ਸਿਖਾਈ ਹੈ।" ਇਸ ਮੋਰਚੇ ਤੋਂ ਪ੍ਰਭਾਵਤ ਹੋ ਕੇ ਪੰਡਤ ਮਦਨ ਮੋਹਨ ਮਾਲਵੀਆ ਨੇ ਹਰ ਹਿੰਦੂ ਪਰਿਵਾਰ ਨੂੰ ਇਕ ਲੜਕਾ ਸਿੰਘ ਸਜਾਉਣ ਦਾ ਹੋਕਾ ਦਿੱਤਾ।
ਸਿੱਖਾਂ ਨੇ ਮਹਾਤਮਾ ਗਾਂਧੀ ਦੀ ਸਿਵਲ ਨਾ ਫੁਰਮਾਨੀ ਅਤੇ ਭਾਰਤ ਛੱਡੋ ਲਹਿਰਾਂ ਵਿੱਚ ਵੀ ਡਟ ਕੇ ਹਿੱਸਾ ਲਿਆ। ਸਿੱਖਾਂ ਨੂੰ ਭਾਰਤ ਦੀ ਮੁੱਖ ਧਾਰਾ ਵਿੱਚ ਜਜ਼ਬ ਕਰਨ ਦਾ ਇਤਿਹਾਸਕ ਨਿਰਣਾ ਲਿਆ। ਮੁਹੰਮਦ ਅਲੀ ਜਿਨਾਹ ਦੀਆਂ ਕੁਚਾਲਾਂ ਨੂੰ ਨਾਕਾਮ ਬਣਾ ਦਿੱਤਾ।
ਆਜ਼ਾਦ ਹਿੰਦ ਫੌਜ ਦੇ ਅਸਲ ਬਾਨੀ ਜਨਰਲ ਮੋਹਨ ਸਿੰਘ, ਬਾਬਾ ਬੁੱਧ ਸਿੰਘ ਸਨ ਜਦਕਿ ਪ੍ਰਮੁੱਖ ਕਮਾਂਡਰ ਕਰਨਲ ਗੁਰਬਖ਼ਸ਼ ਸਿੰਘ ਢਿੱਲੋਂ, ਰੋਮੇਸ਼ ਸਹਿਗਲ ਅਤੇ ਸ਼ਾਹ ਨਵਾਜ਼ ਸਨ ਜਿਨ੍ਹਾਂ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਜਪਾਨ ਦੀ ਮੱਦਦ ਨਾਲ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਸੰਘਰਸ਼ ਕੀਤਾ। ਜਦੋਂ ਇਨ੍ਹਾਂ ਤਿੰਨਾਂ ਸੂਰਬੀਰਾਂ ਵਿਰੁੱਧ ਲਾਲ ਕਿਲੇ ਵਿੱਚ ਮੁਕੱਦਮਾ ਚਲਾਇਆ ਤਾਂ ਸਾਰਾ ਪੰਜਾਬ ਇਕਜੁੱਟ ਹੋ ਗਿਆ। ਪੰਡਤ ਨਹਿਰੂ ਖੁਦ ਵਕੀਲ ਦਾ ਚੋਗਾ ਪਹਿਨ ਕੇ ਉਨ੍ਹਾਂ ਦੀ ਰਿਹਾਈ ਲਈ ਲੜੇ।
ਕਾਂਗਰਸ ਅਤੇ ਅਕਾਲੀ ਦਲ ਨੇ ਪੰਜਾਬ ਅੰਦਰਲੀਆਂ ਰਿਆਸਤਾਂ ਦੇ ਰਜਵਾੜਿਆਂ ਵਿਰੁੱਧ ਵੀ ਤਿੱਖਾ ਸੰਘਰਸ਼ ਕੀਤਾ। ਅਕਾਲੀ ਦਲ ਵੱਲੋਂ ਇਸ ਮੰਤਵ ਲਈ 'ਪਰਜਾ ਮੰਡਲ' ਸਥਾਪਤ ਕੀਤਾ। ਬਾਬਾ ਖੜਕ ਸਿੰਘ, ਸ. ਸੇਵਾ ਸਿੰਘ ਠੀਕਰੀਵਾਲਾ, ਗਿਆਨੀ ਜ਼ੈਲ ਸਿੰਘ, ਚੌਧਰੀ ਬੰਸੀ ਲਾਲ, ਤੇਜਾ ਸਿੰਘ ਸੁਤੰਤਰ ਆਦਿ ਨੇ ਪਟਿਆਲਾ, ਨਾਭਾ, ਮਲੇਰਕੋਟਲਾ, ਲੋਹਾਰੂ, ਫਰੀਦਕੋਟ, ਬਹਾਵਲਪੁਰ, ਪਟੌਦੀ, ਜੰਮੂ-ਕਸ਼ਮੀਰ ਆਦਿ ਵਿਖੇ ਮੁਜ਼ਾਰਿਆਂ, ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿੱਤਾਂ ਲਈ ਵੱਡੀਆਂ ਮੁਹਿੰਮਾਂ ਚਲਾਈਆਂ। ਕੁਰਬਾਨੀਆਂ ਦਿੱਤੀਆਂ।
ਅੰਕੜੇ ਦਰਸਾਉਂਦੇ ਹਨ ਕਿ ਪੰਜਾਬੀਆਂ ਨੇ ਆਜ਼ਾਦੀ ਪ੍ਰਾਪਤ ਦੇ ਸੰਘਰਸ਼ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ:-
ਆਜ਼ਾਦੀ ਵੇਲੇ ਅਤੇ ਆਜ਼ਾਦੀ ਬਾਅਦ ਪੰਜਾਬ ਟੁਕੜੇ-ਟੁਕੜੇ ਹੋ ਗਿਆ। ਅਸੀਂ ਏਡੀਆਂ ਵੱਡੀਆਂ ਕੁਰਬਾਨੀਆਂ ਬਾਅਦ ਵੀ ਸੁਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੂੰ ਇਕਜੁਟ ਨਹੀਂ ਰੱਖ ਸਕੇ। ਨਾ ਹੀ ਭਾਰਤ ਅਤੇ ਪਾਕਿਸਤਾਨ ਰਾਸ਼ਟਰਾਂ ਨੇ ਇਸ ਮਹਾਨ ਪ੍ਰਾਂਤ ਬਾਰੇ ਕਦੇ ਸੋਚਿਆ ਹੈ। ਇਸ ਤੋਂ ਵੱਡਾ ਹੋਰ ਕਿਹੜਾ ਪੰਜਾਬੀਆਂ ਲਈ ਦੁਖਾਂਤ ਅਤੇ ਸਰਾਪ ਹੋ ਸਕਦਾ ਹੈ।

# ਐਲਕ ਗਰੋਵ ਦੀਆਂ ਤੀਆਂ 'ਚ ਲੱਗੀਆਂ ਰੌਣਕਾਂ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ**
ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਵੱਲੋਂ 11ਵੀਆਂ ਸਾਲਾਨਾ ਤੀਆਂ ਐਲਕ ਗਰੋਵ ਪਾਰਕ ਵਿਖੇ ਕਰਵਾਈਆਂ ਗਈਆਂ। ਲਗਭਗ 3 ਹਜ਼ਾਰ ਦੇ ਕਰੀਬ ਔਰਤਾਂ ਨੇ ਇਸ ਮੇਲੇ ਵਿਚ ਪਹੁੰਚ ਕੇ ਆਪਣੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ। ਪੰਜਾਬ ਵਾਂਗ ਦਰੱਖਤਾਂ ਦੀ ਛਾਂ ਹੇਠ ਲੱਗਣ ਵਾਲੀਆਂ ਇਨ੍ਹਾਂ ਤੀਆਂ ਵਿਚ ਛੋਟੀਆਂ ਬੱਚੀਆਂ ਤੋਂ ਲੈ ਕੇ 80 ਸਾਲ ਤੱਕ ਦੀਆਂ 150 ਦੇ ਕਰੀਬ ਔਰਤਾਂ ਨੇ ਸਟੇਜ ਤੋਂ ਆਪਣੀ ਕਲਾ ਦੇ ਜੌਹਰ ਦਿਖਾਏ। ਸਟੇਜ ਸਕੱਤਰ ਆਸ਼ਾ ਸ਼ਰਮਾ ਨੇ ਮੇਲੇ ਦੀ ਪਿਛਲੇ 11 ਸਾਲਾਂ ਦੀ ਕਾਰਗੁਜ਼ਾਰੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਪਰੰਤ ਸੱਦਾ ਦਿੱਤਾ ਗਿਆ ਇਸ ਮੇਲੇ ਦੇ ਆਯੋਜਕ ਨਿਰਮਲਜੀਤ ਰੰਧਾਵਾ (ਪਿੰਕੀ) ਅਤੇ ਪਰਨੀਤ ਗਿੱਲ ਨੂੰ। ਉਨ੍ਹਾਂ ਸਟੇਜ 'ਤੇ ਆਣ ਕੇ ਵਿਸ਼ਾਲ ਗਿਣਤੀ ਵਿਚ ਆਏ ਸਰੋਤਿਆਂ ਦਾ ਧੰਨਵਾਦ ਕੀਤਾ। ਸਟੇਜ ਨੂੰ ਇਸ ਵਾਰ ਬੱਗਾ ਜਿਊਲਰਜ਼, ਸੈਕਰਾਮੈਂਟੋ ਵੱਲੋਂ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ ਸੀ। ਉਨ੍ਹਾਂ ਨੇ ਸਟੇਜ ਦੇ ਨਾਲ ਹੀ ਇਕ ਵੱਖਰਾ ਸਟਾਲ ਲਾ ਕੇ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਇਆ, ਜਿਸ ਵਿਚ ਖੂਹ, ਮਲਕੀ-ਕੀਮਾ ਦੇ ਬੁੱਤ, ਚਰਖੇ, ਫੁਲਕਾਰੀਆਂ, ਬਾਜ, ਚਾਟੀਆਂ, ਮਧਾਣੀਆਂ, ਛੱਜ, ਢੋਲਕੀਆਂ ਆਦਿ ਵਿਰਾਸਤੀ ਵਸਤਾਂ ਸਮੁੱਚੇ ਪ੍ਰੋਗਰਾਮ ਨੂੰ ਹੋਰ ਵੀ ਚਾਰ-ਚੰਨ ਲਾ ਰਹੀਆਂ ਸਨ। ਦਰੱਖਤਾਂ ਦੀ ਛਾਂ ਹੇਠ ਲੱਗਣ ਵਾਲੀਆਂ ਇਨ੍ਹਾਂ ਤੀਆਂ ਵਿਚ ਵਿਸ਼ੇਸ਼ ਤੌਰ 'ਤੇ ਪੀਂਘਾਂ ਵੀ ਚੜ੍ਹਾਈਆਂ ਜਾਂਦੀਆਂ ਹਨ, ਜਿੱਥੇ ਬੀਬੀਆਂ ਆਪਣੇ ਚਾਅ ਤੇ ਮਲਾਰ ਪੂਰੇ ਕਰਦੀਆਂ ਹਨ। ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਹਾਰ-ਸ਼ਿੰਗਾਰ ਦਾ ਸਮਾਨ, ਮਹਿੰਦੀ, ਜੁੱਤੀਆਂ ਅਤੇ ਹੋਰ ਵੀ ਵੱਖ-ਵੱਖ ਤਰ੍ਹਾਂ ਦੇ ਸਟਾਲ ਪੰਜਾਬ ਦੇ ਕਿਸੇ ਬਾਜ਼ਾਰ ਦਾ ਭੁਲੇਖਾ ਪਾਉਂਦੇ ਸਨ। ਸਭ ਤੋਂ ਪਹਿਲਾਂ ਬੀਬੀਆਂ ਨੇ ਸੁਹਾਗ, ਘੋੜੀਆਂ, ਸਿੱਠਣੀਆਂ, ਬੋਲੀਆਂ ਅਤੇ ਟੱਪੇ ਆਦਿ ਗਾ ਕੇ ਮੇਲੇ ਦਾ ਆਗਾਜ਼ ਕੀਤਾ। ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਨੇ ਦੁਪਹਿਰ 1 ਵਜੇ ਸ਼ੁਰੂ ਹੋਈਆਂ ਇਨ੍ਹਾਂ ਤੀਆਂ ਵਿਚ ਸ਼ਾਮ ਦੇ 7 ਵਜੇ ਤੱਕ 25 ਦੇ ਕਰੀਬ ਆਈਟਮਾਂ ਪੇਸ਼ ਕਰਵਾਈਆਂ। ਹਰ ਆਈਟਮ ਹੀ ਕਾਬਲੇ-ਤਾਰੀਫ ਸੀ। ਇਨ੍ਹਾਂ ਵਿਚ ਗਿੱਧਾ, ਬੋਲੀਆਂ, ਭੰਗੜਾ ਤੇ ਗੀਤ-ਸੰਗੀਤ ਵੀ ਸ਼ਾਮਲ ਸੀ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਤਬੀਰ ਸਿੰਘ ਬਾਜਵਾ ਅਤੇ ਪਰਿਵਾਰ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਉਨ੍ਹਾਂ ਨੇ ਆਈਆਂ ਤਿੰਨ ਹਜ਼ਾਰ ਔਰਤਾਂ ਲਈ ਮੁਫਤ ਪਾਣੀ, ਸੋਢੇ ਅਤੇ ਸ਼ਰਬਤ ਦੀ ਸੇਵਾ ਕੀਤੀ। ਫਲਮਿੰਗੋ ਪੈਲੇਸ ਵੱਲੋਂ ਖਾਣ-ਪੀਣ ਦਾ ਸਟਾਲ ਲਾਇਆ ਗਿਆ। ਕੈਲੀਫੋਰਨੀਆ ਦੇ ਚੁਣੇ ਹੋਏ ਆਗੂ ਇਸ ਤੀਆਂ ਦੇ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਭਰਨ ਆਏ, ਜਿਨ੍ਹਾਂ ਵਿਚ ਅਸੈਂਬਲੀ ਮੈਂਬਰ ਜਿਮ ਕੂਪਰ, ਐਲਕ ਗਰੋਵ ਮੇਅਰ ਸਟੀਵ ਲੀ, ਕਾਊਂਟੀ ਸੁਪਰਵਾਈਜ਼ਰ ਸੂ ਫਰੌਸਟ, ਮੁਡੈਸਟੋ ਸਿਟੀ ਦੇ ਵਾਈਸ ਮੇਅਰ ਮੈਨੀ ਗਰੇਵਾਲ, ਸੀ.ਐੱਸ. ਡੀ. ਦੇ ਡਾਇਰੈਕਟਰ ਰਾਡ ਬਰਿਊਅਰ, ਸਕੂਲ ਡਿਸਟ੍ਰਿਕ ਬੋਰਡ ਤੋਂ ਬੌਬੀ ਸਿੰਘ ਐਲਨ ਤੋਂ ਇਲਾਵਾ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ, ਡਾ. ਅਸ਼ੋਕ ਸ਼ੰਕਰ, ਸਕਾਟ ਮੈਤਸੂਮੋਟੋ ਅਤੇ ਜੈਸਿਕਾ ਕਾਰਟਰ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਪਾਕਿਸਤਾਨ ਤੋਂ ਸੱਤਾਧਾਰੀ ਪਾਰਟੀ ਦੇ ਆਗੂ ਫਾਰੂਖ ਅਰਸ਼ਦ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਸਿੱਖ ਕੌਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਮੌਕੇ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ।

# ਪੰਜਾਬੀ ਕਲਚਰਲ ਸੈਂਟਰ ਯੂਐਸਏ. ਨੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਕਰਵਾਇਆ

**ਸੈਨਹੋਜ਼ੇ/ਹੁਸਨ ਲੜੋਆ ਬੰਗਾ :**
ਪੰਜਾਬੀ ਕਲਚਰਲ ਸੈਂਟਰ ਯੂਐਸਏ ਤੇ ਪੰਜਾਬੀ ਰੇਡੀਓ ਯੂਐਸਏ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ 'ਚ ਸ਼ਾਇਰਾਂ ਨੇ ਗੁਰੂ ਨਾਨਕ ਜੀ ਦੇ ਇਲਾਹੀ ਸੁਨੇਹੇ ਅਤੇ ਮਾਨਵਤਾ ਦੇ ਭਲੇ ਲਈ ਕੀਤੇ ਮਹਾਨ ਕਾਰਜ ਦੀ ਮਹਿਮਾ ਦਾ ਗਾਇਨ ਕੀਤਾ। ਇਸ ਕਵੀ ਦਰਬਾਰ ਵਿੱਚ ਬੇਅ ਏਰੀਆ ਤੋਂ ਇਲਾਵਾ ਹੇਵਰਡ ਤੇ ਸੈਕਰਾਮੈਂਟੋ ਸਮੇਤ ਹੋਰਨਾਂ ਥਾਵਾਂ ਤੋਂ 22 ਕਵੀ ਆਪੋ ਆਪਣਾ ਕਲਾਮ ਪੇਸ਼ ਕਰਨ ਲਈ ਪੁੱਜੇ। ਇਹ ਕਵੀ ਦਰਬਾਰ ਪੰਜਾਬੀ ਰੇਡੀਓ ਯੂਐਸਏ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਅਤੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਰਾਜਕਰਨਬੀਰ ਸਿੰਘ ਨੇ ਸ਼ੁਰੂ 'ਚ ਸਾਰੇ ਸ਼ਾਇਰਾਂ ਨੂੰ ਜੀ ਆਇਆਂ ਕਿਹਾ। ਪੰਜਾਬੀ ਕਲਚਰਲ ਸੈਂਟਰ ਯੂਐਸਏ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਬਕਾਇਦਾ ਸ਼ੁਰੂਆਤ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਰਬ ਸਾਂਝੀਵਾਲਤਾ ਅਤੇ ਮਾਨਵਤਾ ਦੀ ਭਲਾਈ ਦਾ ਆਪਣਾ ਇਲਾਹੀ ਸੁਨੇਹਾ ਸ਼ਾਇਰੀ ਰਾਹੀਂ ਹੀ ਸਾਨੂੰ ਦਿੱਤਾ ਹੈ। ਉਨ੍ਹਾਂ ਨੇ ਕਲਚਰਲ ਸੈਂਟਰ ਵਲੋਂ ਪੰਜਾਬੀ ਸਭਿਆਚਾਰ ਅਤੇ ਸਾਹਿਤਕ ਖੇਤਰ 'ਚ ਕੀਤੇ ਜਾ ਰਹੇ ਯਤਨਾਂ ਲਈ ਮਿਲ ਰਹੇ ਭਰਵੇਂ ਸਹਿਯੋਗ ਬਦਲੇ ਸਭਨਾਂ ਦਾ ਧੰਨਵਾਦ ਕਰਦਿਆਂ ਕਲਚਰਲ ਸੈਂਟਰ ਵਲੋਂ ਭਵਿੱਖ ਲਈ ਉਲੀਕੇ ਪ੍ਰੋਗਰਾਮਾਂ ਬਾਰੇ ਵੀ ਜਾਣੂੰ ਕਰਵਾਇਆ। ਨੌਜਵਾਨ ਸ਼ਾਇਰਾ ਤੇ ਪੰਜਾਬੀ ਲੋਕ ਗੀਤਾਂ ਸਬੰਧੀ ਅਹਿਮ ਯੋਗਦਾਨ ਪਾਉਣ ਵਾਲੀ ਲਾਜ ਨੀਲਮ ਸੈਣੀ ਨੇ ਇਸ ਵਿਲੱਖਣ ਕਾਵਿ ਮਹਿਫ਼ਲ ਦਾ ਸੰਚਾਲਨ ਕਰਦਿਆਂ ਨੌਜਵਾਨ ਸ਼ਾਇਰ ਗਗਨਜੀਤ ਮਾਹਲ ਨੂੰ ਆਪਣੇ ਕਲਾਮ ਨਾਲ ਸ਼ੁਰੂਆਤ ਕਰਨ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਆਪੋ ਆਪਣੇ ਕਲਾਮ ਦੇ ਜ਼ਰੀਏ ਬਾਬਾ ਗੁਰੂ ਨਾਨਕ ਜੀ ਨੂੰ ਨਤ-ਮਸਤਕ ਹੋਣ ਵਾਲਿਆਂ ਵਿਚ ਉਸਤਾਦ ਸ਼ਾਇਰ ਈਸ਼ਰ ਸਿੰਘ ਮੋਮਨ ਅਤੇ ਆਜ਼ਾਦ ਜਲੰਧਰੀ ਤੋਂ ਇਲਾਵਾ ਬੀਬੀ ਸੁਰਜੀਤ ਕੌਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਚਰਨਜੀਤ ਸਿੰਘ ਪਨੂੰ, ਮੋਹਨ ਸਿੰਘ ਚਰਖਾ, ਦਲਬੀਰ ਸਿੰਘ 'ਦਿਲ' ਨਿੱਜਰ, ਗੁਰਦਿਆਲ ਸਿੰਘ ਨੂਰਪੁਰੀ, ਇੰਦਰਜੀਤ ਸਿੰਘ ਗਰੇਵਾਲ, ਅਜੈਬ ਚੀਮਾ, ਜਸਦੀਪ ਸਿੰਘ, ਗੁਰਸ਼ਰਨ ਸਿੰਘ (ਜਲੰਧਰ), ਪਰੀਮਲ ਗੁਪਤਾ (ਹਿੰਦੀ), ਕੈਪਟਨ ਅਮਰਜੀਤ ਸੈਣੀ, ਪਰਮਿੰਦਰ ਰਾਏ, ਕਮਲ ਬੰਗਾ, ਗੁਲਸ਼ਨ ਦਿਆਲ ਅਤੇ ਸੁਰਿੰਦਰ ਸੀਰਤ ਸ਼ਾਮਲ ਸਨ।



ਬਜ਼ੁਰਗ ਸ਼ਾਇਰ ਈਸ਼ਰ ਸਿੰਘ ਦੇ ਸ਼ਬਦ 'ਖੱਟੀ ਖੱਟੀ, ਸੱਚ ਵਾਲੀ, ਸੱਚ ਵਾਲੀ ਹੱਟੀ ਵਿਚੋਂ, ਤੇਰਾਂ ਤੇਰਾਂ ਤੋਲ ਤੋਲ, ਦੁਨੀਆ ਨੂੰ ਤਾਰਿਆ' ਗੁਰੂ ਜੀ ਦੇ ਸੱਚੇ ਸੌਦੇ ਦਾ ਬਹੁਤ ਸੋਹਣਾ ਵਰਨਣ ਸੀ। ਬੇਅ ਏਰੀਆ ਦੀਆਂ ਕਾਵਿ ਮਹਫ਼ਿਲਾਂ ਦੀ ਜਿੰਦ-ਜਾਨ ਜਨਾਬ ਆਜ਼ਾਦ ਜਲੰਧਰੀ ਨੇ ਮੌਜੂਦਾ ਸਮੇਂ ਬਹੁ ਗਿਣਤੀ ਸਿੱਖਾਂ ਵਲੋਂ ਗੁਰੂ ਜੀ ਦੇ ਉਪਦੇਸ਼ ਵਲੋਂ ਮੁੱਖ ਮੋੜਣ ਦਾ ਜ਼ਿਕਰ ਇਉਂ ਕੀਤਾ; 'ਗੁਰੂ ਨਾਨਕ ਦੇ ਵਾਂਗੂੰ ਅੱਜ ਕਲ੍ਹ, ਸੱਚਾ ਸੌਦਾ ਕੋਈ ਨਹੀਂ ਕਰਦਾ। ਕਈ ਪਾਖੰਡੀ ਉਸ ਦੇ ਨਾਂਅ 'ਤੇ, ਖੋਲ੍ਹੀ ਫਿਰਦੇ ਹੱਟ ਮਿਲਦੇ ਨੇ। ਪੂਰਬ-ਪੱਛਮ, ਉੱਤਰ-ਦੱਖਣ, ਕਣ ਕਣ ਵਿੱਚ ਸਮਾਇਆ ਬਾਬਾ, ਸੱਚੇ ਦਿਲ ਨਾਲ ਕੋਈ ਬੁਲਾਏ, ਗੁਰੂ ਨਾਨਕ ਤਾਂ ਝੱਟ ਮਿਲਦੇ ਨੇ।' ਲਾਜ ਨੀਲਮ ਸੈਣੀ ਦੀ 'ਕਰਤਾਰਪੁਰ ਲਾਂਘਾ' ਕਵਿਤਾ ਸਭਨਾਂ ਦੇ ਦਿਲ ਨੂੰ ਟੁੰਭਦੀ ਸੀ। ਹਰਭਜਨ ਢਿਲੋਂ ਨੇ ਕਵੀ ਦਰਬਾਰ ਨੂੰ ਸਪੂੰਰਨਤਾ ਵੱਲ ਪਹੁੰਚਾਉਂਦਿਆਂ ਗੁਰੂ ਬਾਣੀ ਦੀ ਉੱਚਤਾ ਨੂੰ ਕਾਵਿਕ ਤੇ ਸੰਗੀਤਮਈ ਸੁਰ ਰਾਹੀਂ ਇਉਂ ਬਿਆਨਿਆ; 'ਇਹ ਊਚ-ਨੀਚ ਦਾ ਖੰਡਨ ਕਰਦੀ, ਇਹ ਨਾ ਬਾਬਰ ਤੋਂ ਵੀ ਡਰਦੀ। ਭੁੱਲਿਆਂ ਨੂੰ ਇਹ ਰਾਹੇ ਪਾਵੇ, ਦੁਖੀਆਂ ਨੂੰ ਇਹ ਗਲ ਨਾਲ ਲਾਵੇ, ਸਭ ਨੂੰ ਪਿਆਰ ਦਾ ਸਬਕ ਪੜ੍ਹਾਵੇ। ਤੇ ਗੰਢਦੀ ਟੁੱਟੀ ਤਾਣੀ ਏ, ਧੰਨ ਨਾਨਕ ਤੇਰੀ ਬਾਣੀ ਏ।' ਰੇਡੀਓ ਦੀ ਮੁੱਖ ਹੋਸਟ ਬੀਬੀ ਬਲਵਿੰਦਰ ਕੌਰ ਵਲੋਂ ਰੇਡੀਓ ਤੋਂ ਜਿਨ੍ਹਾਂ ਕਵੀਆਂ ਨੂੰ ਸਰੋਤਿਆਂ ਦੇ ਰੂ-ਬ-ਰੂ ਕਰਕੇ ਕਵੀ ਦਰਬਾਰ ਦਾ ਮਾਹੌਲ ਸਿਰਜਿਆ, ਉਨ੍ਹਾਂ ਵਿਚ ਮਨਜੀਤ ਸਿੰਘ ਮਿਸ਼ੀਗਨ, ਮਾਸਟਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ ਅਤੇ ਸ਼ੇਰ ਸਿੰਘ ਕੰਵਲ ਫੀਨਿਕਸ (ਐਰੀਜ਼ੋਨਾ) ਮੁੱਖ ਸਨ। ਇੰਦਰਜੀਤ ਸਿੰਘ ਗਰੇਵਾਲ ਨੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਵਲੋਂ ਗੁਰੂ ਨਾਨਕ ਜੀ ਦੇ 550ਵੇਂ ਜਨਮ ਪੁਰਬ ਸਬੰਧੀ ਛੇਤੀ ਹੀ ਛਾਪੇ ਜਾਣ ਵਾਲੇ ਕਾਵਿ ਸੰਗ੍ਰਿਹ ਲਈ ਸਭਨਾਂ ਸ਼ਾਇਰਾਂ ਨੂੰ ਅਪਣੀਆਂ ਰਚਨਾਵਾਂ ਉਨ੍ਹਾਂ ਨੂੰ ਭੇਜਣ ਦਾ ਸੱਦਾ ਦਿੱਤਾ। ਸਭਨਾਂ ਸ਼ਾਇਰਾਂ ਨੇ ਇਸ ਸ਼ਾਨਦਾਰ ਉੱਦਮ ਬਦਲੇ ਪੰਜਾਬੀ ਕਲਚਰਲ ਸੈਂਟਰ ਯੂਐਸਏ ਅਤੇ ਪੰਜਾਬੀ ਰੇਡੀਓ ਯੂਐਸਏ ਦੇ ਮੋਹਰੀ ਹਰਜੋਤ ਸਿੰਘ ਖਾਲਸਾ, ਦਿਲਪ੍ਰੀਤ ਸਿੰਘ, ਜਗਮੋਹਨ ਸਿੰਘ ਅਤੇ ਟੀਮ ਦੇ ਹੋਰਨਾਂ ਮੈਂਬਰਾਂ ਦਾ ਧੰਨਵਾਦ ਕੀਤਾ।

# ਇਲੀਨੋਇਸ ਦੇ ਗਵਰਨਰ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਜਾਗਰੂਕਤਾ ਮਹੀਨੇ ਵੱਜੋਂ ਮਨਾਉਣ ਦੇ ਬਿੱਲ 'ਤੇ ਹਸਤਾਖਰ

**ਪੈਲੇਟਾਈਨ/ਏਟੀ ਨਿਊਜ਼ :** ਅਮਰੀਕਾ ਦੇ ਇਲੀਨੋਇਸ ਸੂਬੇ ਦੇ ਰਾਜਪਾਲ ਜੇਬੀ ਪਰਿਜ਼ਕਰ ਨੇ 3 ਅਗਸਤ, 2019 ਨੂੰ ਰਾਜ ਵਿਚ ਅਪ੍ਰੈਲ ਮਹੀਨੇ ਨੂੰ "ਸਿੱਖ ਜਾਗਰੂਕਤਾ ਮਹੀਨਾ"ਵਜੋਂ ਨਿਰਧਾਰਤ ਕਰਦੇ ਇਕ ਨਵੇਂ ਕਾਨੂੰਨ ਉੱਤੇ ਹਸਤਾਖਰ ਕੀਤੇ ਹਨ। ਇਹ ਸਬੰਧੀ ਸਮਾਗਮ ਸਿੱਖ ਰਿਲੀਜੀਅਸ ਸੁਸਾਇਟੀ (ਐਸਆਰਐਸ.) ਪੈਲੇਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਇਆ। ਅਮਰੀਕੀ ਪ੍ਰਸ਼ਾਸਨ ਦੇ ਅਧਿਕਾਰਤ ਪ੍ਰੋਟੋਕਾਲ ਅਤੇ ਪਰੰਪਰਾ ਅਨੁਸਾਰ ਗਵਰਨਰ ਦੇ ਦਸਤਖਤ ਦੀ ਰਸਮ ਲਈ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰ "ਨਿਸ਼ਾਨ ਸਾਹਿਬ" ਨੇੜੇ, ਰਾਜਪਾਲ ਦਾ ਇਕ ਛੋਟਾ ਆਰਜ਼ੀ ਦਫ਼ਤਰ ਸਥਾਪਤ ਕੀਤਾ ਗਿਆ ਸੀ। ਗਵਰਨਰ ਜੇਬੀ ਪਰਿਜ਼ਕਰ ਨੇ ਖੁਸ਼ੀ ਵਿਚ ਠਾਠਾਂ ਮਾਰਦੇ ਸਿੱਖ ਭਾਈਚਾਰੇ ਦੇ ਇਕਠ ਵਿਚ ਗੁਰਦੁਆਰੇ ਦੇ ਵਿਹੜੇ ਵਿਚ ਬਿੱਲ ਉੱਤੇ ਦਸਤਖਤ ਕੀਤੇ।




ਇਸ ਸਮਾਰੋਹ ਵਿਚ 200 ਤੋਂ ਵੱਧ ਸਿੱਖ ਸੰਗਤਾਂ ਅਤੇ ਹੋਰ ਮਹਿਮਾਨ ਸ਼ਾਮਲ ਹੋਏ।

ਇਸ ਮੌਕੇ ਰਾਜਪਾਲ ਜੇਬੀ. ਪਰਿਜ਼ਕਰ ਨੇ ਕਿਹਾ ਕਿ ਅਸੀਂ ਆਪਣੇ ਰਾਜ ਨੂੰ ਇਕ ਅਜਿਹੀ ਥਾਂ ਬਣਾਉਣ ਲਈ ਤਤਪਰ ਰਹਿੰਦੇ ਹਾਂ ਜੋ ਖੁੱਲ੍ਹੇ ਮਨ ਨਾਲ ਸਾਨੂੰ ਬਿਹਤਰ ਭਵਿੱਖ ਨਾਲ ਜੋੜਦੀ ਹੈ। ਅਸੀਂ ਸਿੱਖ ਕੌਮ ਤੋਂ ਇਕ ਸਬਕ ਲੈ ਰਹੇ ਹਾਂ, ਇਸੇ ਲਈ ਅਪ੍ਰੈਲ ਦੇ ਮਹੀਨੇ ਨੂੰ ਸਿੱਖ ਜਾਗਰੂਕਤਾ ਅਤੇ ਪ੍ਰਸੰਸਾ ਮਹੀਨਾ ਵਜੋਂ ਦਰਸਾਉਂਦੇ ਇਸ ਕਾਨੂੰਨ 'ਤੇ ਦਸਤਖਤ ਕਰਨ 'ਤੇ ਮੈਨੂੰ ਮਾਣ ਹੈ। ਰਾਜਪਾਲ ਦੇ ਇਨ੍ਹਾਂ ਬੋਲਾਂ ਦਾ ਸਿੱਖ ਸੰਗਤਾਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ।

ਇਸ ਉਤੇ ਰਾਜਪਾਲ ਪਰਿਜ਼ਕਰ ਨੇ ਟਵੀਟ ਵੀ ਕੀਤਾ ਕਿ"ਜਿਵੇਂ ਕਿ ਵਿਸ਼ਵ ਭਰ ਦੇ ਸਿੱਖ ਆਪਣੇ ਪਹਿਲੇ ਗੁਰੂ ਜੀ ਦੇ ਜਨਮ ਦੀ 550 ਵੀਂ ਵਰੇਗੰਢ ਮਨਾ ਰਹੇ ਹਨ, ਅਸੀਂ ਤੁਹਾਨੂੰ ਇਲੀਨੋਇਸ ਭਾਈਚਾਰੇ ਦੇ ਅਟੁੱਟ ਅੰਗ ਵਜੋਂ ਮਾਨਤਾ ਦੇ ਰਹੇ ਹਾਂ। ਸਾਨੂੰ ਬਹੁਤ ਮਾਣ ਹੈ ਕਿ ਬਹੁਤ ਸਾਰੇ ਸਿੱਖ ਇਸ ਸੂਬੇ ਨੂੰ ਆਪਣਾ ਘਰ ਕਹਿੰਦੇ ਹਨ, ਮੈਨੂੰ ਉਮੀਦ ਹੈ ਕਿ ਨਵਾਂ ਕਾਨੂੰਨ ਸਿੱਖ ਭਾਈਚਾਰੇ ਨੂੰ ਵਧੇਰੇ ਸਮਝ ਪ੍ਰਦਾਨ ਕਰੇਗਾ।"

ਇਸ ਤੋਂ ਪਹਿਲਾਂ ਐਚਬੀ-2832 ਬਿੱਲ ਉਤੇ ਸਦਨ ਵਿਚੋਂ ਪਾਸ ਹੋਣ ਤੋਂ ਬਾਅਦ ਸਪੀਕਰ ਮਾਈਕਲ ਜੇ. ਮੈਡੀਗਨ ਅਤੇ ਸੈਨੇਟ ਦੇ ਪ੍ਰਧਾਨ ਜੌਹਨ ਜੇ. ਕੂਲਰਟਨ ਨੇ ਦਸਤਖਤ ਕੀਤੇ ਸਨ। ਰਾਜ ਦੇ ਐਕਟ ਵਿਚ ਧਾਰਾ 8 ਜੋੜ ਕੇ ਸੋਧ ਕੀਤੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ "ਹਰ ਸਾਲ ਦੇ ਅਪ੍ਰੈਲ ਮਹੀਨੇ ਨੂੰ ਸਿੱਖ ਜਾਗਰੂਕਤਾ ਅਤੇ ਪ੍ਰਸੰਸਾ ਮਹੀਨਾ ਮੰਨਿਆ ਜਾਂਦਾ ਹੈ, ਕਿਉਂਕਿ ਸਿੱਖਾਂ ਨੇ ਆਪਣੇ ਉਤਸ਼ਾਹਜਨਕ ਉਦਮ ਨਾਲ ਅਮਰੀਕਾ ਦੇ ਇਤਿਹਾਸ, ਪ੍ਰਾਪਤੀਆਂ, ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ।"

ਸਦਨ ਵਿਚ ਰਾਜ ਦੇ ਪ੍ਰਤੀਨਿਧੀ ਮਿਸ਼ੇਲ ਮੁਸਮਾਨ ਨੇ ਇਸ ਬਿੱਲ ਨੂੰ ਪੇਸ਼ ਕੀਤਾ ਜਿਸ ਨੂੰ ਫ੍ਰੈੱਡ ਕ੍ਰੇਸਪੋ, ਸਟੀਫਨੀ ਕਿਫੋਵਿਟ, ਟੌਮ ਮੋਰਿਸਨ, ਅਤੇ ਜੋਨਾਥਨ ਕੈਰੋਲ ਵੱਲੋਂ ਇਸ ਦੀ ਤਾਇਦ ਕੀਤੀ ਗਈ। ਮਾਰਕ ਵਾਕਰ, ਮਾਰਕ ਕੈਲੀਸ਼, ਕਰੀਨਾ ਵਿਲਾ, ਥੈਰੇਸਾ ਮਾਹ, ਜੈਨੀਫਰ ਗੋਂਗ, ਗਰਸ਼ੋਵਿਜ਼ ਅਤੇ ਕਈ ਹੋਰਾਂ ਨੇ ਇਸ ਬਿੱਲ ਨੂੰ ਪਾਸ ਕਰਵਾਉਣ ਵਿਚ ਸਹਿਯੋਗ ਦਿੱਤਾ। ਇਹ ਬਿੱਲ ਸੈਨੇਟ ਵਿਚ ਸੈਨੇਟ ਦੇ ਪ੍ਰਧਾਨ ਜੌਹਨ ਕੂਲਰਟਨ ਦੁਆਰਾ ਪੇਸ਼ ਕੀਤਾ ਗਿਆ ਸੀ ਅਤੇ ਇਲੀਨੋਇਸ ਦੇ ਸੈਨੇਟਰਾਂ ਐਨ. ਗਿਲਸਪੀ, ਲੌਰਾ ਮਰਫੀ, ਲੌਰਾ ਏਲਮੈਨ, ਰਾਮ ਵਿਲੀਅਲਮ ਅਤੇ ਹੋਰਾਂ ਦੁਆਰਾ ਇਸ ਦਾ ਸਮਰਥਨ ਕੀਤਾ ਗਿਆ ਸੀ। ਬਿੱਲ ਦੋਵਾਂ ਸਦਨਾਂ ਵਿੱਚ ਪਾਸ ਹੋਣ ਤੋਂ ਬਾਅਦ ਹੁਣ 3 ਅਗਸਤ, 2019 ਨੂੰ ਰਾਜਪਾਲ ਦੇ ਦਸਤਖਤਾਂ ਨੇ ਇਸ ਨੂੰ ਕਾਨੂੰਨ ਬਣਾ ਦਿੱਤਾ ਹੈ। ਇਹ ਕਾਨੂੰਨ 1 ਜਨਵਰੀ, 2020 ਤੋਂ ਲਾਗੂ ਹੋ ਜਾਵੇਗਾ। ਰਾਜ ਦੇ ਪ੍ਰਤੀਨਿਧੀ ਮਿਸ਼ੇਲ ਮੁਸਮਾਨ ਨੇ ਬਿੱਲ ਐਚਬੀ-2832 ਨੂੰ ਪੇਸ਼ ਕਰਨ 'ਤੇ ਖੁਸ਼ੀ ਜ਼ਾਹਰ ਕੀਤੀ ਅਤੇ ਉਨ੍ਹਾਂ ਸਿੱਖ ਕੌਮ ਦੀ ਅਮਰੀਕਨ ਸਮਾਜ ਵਿਚ ਪਾਏ ਯੋਗਦਾਨ ਅਤੇ ਮਨੁੱਖਤਾ ਦੀ ਸੇਵਾ ਵਾਲੀ ਸੋਚ ਲਈ ਪ੍ਰਸੰਸਾ ਕੀਤੀ ਹੈ।

ਇਸ ਮੌਕੇ ਸਿੱਖ ਰਿਲੀਜੀਅਸ ਸੁਸਾਇਟੀ ਪੈਲੇਟਾਈਨ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਨੇ ਰਾਜਪਾਲ ਅਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਸ. ਗਿੱਲ ਨੇ ਸਿੱਖ ਭਾਈਚਾਰੇ ਲਈ ਅਪਰੈਲ ਮਹੀਨੇ ਦੀ ਮਹੱਤਤਾ ਬਾਰੇ ਦੱਸਦਿਆਂ "ਖਾਲਸਾ ਸਾਜਨਾ ਦਿਵਸ" (ਖ਼ਾਲਸੇ ਦੇ ਜਨਮ ਦਿਨ) ਅਤੇ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਅਤੇ ਵਿਸਾਖੀਦੇ ਇੱਕ ਪੰਜਾਬੀ ਸਭਿਆਚਾਰਕ ਤਿਉਹਾਰ ਹੋਣ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਸ ਤੋਂ ਬਾਅਦ ਰਾਜਿੰਦਰ ਸਿੰਘ ਮਾਗੋ ਨੇ ਸਿੱਖ ਭਾਈਚਾਰੇ ਨੂੰ ਇਸ ਬਿੱਲ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ "ਸਿੱਖ ਜਾਗਰੂਕਤਾ ਮਹੀਨੇ ਬਾਰੇ ਮਹੱਤਵਪੂਰਨ ਬਿੱਲ ਉਤੇ ਦਸਤਖਤ ਕਰਨਾ ਰਾਜਪਾਲ ਜੇਬੀ. ਪਰਿਜ਼ਕਰ ਦੀ ਇਹ ਸਿੱਖਾਂ ਨਾਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਨਾਲ ਹੀ ਇਹ ਵੀ ਸਾਬਿਤ ਹੋਇਆ ਹੈ ਕਿ ਇਲੀਨੋਇਸ ਵਿਚ ਸਿੱਖ ਭਾਈਚਾਰਾ ਸਮਾਜ ਦਾ ਇਕ ਮਹੱਤਵਪੂਰਨ ਹਿੱਸਾ ਹਨ।" ਰਾਜਿੰਦਰ ਸਿੰਘ ਮਾਗੋ ਨੇ ਅੱਗੇ ਕਿਹਾ, "ਜਦੋਂ ਅਸੀਂ ਨਫ਼ਰਤੀ ਅਪਰਾਧਾਂ, ਪੱਖਪਾਤ ਅਤੇ ਆਪਣੇ ਵਿਸ਼ਵਾਸ ਅਤੇ ਧਾਰਮਿਕ ਮਾਮਲਿਆਂ ਬਾਰੇ ਸਮਝ ਦੀ ਘਾਟ ਦੀ ਗੱਲ ਕਰਦੇ ਹਾਂ, ਤਾਂ ਇਹ ਬਿੱਲ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਿਚ ਸਾਡੀ ਮਦਦ ਕਰੇਗਾ।"

ਸਮਾਰੋਹ ਵਿਚ ਸਿੱਖ ਰਿਲੀਜ਼ਸ ਸੁਸਾਇਟੀ ਤਰਫੋਂ ਡਾ. ਪਰਦੀਪ ਸਿੰਘ ਤੇ ਸਰਵਣ ਸਿੰਘ ਵੱਲੋਂ ਗਵਰਨਰ ਪਰਿਜ਼ਕਰ ਨੂੰ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਵਿੱਚ ਸਿੱਖ ਸੈਨਿਕਾਂ ਦੀ ਬਹਾਦਰੀ ਨੂੰ ਦਰਸਾਉਂਦਾ ਇੱਕ ਪੋਸਟਰ ਵੀ ਭੇਟ ਕੀਤਾ ਗਿਆ। ਇਸ ਤੋਂ ਇਲਾਵਾ ਸਮਾਰੋਹ ਵਿਚ ਆਏ ਪਤਵੰਤਿਆਂ ਵਿਚ ਇਲੀਨੋਇਸ ਸਟੇਟ ਦੇ ਪ੍ਰਤੀਨਿਧੀ ਮਿਸ਼ੇਲ ਮੁਸਮਾਨ ਅਤੇ ਮਾਰਕ ਵਾਕਰ, ਸਟੇਟ ਸੈਨੇਟਰ ਐਨ ਗਿਲਸਪੀ ਅਤੇ ਲੌਰਾ ਐਲਮਨ, ਪਲਾਟਾਈਨ ਟਾਊਨਸ਼ਿਪ ਕਮੇਟੀ ਦੇ ਮੈਂਬਰ ਮੈਟ ਫਲੇਮ, ਕਮੇਟੀ ਮੈਂਬਰ ਪੈਟਰਿਕ ਵਾਟਸਨ, ਹੈਨੋਵਰ ਪਾਰਕ ਟਾਊਨਸ਼ਿਪ ਦੇ ਟਰੱਸਟੀ ਖਵਾਜਾ ਮੋਇਨੂਦੀਨ ਅਤੇ ਕਈ ਸਥਾਨਕ ਕਮਿਊਨਿਟੀ ਆਗੂ ਵੀ ਸ਼ਾਮਿਲ ਸਨ।

# ਕਸ਼ਮੀਰੀ ਪੰਡਤਾਂ ਦੀ ਵੱਖਰੀ ਹੋਂਦ ਦਾ ਸੁਆਲ

**ਅਰੁਨ ਕੌਲ**

5 ਅਗਸਤ-2019 ਕਸ਼ਮੀਰੀਅਤ ਦਾ ਅੰਤ ਤਹਿ ਕਰ ਗਿਆ। ਮੈਂ ਇਸ ਵੇਲੇ ਸਿਡਨੀ ਵਿਚ ਰਹਿ ਰਿਹਾਂ ਅਤੇ ਖ਼ੁਸ਼ ਹਾਂ। ਇੱਕ ਕਸ਼ਮੀਰੀ ਪੰਡਤ ਹੋਣ ਨਾਤੇ ਮੇਰਾ ਇਸ ਮਸਲੇ ਬਾਰੇ ਕੁਝ ਬੋਲਣਾ ਬਣਦਾ, ਭਾਵੇਂ ਇਹ ਲੰਬਾ ਭਾਵਪੂਰਤ ਅਤੇ ਤਿੱਖਾ ਲੱਗੇ ਪਰ ਮੈਨੂੰ ਲਗਦਾ ਕਿ ਮੈਨੂੰ ਮੇਰੇ ਖ਼ਿਆਲ ਪ੍ਰਗਟ ਕਰਨ ਦੀ ਅਜ਼ਾਦੀ ਹੈ।

ਜੋ ਮੈਂ ਲਿਖਣ ਜਾ ਰਿਹਾਂ, ਮੇਰੀ ਜਾਤ ਦੇ ਬਹੁਤੇ ਲੋਕੀਂ ਇਸ ਨੂੰ ਪਸੰਦ ਨਹੀਂ ਕਰਨਗੇ, ਪਰ ਮੈਨੂੰ ਪਰਵਾਹ ਨਹੀਂ। ਕਸ਼ਮੀਰੀਅਤ ਦੀ ਮੌਤ ਨਾਲ ਹੀ ਮੇਰਾ ਕਸ਼ਮੀਰੀ ਚਿਹਰਾ ਵੀ ਮਿਟ ਜਾਵੇਗਾ ਅਤੇ ਮੈਂ ਉਹ ਕਹਿਣ ਜਾ ਰਿਹਾਂ ਜੋ ਮੈਂ ਬਚਪਨ ਤੋਂ ਦੇਖਿਆ ਹੈ। ਕਸ਼ਮੀਰੀ ਪੰਡਤ ਭਾਵੇਂ ਬੜੇ ਸਲੀਕੇ ਵਾਲੇ ਲੋਕ ਹਨ ਪਰ ਉਹਨਾਂ ਵਿੱਚ ਹੈਂਕੜ ਅਤੇ ਸਵਾਰਥੀਪੁਣਾ ਕੁੱਟ-ਕੁੱਟ ਕੇ ਭਰਿਆ ਹੈ। ਕਸ਼ਮੀਰੀ ਪੰਡਤ ਹਮੇਸ਼ਾ ਤੋਂ ਘੱਟ ਗਿਣਤੀ ਰਹੇ ਹਨ ਪਰ ਪੜ੍ਹੇ-ਲਿਖੇ ਕਸ਼ਮੀਰੀਆਂ ਵਿੱਚ ਉਹ ਹਮੇਸ਼ਾ ਬਹੁ-ਗਿਣਤੀ ਰਹੇ ਹਨ। ਉਹ ਵਿਦਿਅਕ ਖੇਤਰ, ਰੁਜ਼ਗਾਰ ਅਤੇ ਲਗਭਗ ਸਾਰੀਆਂ ਅਹਿਮ ਸਰਕਾਰੀ ਨੌਕਰੀਆਂ ਅਤੇ ਅਹੁਦਿਆਂ ਉੱਤੇ ਕਾਬਜ਼ ਰਹੇ ਹਨ। ਬਹੁਤਾਤ ਕਸ਼ਮੀਰੀ ਪੰਡਤਾਂ ਦੇ ਬੱਚਿਆਂ ਨੂੰ ਇਹਨਾਂ ਤਿੰਨ ਖੇਤਰਾਂ ਵਿੱਚ ਜਾਣ ਲਈ ਜ਼ੋਰ ਪਾਇਆ ਜਾਂਦਾ ਸੀ :

੧) ਡਾਕਟਰ

੨) ਇੰਜੀਨੀਅਰ

੩) ਬੈਂਕ

ਬਹੁ ਗਿਣਤੀ ਹੋਣ ਦੇ ਬਾਵਜੂਦ ਮੁਸਲਮਾਨਾਂ ਉੱਤੇ ਘੱਟ ਗਿਣਤੀ ਪੰਡਤਾਂ ਨੇ ਸਰਕਾਰੀ ਦਫ਼ਤਰਾਂ ਰਾਹੀਂ ਰਾਜ ਕੀਤਾ। ਕਸ਼ਮੀਰੀ ਪੰਡਤਾਂ ਨੇ ਕਸ਼ਮੀਰੀ ਮੁਸਲਮਾਨਾਂ ਨਾਲ਼ ਸਦਾ ਦੂਜੇ ਦਰਜੇ ਦੇ ਸ਼ਹਿਰੀਆਂ ਵਾਂਗ ਵਰਤਾਅ ਕੀਤਾ। ਕਸ਼ਮੀਰੀ ਪੰਡਤ ਬਾਕੀ ਭਾਰਤੀਆਂ ਬਾਰੇ ਵੀ ਆਪਸ ਵਿੱਚ ਬੜੀ ਘ੍ਰਿਣਾ ਨਾਲ਼ ਗੱਲ ਕਰਦੇ। ਉਹਨਾਂ ਨੇ ਹਰ ਵਰਗ ਨੂੰ ਆਪਣੇ ਸ਼ਬਦਾਂ ਵਿੱਚ ਪ੍ਰਭਾਸ਼ਿਤ ਕੀਤਾ ਹੋਇਆ ਸੀ। ਭਾਵੇਂ ਉਹ ਡੋਗਰੇ ਹੋਣ, ਦੱਖਣੀ ਭਾਰਤੀ ਜਾਂ ਸਿੱਖ, ਕਸ਼ਮੀਰੀ ਪੰਡਤਾਂ ਨੇ ਸਭ ਦਾ ਮਜ਼ਾਕ ਉਡਾਇਆ ਹੈ। ਇਹ ਬੜੀ ਲਾਹਨਤ ਵਾਲੀ ਅਤੇ ਅੱਤ ਦੀ ਨਸਲਵਾਦੀ ਗੱਲ ਹੈ। ਕਿਉਂਕਿ ਕਸ਼ਮੀਰ ਭਾਰਤ ਅਤੇ ਪਾਕਿਸਤਾਨ ਦੇ ਹਮਾਇਤੀਆਂ ਦਰਮਿਆਨ ਵੰਡਿਆ ਸੀ, ਕਸ਼ਮੀਰੀ ਪੰਡਤ 'ਗੱਚ ਤਲੇਈ ਪਾਕਿਸਤਾਨ' (ਤਾਂ ਪਾਕਿਸਤਾਨ ਜਾਓ) ਕਹਿਣ ਦਾ ਕੋਈ ਮੌਕਾ ਨਾ ਛੱਡਦੇ। ਫੇਰ ਜਦੋਂ ਇਹਨਾਂ ਦੇ ਸਤਾਏ ਲੋਕੀਂ ਸਰੀਰਕ ਅਤੇ ਮਾਨਸਿਕ ਪੱਖੋਂ ਲੈਸ ਹੋ ਕੇ ਆਏ ਤਾਂ ਗੱਲ ਵੱਸੋਂ ਬਾਹਰ ਹੋ ਗਈ। ਭਾਵੇਂ ਮੈਂ ਇਸ ਦਾ ਪੱਖ ਨਹੀਂ ਲੈਂਦਾ, ਪਰ ਕਦੇ-ਕਦੇ ਤੁਹਾਡੀ ਹੀ ਬਦਤਮੀਜ਼ੀ ਤੁਹਾਨੂੰ ਡਰਾਉਣ ਲਈ ਭੇਖ ਬਦਲ ਮੁੜ ਆਉਂਦੀ ਹੈ ਅਤੇ ਇਸ ਨੇ ਸਾਨੂੰ ਬੁਰੀ ਤਰ੍ਹਾਂ ਡਰਾਇਆ।

ਇਹਨਾਂ ਸਾਰੇ ਸਾਲਾਂ ਦੌਰਾਨ ਅਸੀਂ ਇੱਕ ਵੱਖਰੀ ਹੋਂਦ ਹਸਤੀ ਵੱਜੋਂ ਆਪਣੀ ਧਰਤੀ ਉੱਤੇ ਰਹੇ। ਹੁਣ ਸਾਰੇ ਭਾਰਤ ਵਿੱਚੋਂ ਲੋਕਾਂ ਦੀ ਆਮਦ ਨਾਲ਼ ਅਸੀਂ ਦਿੱਲੀ ਵਰਗੇ ਇੱਕ ਮਿਲਗੋਭੇ ਸਮਾਜ ਦਾ ਹਿੱਸਾ ਹੋਵਾਂਗੇ। ਪਹਿਲਾਂ ਤੁਸੀਂ ਕਸ਼ਮੀਰੀ ਮੁਸਲਮਾਨਾਂ ਨੂੰ ਸਹਿਣ ਕਰਦੇ ਸੀ, ਹੁਣ ਤੁਹਾਨੂੰ ਉਸ ਤੋਂ ਵੀ ਵਧਕੇ ਸਹਿਣ ਕਰਨਾ ਪਵੇਗਾ ਜੋ ਤੁਹਾਨੂੰ ਬਿਲਕੁਲ ਪਸੰਦ ਨਹੀਂ ਆਵੇਗਾ। ਮੌਜੂਦਾ ਕਸ਼ਮੀਰੀ ਪੰਡਤਾਂ ਦੀ ਇੱਕ ਪੂਰੀ ਪੀੜ੍ਹੀ ਕਸ਼ਮੀਰ ਦੀ ਘਾਟੀ ਤੋਂ ਬਾਹਰ ਜੰਮੀ ਅਤੇ ਪਲੀ ਹੈ, ਹੁਣ ਵਾਪਸ ਆਪਣੀ ਸਰਜ਼ਮੀਂ ਕਸ਼ਮੀਰ ਜਾਣ ਦਾ ਉਹਨਾਂ ਦਾ ਅਖੌਤੀ ਸੁਪਨਾ ਸ਼ਾਇਦ ਉਹਨਾਂ ਨੂੰ ਪਸੰਦ ਨਾ ਆਵੇ, ਕਿਉਂਕਿ ਕਸ਼ਮੀਰ ਪਹਿਲਾਂ ਵਰਗਾ ਨਹੀਂ ਰਹੇਗਾ। ਧਾਰਾ ੩੭੦ ਅਤੇ ੩੫ ਦੇ ਹਟਾਏ ਜਾਣ ਨਾਲ਼ ਭਾਵੇਂ ਜ਼ਮੀਨੀ ਤੌਰ ਉੱਤੇ ਕਸ਼ਮੀਰ ਭਾਰਤ ਦਾ ਹਿੱਸਾ ਬਣ ਜਾਵੇ ਪਰ ਇਸ ਦਾ ਮੁੱਲ ਕਸ਼ਮੀਰੀਅਤ ਦਾ ਉਜਾੜਾ ਹੋਣਾ ਹੈ।

ਕਸ਼ਮੀਰੀਅਤ ਤੋਂ ਭਾਵ ਵੱਖ-ਵੱਖ ਧਰਮਾਂ, ਵਿਸ਼ਵਾਸਾਂ ਦੇ ਕਸ਼ਮੀਰੀ ਲੋਕ ਜੋ ਬਿਨਾ ਕਿਸੇ ਨਫ਼ਰਤ ਦੇ ਇੱਕ ਦੂਜੇ ਨਾਲ਼ ਰਹਿੰਦੇ ਹਨ। ਹੁਣ ਜਦੋਂ ਕਸ਼ਮੀਰ ਦੇ ਮੂਲ ਨਿਵਾਸੀ ਕਸ਼ਮੀਰ ਵਿੱਚ ਹੀ ਘੱਟ ਗਿਣਤੀ ਹੋ ਜਾਣਗੇ ਤਾਂ ਕਸ਼ਮੀਰੀਅਤ ਦਾ ਮਰਨਾ ਤੈਅ ਹੈ। ਇੱਕ ਯੂਨੀਅਨ ਟੈਰੀਟੋਰੀ ਵੱਜੋਂ ਭਾਵੇਂ ਕਸ਼ਮੀਰ ਪਦਾਰਥਕ ਤਰੱਕੀ ਕਰ ਲਵੇ ਪਰ ਇਸ ਦਾ ਵਾਤਾਵਰਨ ਉੱਜੜ ਜਾਵੇਗਾ, ਇਸ ਦੀ ਅਬਾਦੀ ਵਿੱਚ ਭਿੰਨਤਾ ਆਵੇਗੀ ਤੇ ਕਸ਼ਮੀਰੀ ਨਸਲ ਇਸ ਭਿੰਨਤਾ ਵਿੱਚ ਰੁਲ਼ ਜਾਵੇਗੀ। ਬੜਾ ਕੁਝ ਰੋਮਾਂਚਕ ਆਵੇਗਾ ਪਰ ਮੌਲਿਕਤਾ ਖੋ ਜਾਵੇਗੀ, ਬੜੀਆਂ ਤਰੱਕੀਆਂ ਹੋਣਗੀਆਂ ਪਰ ਜਿਸ ਧਰਤੀ ਉੱਤੇ ਇਹ ਤਰੱਕੀਆਂ ਫਲ਼ੀਆਂ ਫੁੱਲੀਆਂ, ਉਹ ਖੋ ਜਾਵੇਗੀ।

ਰੱਬ ਕਸ਼ਮੀਰੀਅਤ ਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ।

# ਕਰਤਾਰਪੁਰ ਲਾਂਘੇ 'ਤੇ ਕੰਮ ਜਾਰੀ ਰਹੇਗਾ : ਪਾਕਿਸਤਾਨ

**ਇਸਲਾਮਾਬਾਦ/ਏਟੀ ਨਿਊਜ਼ :**



ਪਾਕਿਸਤਾਨ ਦਾ ਕਹਿਣਾ ਹੈ ਕਿ ਪਾਕਿ ਤੋਂ ਦਰਬਾਰ ਸਾਹਿਬ ਕਰਤਾਰਪੁਰ ਦਾ ਲਾਂਘਾ ਭਾਰਤ ਦੇ ਗੁਰਦਾਸਪੁਰ ਜ਼ਿਲੇ ਦੇ ਡੇਰਾ ਬਾਬਾ ਨਾਨਕ ਦੇ ਅਸਥਾਨ ਨੂੰ ਆਪਸ ਵਿਚ ਜੋੜ ਦੇਵੇਗਾ ਅਤੇ ਭਾਰਤੀ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਮੁਕਤ ਆਵਾਜਾਈ ਦੀ ਸਹੂਲਤ ਦੇਵੇਗਾ। ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਸਿਰਫ਼ ਇਕ ਪਰਮਿਟ ਪ੍ਰਾਪਤ ਕਰਨਾ ਪਵੇਗਾ, ਇਸ ਅਸਥਾਨ ਨੂੰ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਸੰਨ 1522 ਵਿਚ ਸਥਾਪਿਤ ਕੀਤਾ ਸੀ। ਪਾਕਿਸਤਾਨ ਗੁਰੂ ਨਾਨਕ ਦੇਵ ਜੀ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ ਅਤੇ ਸਿੱਖ ਸ਼ਰਧਾਲੂਆਂ ਦੀ ਮਦਦ ਲਈ ਕਰਤਾਰਪੁਰ ਪ੍ਰਾਜੈਕਟ ਜਾਰੀ ਰੱਖੇਗਾ। ਗੌਰਤਲਬ ਹੈ ਕਿ ਦੋਵਾਂ ਦੇਸ਼ਾਂ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ (ਜਨਮ ਦਿਵਸ) ਦੇ ਮੌਕੇ ਤੋਂ ਪਹਿਲਾਂ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੋਇਆ ਹੈ, ਜੋ ਨਵੰਬਰ-2019 ਵਿਚ ਹੈ।

ਮੈਂਬਰ ਪੀਐਸਜੀਪੀਸੀ ਡਾਕਟਰ ਸਾਗਰਜੀਤ ਸਿੰਘ ਦਾ ਕਹਿਣਾ ਹੈ ਕਿ ਪਾਕਿ ਅਤੇ ਇੰਡੀਆ ਵਿਚਾਲੇ ਮੌਜੂਦਾ ਹਾਲਤਾਂ ਦੀ ਪਰਵਾਹ ਕੀਤੇ ਬਿਨਾ ਪੀਐਸਜੀਪੀਸੀ ਅਤੇ ਈਟੀਪੀਬੀ (ਪਾਕਿਸਤਾਨ ਸਰਕਾਰ) ਭਾਰਤ ਤੋਂ ਆਏ ਸਿੱਖ ਸ਼ਰਧਾਲੂਆਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰਨਗੇ। ਇਵੈਕਯੂ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਇੱਕ ਗਵਰਨਰ ਬੋਰਡ ਹੈ, ਜੋ ਹਿੰਦੂਆਂ ਅਤੇ ਸਿੱਖਾਂ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਦੀਆਂ ਧਾਰਮਿਕ ਜਾਇਦਾਦਾਂ ਅਤੇ ਧਾਰਮਿਕ ਅਸਥਾਨਾਂ ਦਾ ਪ੍ਰਬੰਧਨ ਕਰਦਾ ਹੈ। ਬੋਰਡ ਨੇ ਕਿਹਾ ਕਿ ਇਸ ਸਟੇਜ 'ਤੇ ਕਰਤਾਰਪੁਰ ਲਾਂਘੇ ਦੇ ਕੰਮ ਨੂੰ ਰੋਕਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

ਪੀਐਸਜੀਪੀਸੀ ਦੇ ਮੈਂਬਰ ਡਾ. ਸਾਗਰਜੀਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮਨਾਉਣ ਦੀ ਤਿਆਰੀ ਚੱਲ ਰਹੀ ਹੈ ਅਤੇ ਵਿਸ਼ਵ ਭਰ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਈਟੀਪੀਬੀ ਰਾਹੀਂ ਪਾਕਿਸਤਾਨ ਸਰਕਾਰ ਦਾ ਪੂਰਾ ਸਮਰਥਨ ਮਿਲ ਰਿਹਾ ਹੈ ਜਿਸ ਨੇ ਹਾਲ ਹੀ ਵਿਚ ਜੇਹਲਮ ਜ਼ਿਲ੍ਹੇ ਵਿਚ ਇਤਿਹਾਸਕ ਗੁਰਦੁਆਰਾ ਚੋਅ ਸਾਹਿਬ ਖੋਲ੍ਹਿਆ ਹੈ ਜੋ ਕਿ 72 ਸਾਲਾਂ ਤੋਂ ਬੰਦ ਪਿਆ ਸੀ।

ਰਿਪੋਰਟਾਂ ਅਨੁਸਾਰ ਪਾਕਿਸਤਾਨ ਵਾਲੇ ਪਾਸੇ ਕਰਤਾਰਪੁਰ ਲਾਂਘੇ ਦਾ 90 ਪ੍ਰਤੀਸ਼ਤ ਕੰਮ, ਜਿਸ ਵਿਚ ਜ਼ੀਰੋ ਲਾਈਨ ਤੋਂ ਗੁਰਦੁਆਰਾ ਸਾਹਿਬ ਤਕ ਮੁੱਖ ਸੜਕ, ਪੁਲ ਅਤੇ ਇਮਾਰਤਾਂ ਦਾ ਨਿਰਮਾਣ ਸ਼ਾਮਲ ਹੈ, ਪੂਰਾ ਕਰ ਲਿਆ ਗਿਆ ਹੈ।

# ਪੰਜਾਬ ਵਿਚ ਕੈਂਸਰ ਫੈਲਣ ਲਈ ਰਸਾਇਣਕ ਖਾਦਾਂ ਤੇ ਕੀਟ ਨਾਸ਼ਕ ਸ਼ੱਕ ਦੇ ਘੇਰੇ 'ਚ

*• ਬਠਿੰਡਾ ਦੇ ਸ਼ੇਖ਼ਪੁਰਾ 'ਚ ਫੈਲਿਆ ਵੱਡੀ ਪੱਧਰ 'ਤੇ ਕੈਂਸਰ • ਕਈ ਪਰਿਵਾਰਾਂ ਨੂੰ ਨਿਗਲ ਚੁੱਕਿਆ ਹੈ ਕੈਂਸਰ*

**ਬਠਿੰਡਾ/ਏਟੀ ਨਿਊਜ਼ ;**



ਜ਼ਿਲ੍ਹਾ ਬਠਿੰਡਾ ਦੇ ਸ਼ੇਖੂਪੁਰਾ ਵਿਚ ਕੈਂਸਰ ਕਾਰਨ ਕਈ ਪੰਜਾਬੀਆਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇਥੋਂ ਦੇ ਦਿਲਬਾਗ ਸਿੰਘ ਦੇ ਛੋਟੇ ਭਰਾ ਸੁਖਮੰਦਰ ਸਿੰਘ (26 ਸਾਲ) ਦੀ ਕੈਂਸਰ ਕਾਰਨ ਮੌਤ ਹੋ ਚੁੱਕੀ ਹੈ ਤੇ ਉਸ ਦੀ ਮਾਤਾ ਵੀ ਕੈਂਸਰ ਦੀ ਸ਼ਿਕਾਰ ਹੈ। ਦਿਲਬਾਗ ਸਿੰਘ ਦੱਸਦਾ ਹੈ ਕਿ ਕੋਈ ਆਖਦਾ ਹੈ ਕਿ ਕੈਂਸਰ ਦਾ ਕਾਰਨ ਖ਼ਰਾਬ ਪਾਣੀ ਅਤੇ ਕੋਈ ਫ਼ਸਲਾਂ ਉੱਤੇ ਕੀਟਨਾਸ਼ਕ ਦਵਾਈਆਂ ਦੇ ਛਿੜਕਾਅ ਨੂੰ ਇਸ ਦਾ ਕਾਰਨ ਆਖਦਾ ਹੈ ਪਰ ਸਾਨੂੰ ਨਹੀਂ ਪਤਾ ਕਿ ਅਜਿਹਾ ਕਿਉਂ ਵਾਪਰ ਰਿਹਾ ਹੈ। ਦਿਲਬਾਗ ਸਿੰਘ ਨੇ ਆਖਿਆ ਕਿ ਡਾਕਟਰ ਆਉਂਦੇ ਹਨ ਮਰੀਜ਼ਾਂ ਨੂੰ ਦਵਾਈ ਦੇ ਕੇ ਚਲੇ ਜਾਂਦੇ ਪਰ ਕਾਰਨ ਕੋਈ ਨਹੀਂ ਦੱਸਦਾ।

ਦਿਲਬਾਗ ਸਿੰਘ ਦੀ ਮਾਤਾ ਨਸੀਬ ਕੌਰ ਆਖਦੀ ਹੈ ਕਿ ਉਹ ਵੀ ਕੈਂਸਰ ਦੀ ਪੀੜਤ ਹੈ ਅਤੇ ਦਵਾਈ ਚੱਲ ਰਹੀ ਹੈ। ਇਸੇ ਪਿੰਡ ਦੇ ਹਰਬੰਸ ਕੌਰ ਦਾ ਪਤੀ ਵੀ ਕੈਂਸਰ ਕਾਰਨ ਮਰ ਚੁੱਕਾ ਹੈ।

ਪਿੰਡ ਸ਼ੇਖੂਪੁਰਾ ਵਿੱਚ ਪਿੰਡ ਤੋਂ ਬਾਹਰ ਖੇਤਾਂ ਵਿੱਚ ਆਪਣੇ ਬੱਚਿਆਂ ਨਾਲ ਰਹਿ ਰਹੀ 65 ਸਾਲਾ ਹਰਬੰਸ ਕੌਰ ਦਾ ਘਰ ਵੀ ਕੈਂਸਰ ਕਾਰਨ ਸੁੰਨਾ ਹੋਇਆ ਹੈ। ਨਸੀਬ ਕੌਰ ਦੇ ਪਤੀ ਤੇਜਾ ਸਿੰਘ ਦੀ ਕੁਝ ਸਾਲ ਪਹਿਲਾਂ ਕੈਂਸਰ ਦੀ ਬਿਮਾਰੀ ਕਾਰਨ ਮੌਤ ਹੋਈ ਹੈ। ਨਸੀਬ ਕੌਰ ਆਖਦੀ ਹੈ ਕਿ ਹੁਣ ਤਾਂ ਪਿੰਡ ਵਿੱਚ ਉਦੋਂ ਹੀ ਪਤਾ ਲੱਗਦਾ ਹੈ ਕਿ ਫਲਾਣਾ ਦੀ ਮੌਤ ਹੋ ਗਈ ਹੈ, ਕਾਰਨ ਬਸ ਕੈਂਸਰ ਹੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਉਸ ਦੇ ਪਤੀ ਨੂੰ ਕੈਂਸਰ ਕਿਵੇਂ ਹੋਇਆ ਇਹ ਪਤਾ ਹੀ ਨਹੀਂ ਲੱਗਾ। ਹੁਣ ਤਾਂ ਸਾਡੇ ਪਿੰਡ ਦੀ ਪਛਾਣ ਹੀ ਕੈਂਸਰ ਬਣ ਗਈ ਹੈ। ਪਿੰਡ ਸ਼ੇਖੂਪੁਰਾ ਦੇ ਨੌਜਵਾਨ ਕਿਸਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਫ਼ਸਲਾਂ ਉੱਤੇ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਉਨ੍ਹਾਂ ਦੀ ਮਜਬੂਰੀ ਹੈ। ਇਸ ਤੋਂ ਬਿਨਾਂ ਖੇਤੀ ਕਰਨੀ ਸੰਭਵ ਨਹੀਂ ਹੈ ਕਿਉਂਕਿ ਫ਼ਸਲ ਕੀੜੇ ਹੀ ਖਾ ਜਾਂਦੇ ਹਨ। ਸੁਖਵਿੰਦਰ ਸਿੰਘ ਨੇ ਆਖਿਆ ਕਿ ਜ਼ਿਆਦਾਤਰ ਕਿਸਾਨ ਕੀਟਨਾਸ਼ਕਾਂ ਦਾ ਛਿੜਕਾਅ ਆਪਣੇ ਹਿਸਾਬ ਨਾਲ ਕਰਦੇ ਹਨ, ਕਿਉਂਕਿ ਖੇਤੀਬਾੜੀ ਵਿਭਾਗ ਦਾ ਕੋਈ ਅਧਿਕਾਰੀ ਉਨ੍ਹਾਂ ਨੂੰ ਨਹੀਂ ਦੱਸਦਾ ਕਿ ਕਿੰਨੀ ਮਾਤਰਾ ਵਿਚ ਦਵਾਈ ਪਾਉਣੀ ਹੈ।

### ਕੀੜੇਮਾਰ ਦਵਾਈਆਂ 'ਚ ਵਾਧਾ-

ਪੰਜਾਬ ਖੇਤੀਬਾੜੀ ਮਹਿਕਮੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਕੀਟਨਾਸ਼ਕ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਵਿੱਚ ਸਾਲ ਦਰ ਸਾਲ ਵਾਧਾ ਹੋ ਰਿਹਾ ਹੈ ਇਸ ਗੱਲ ਦੀ ਗਵਾਹੀ ਪੰਜਾਬ ਖੇਤੀਬਾੜੀ ਮਹਿਕਮੇ ਦੇ ਅੰਕੜੇ ਭਰਦੇ ਹਨ। ਪੰਜਾਬ ਵਿੱਚ ਕੀਟਨਾਸ਼ਕ ਅਤੇ ਕੀੜੇਮਾਰ ਦਵਾਈਆਂ ਦੀ ਖਪਤ ਦਾ ਅੰਕੜਾ (2012-13 ਵਰ 20 17-18)।

| ਸਾਲ | ਤਕਨੀਕੀ ਗਰੇਡ ਵਿੱਚ ਖਪਤ |
|---|---|
| 2012-13 | 5725 |
| 2013-14 | 5720 |
| 2014-15 | 5699 |
| 2015-16 | 5721 |
| 2016-17 | 5843 |
| 2017-18 | 5835 |

ਪੰਜਾਬ ਵਿਚ ਰਸਾਇਣਕ ਖਾਦਾਂ, ਕੀਟਨਾਸ਼ਕ ਅਤੇ ਨਦੀਨ-ਨਾਸ਼ਕ ਦੀ ਵਧਦੀ ਖਪਤ ਉੱਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਧਾਰਮਿਕ ਆਗੂ ਤੇ ਕਿਸਾਨੀ ਨਾਲ ਜੁੜੇ ਹੋਏ ਬਾਬਾ ਸਰਬਜੋਤ ਸਿੰਘ ਬੇਦੀ ਆਖਦੇ ਹਨ ਕਿ ਜਿਸ ਤਰੀਕੇ ਨਾਲ ਪੰਜਾਬ ਵਿਚ ਰਸਾਇਣਾਂ ਦੀ ਵਰਤੋਂ ਹੋ ਰਹੀ ਹੈ ਉਹ ਪੰਜਾਬ ਦੇ ਵਾਤਾਵਰਨ ਅਤੇ ਸਿਹਤ ਲਈ ਵੱਡਾ ਸੰਕਟ ਹੈ। ਉਨ੍ਹਾਂ ਆਖਿਆ ਕਿ ਪੰਜਾਬ ਅਧੀਨ ਹਿੰਦੁਸਤਾਨ ਦਾ ਡੇਢ ਫ਼ੀਸਦੀ ਰਕਬਾ ਹੈ ਪਰ ਇੱਥੇ ਕੀਟਨਾਸ਼ਕਾਂ ਦੀ ਦੇਸ਼ ਭਰ ਵਿਚੋਂ 18 ਫ਼ੀਸਦੀ ਖਪਤ ਅਤੇ ਕੈਮੀਕਲ ਯੁਕਤ ਖਾਦਾਂ ਦੀ ਵਰਤੋਂ 14 ਫ਼ੀਸਦੀ ਹੈ। ਧਰਤੀ ਉੱਤੇ ਇੰਨੇ ਜ਼ਿਆਦਾ ਰਸਾਇਣਕ ਖਾਦਾਂ, ਕੀਟਨਾਸ਼ਕ ਅਤੇ ਨਦੀਨ-ਨਾਸ਼ਕ ਦੀ ਵਰਤੋਂ ਨਾਲ ਪੰਜਾਬ ਇੱਕ ਮਰਦੀ ਹੋਈ ਸਭਿਅਤਾ ਵੱਲ ਵਧਦਾ ਜਾ ਰਿਹਾ ਹੈ। ਉਹਨਾਂ ਆਖਿਆ ਕਿ ਬਠਿੰਡਾ, ਮਾਨਸਾ, ਸੰਗਰੂਰ, ਫ਼ਰੀਦਕੋਟ ਅਤੇ ਮੁਕਤਸਰ ਨੂੰ ਕਪਾਹ ਪੱਟੀ ਵਜੋਂ ਜਾਣਿਆ ਜਾਂਦਾ ਹੈ ਅਤੇ ਕੈਂਸਰ ਵੀ ਇਹਨਾਂ ਹੀ ਇਲਾਕਿਆਂ ਵਿਚ ਜ਼ਿਆਦਾ ਹੈ ਕਿਉਂਕਿ ਇੱਥੇ ਕੀਟਨਾਸ਼ਕਾਂ ਦਾ ਇਸਤੇਮਾਲ ਵੱਡੀ ਗਿਣਤੀ ਵਿਚ ਹੋ ਰਿਹਾ ਹੈ। ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਸਰਕਾਰ ਨੂੰ ਵਾਤਾਵਰਨ ਤੇ ਕੁਦਰਤੀ ਖੇਤੀ ਵੱਲ ਧਿਆਨ ਦੇਣਾ ਪਵੇਗਾ।

### ਮਾਲਵੇ 'ਚ ਵਧਿਆ ਕੈਂਸਰ-

ਡਿਪਾਰਟਮੈਂਟ ਆਫ਼ ਕਾਮਿਊਨਿਟੀ ਮੈਡੀਸਨ ਸਕੂਲ ਆਫ਼ ਪਬਲਿਕ ਹੈਲਥ, ਪੀਜੀਆਈ ਚੰਡੀਗੜ੍ਹ ਦੇ ਪ੍ਰੋਫੈਸਰ ਜੀ ਐਸ ਠਾਕੁਰ ਨੇ ਦੱਸਿਆ ਕਿ ਜੇਕਰ ਪੰਜਾਬ ਦੇ ਮਾਝਾ, ਦੁਆਬਾ ਅਤੇ ਮਾਲਵੇ ਦਾ ਅਧਿਐਨ ਕਰੀਏ ਤਾਂ ਮਾਲਵਾ ਵਿੱਚ ਬਠਿੰਡਾ, ਮਾਨਸਾ, ਸੰਗਰੂਰ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਕੀਟ ਨਾਸ਼ਕ ਤੇ ਮਲੀਨ ਪਾਣੀ ਕੈਂਸਰ ਦਾ ਵੱਡਾ ਕਾਰਨ ਹਨ।

### ਸਰਕਾਰਾਂ ਦੀਆਂ ਦਲੀਲਾਂ-

ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਰਾਜ ਮੰਤਰੀ ਕੈਲਾਸ਼ ਚੌਧਰੀ ਨੇ ਸਪਸ਼ਟ ਕੀਤਾ ਸੀ ਕਿ ਖਾਦਾਂ ਦੇ ਕਾਰਨ ਕੈਂਸਰ ਨਹੀਂ ਹੋ ਰਿਹਾ ਬਲਕਿ ਕੀਟਨਾਸ਼ਕ ਇਸ ਦਾ ਕਾਰਨ ਜ਼ਰੂਰ ਹਨ। ਉਨ੍ਹਾਂ ਨਾਲ ਹੀ ਸਪਸ਼ਟ ਕੀਤਾ ਸੀ ਕਿ ਜੋ ਵੀ ਕੀਟਨਾਸ਼ਕ ਅਜਿਹੇ ਹਨ ਉਨ੍ਹਾਂ ਨੂੰ ਤੁਰੰਤ ਬੈਨ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਜੇਕਰ ਪੰਜਾਬ ਸਰਕਾਰ ਦੀ ਗੱਲ ਕਰੀਏ ਤਾਂ ਉਨ੍ਹਾਂ ਵੱਲੋਂ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਸਕੀਮ ਸ਼ੁਰੂ ਕੀਤੀ ਹੋਈ ਜਿਸ ਦੇ ਤਹਿਤ ਮਰੀਜ਼ਾਂ ਦਾ ਡੇਢ ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।




# ਪਾਠਕਾਂ ਦਾ ਨਜ਼ਰੀਆ

## ਹਉਮੈਂ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

ਇਹ ਮਹਾਂਵਾਕ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਉਚਾਰਿਆ ਹੋਇਆ ਹੈ। ਗੁਰਬਾਣੀ ਦਾ ਮੁੱਖ ਉਦੇਸ਼ ਹੀ ਮਨੁੱਖ ਨੂੰ ਸਦਾਚਾਰਕ ਜੀਵਨ ਗੁਜ਼ਾਰਨ ਦੀ ਸਿੱਖਿਆ ਦੇਣਾ ਹੈ। ਸਿੱਖ ਧਰਮ ਦਾ ਮੁਢਲਾ ਸਿੱਧਾਂਤ ਹੀ ਇਹ ਹੈ ਕਿ ਸਿਮਰਨ ਤੇ ਸੇਵਾ। ਇਨਸਾਨ ਬਣ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰਨਾ। ਇਹ ਮਹਾਂਵਾਕ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਹਉਮੈ ਮਨੁੱਖ ਲਈ ਇਕ ਬਹੁਤ ਵੱਡਾ ਰੋਗ ਹੈ, ਜਿਸ ਕਰਕੇ ਮਨੁੱਖ ਆਪਣੀ ਸਾਰੀ ਉਮਰ ਹਉਮੈ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਅਤੇ ਹਉਮੈ ਦੀ ਪ੍ਰਵਿਰਤੀ ਅਧੀਨ ਹੋ ਕੇ ਪਤਾ ਨਹੀਂ ਕੀ-ਕੀ ਕੁਕਰਮ ਕਰਦਾ ਰਹਿੰਦਾ ਹੈ ਅਤੇ ਮਨੁੱਖਤਾ ਦਾ ਘਾਣ ਕਰਦਾ ਰਹਿੰਦਾ ਹੈ। ਅਹੰਕਾਰ ਵਿਚੋਂ ਹੀ ਨਫ਼ਰਤ ਪੈਦਾ ਹੁੰਦੀ ਹੈ ਤੇ ਈਰਖਾ ਦਾ ਜਨਮ ਨਫ਼ਰਤ ਦੇ ਅਹੰਕਾਰ ਵਿਚੋਂ ਹੁੰਦਾ ਹੈ ਅਤੇ ਈਰਖਾਵਾਦੀ ਮਨੁੱਖ ਵੀ ਬੜੇ ਨੀਚ ਕਰਮ ਕਰਦਾ ਹੈ ਕਿਉਂਕਿ ਉਹ ਦੂਜੇ ਮਨੁੱਖ ਦੀ ਕੋਈ ਵੀ ਚੰਗੀ ਚੀਜ਼ ਨੂੰ ਸਹਿਣ ਨਹੀਂ ਕਰਦਾ, ਸਗੋਂ ਉਸ ਦੇ ਚੰਗੇ ਵਿਚਾਰਾਂ ਨੂੰ ਸਵੀਕਾਰ ਨਹੀਂ ਕਰਦਾ। ਦੂਜੇ ਨੂੰ ਨੀਵਾਂ ਦਿਖਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਉਹ ਕੀ-ਕੀ ਉਪਰਾਲੇ ਕਰਦਾ ਹੈ।

ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਸਾਡੇ ਘਰਾਂ ਅਤੇ ਸਮਾਜ ਵਿਚ ਲੜਾਈਆਂ ਝਗੜੇ ਹੁੰਦੇ ਹਨ ਅਤੇ ਮਨੁੱਖੀ ਸ਼ਾਂਤੀ ਭੰਗ ਹੁੰਦੀ ਹੈ। ਗੁਰੂ ਜੀ ਨੇ ਇਸ ਹਉਮੈ ਦੀ ਬੀਮਾਰੀ ਤੋਂ ਬਚਣ ਲਈ ਮਨੁੱਖ ਨੂੰ ਸਿੱਖਿਆ ਦਿੱਤੀ ਹੈ ਕਿ ਐ ਮਨੁੱਖ ਤੂੰ ਜੇ ਇਸ ਬੀਮਾਰੀ ਤੋਂ ਬਚਣਾ ਹੈ ਤਾਂ ਇਸ ਬੀਮਾਰੀ ਦਾ ਇਲਾਜ ਇਹ ਹੈ ਕਿ ਤੂੰ ਪ੍ਰਮਾਤਮਾ ਦਾ ਨਾਮ ਜਪ। ਨਾਮ ਜਪਣ ਨਾਲ ਤੇਰੇ ਮਨ ਦੀ ਮੈਲ ਉਤਰੇਗੀ ਤੇ ਮਨ ਪਵਿੱਤਰ ਹੋਏਗਾ, ਜਿਸ ਕਰਕੇ ਤੇਰੇ ਅੰਦਰ ਬੈਠਾ ਹਉਮੈ ਦਾ ਵੱਡਾ ਦੁਸ਼ਮਣ ਦੂਰ ਹੋ ਜਾਏਗਾ। ਹਉਮੈ ਤੇ ਈਰਖਾ ਕਰਨ ਦੀ ਥਾਂ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ, ਭਾਵ ਜੋ ਕੁਝ ਵੀ ਉਹ ਹੈ, ਉਸ ਨੂੰ ਪਛਾਣੇ ਅਤੇ ਦਿਖਾਵਾ ਨਾ ਕਰੇ ਤੇ ਦੂਜੇ ਨੂੰ ਵੀ, ਜੋ ਕੁਝ ਉਹ ਹੈ, ਉਸ ਨੂੰ ਸਵੀਕਾਰ ਕਰੇ ਨਾ ਕਿ ਉਸ ਨੂੰ ਈਰਖਾ ਕਾਰਨ ਨੀਵਾਂ ਦਿਖਾਉਣ ਦਾ ਯਤਨ ਕਰੇ। ਕਈ ਵਾਰੀ ਮਨੁੱਖ ਦੂਜੇ ਨਾਲੋਂ ਘੱਟ ਹੋਣ ਨੂੰ ਸਹਿਣ ਨਹੀਂ ਕਰਦਾ ਅਤੇ ਆਪ ਨੂੰ ਹੀ ਹੀਣਾ ਮਹਿਸੂਸ ਕਰਦਾ ਹੈ। ਆਪਣੇ ਆਪ ਨੂੰ ਅਤੇ ਦੂਜੇ ਨੂੰ ਪਛਾਣਨਾ ਸਿੱਖੋ।

**-ਮਾਸਟਰ ਨਿਰਮਲ ਸਿੰਘ ਲਾਲੀ**

## ਪਿੰਗਲਵਾੜਾ : ਸੰਵੇਦਨਸ਼ੀਲਤਾ ਦੀ ਪਾਠਸ਼ਾਲਾ

ਪਿੰਗਲਵਾੜਾ ਸੰਸਥਾ, ਵਿਸ਼ੇਸ਼ ਕਰ ਅੰਮ੍ਰਿਤਸਰ, ਜੋ ਕਿ ਭਗਤ ਪੂਰਨ ਸਿੰਘ ਵੱਲੋਂ ਸਥਾਪਤ ਹੋਈ, ਕਈ ਤਰ੍ਹਾਂ ਤੋਂ ਇਸ ਸੰਵੇਦਨਸ਼ੀਲਤਾ ਦੇ ਪਹਿਲੂ ਨੂੰ ਲੋਕਾਂ ਤੱਕ ਲੈ ਜਾਣ ਵਿੱਚ ਕਾਮਯਾਬ ਹੈ। ਸਹੂਲਤਾਂ ਦਾ ਹੋਣਾ ਇੱਕ ਵੱਖਰਾ ਪੱਖ ਹੈ, ਪਰ ਮਨੁੱਖੀ ਹੱਥਾਂ ਦੀ ਛੋਹ, ਸਹੂਲਤਾਂ ਤੋਂ ਕਿਤੇ ਵਧ ਮਹੱਤਵਪੂਰਨ ਹੈ। ਸੰਸਥਾ ਵਿੱਚ ਬੀਮਾਰ-ਲਾਚਾਰ ਲੋਕ ਤਾਂ ਹਨ ਹੀ, ਸਮਾਜ ਵੱਲੋਂ ਤ੍ਰਿਸਕਾਰੇ, ਵਿਸ਼ੇਸ਼ ਚੁਣੌਤੀਆਂ, ਵਿਸ਼ੇਸ਼ ਕਾਬਲੀਅਤਾਂ ਵਾਲੇ ਬੱਚੇ ਵੀ ਹਨ। ਇਨ੍ਹਾਂ ਬੱਚਿਆਂ ਨੂੰ ਸਿਰਫ਼ ਰੋਟੀ-ਪਾਣੀ, ਕੱਪੜਾ-ਲੱਤਾ ਦੇ ਕੇ, ਇਨ੍ਹਾਂ ਨੂੰ ਜ਼ਿੰਦਾ ਰੱਖਣ ਦੀ ਸਹੂਲਤ ਤੋਂ ਅੱਗੇ, ਇਨ੍ਹਾਂ ਅੰਦਰ ਮੌਜੂਦ ਕਾਬਲੀਅਤ ਨੂੰ ਪਛਾਨਣ, ਸੰਵਾਰਨ ਦੀ ਵੀ ਯੋਗਤਾ, ਇਸ ਸੰਸਥਾ ਵਿੱਚ ਹੈ, ਜੋ ਕਿ ਬਹੁਤ ਘੱਟ ਹੁੰਦੀ ਹੈ।

ਜੇ ਕੋਈ ਸ਼ਖ਼ਸ ਭਗਤ ਪੂਰਨ ਸਿੰਘ ਹੁਰਾਂ ਨੂੰ ਉਨ੍ਹਾਂ ਦੇ ਜੀਵਨ-ਕਾਲ ਵਿੱਚ ਮਿਲਿਆ ਹੈ ਤਾਂ ਉਹ ਜਾਣਦਾ ਹੋਵੇਗਾ ਕਿ ਉਹ ਆਪ ਫਟੇ-ਪੁਰਾਣੇ ਕੱਪੜਿਆਂ ਵਿੱਚ ਉਲਝੇ ਹੋਏ ਵਾਲਾਂ ਨਾਲ, ਇੱਕ ਫ਼ਕੀਰ ਵਾਂਗ ਰਹਿੰਦੇ ਸੀ। ਵੈਸੇ ਉਹ ਕਾਫ਼ੀ ਸੁਚੇਤ, ਪੜ੍ਹਨ-ਲਿਖਣ, ਸਾਹਿਤ ਛਾਪਣ ਅਤੇ ਮੁਫ਼ਤ ਵੰਡਣ ਵਿੱਚ ਵਿਸ਼ਵਾਸ ਕਰਦੇ, ਲੋਕਾਂ ਨੂੰ ਜਾਗਰੂਕ ਕਰਦੇ ਰਹੇ। ਉਨ੍ਹਾਂ ਦੀ ਹਰ ਕਾਰਜਪ੍ਰਣਾਲੀ ਦਾ ਯੁੱਗ, 'ਕੁਦਰਤ ਨਾਲ ਇਕਮਿਕਤਾ' ਰਿਹਾ। ਉਨ੍ਹਾਂ ਤੋਂ ਕਿਸੇ ਨੇ ਇਸ ਤਰ੍ਹਾਂ ਫ਼ਕੀਰਾਂ ਵਾਲੇ ਲਿਬਾਸ ਅਤੇ ਰਹਿਣ-ਸਹਿਣ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਜਵਾਬ ਸੀ, ਮੈਂ ਜਿਨ੍ਹਾਂ ਲੋਕਾਂ ਲਈ ਕੰਮ ਕਰਦਾ ਹਾਂ, ਉਨ੍ਹਾਂ ਵਰਗਾ ਲੱਗਣ ਵਿੱਚ ਵਿਸ਼ਵਾਸ ਕਰਦਾ ਹਾਂ, ਤਾਂ ਜੋ ਉਹ ਮੇਰੇ ਤੋਂ ਦੂਰੀ ਨਾ ਬਣਾਉਣ ਤੇ ਮੇਰੇ ਨੇੜੇ ਆ ਕੇ ਆਪਣੀ ਗੱਲ ਕਹਿਣ। ਇਹ ਸਾਦਗੀ ਸੰਵੇਦਨਸ਼ੀਲਤਾ ਦੀ ਲੋੜ ਹੈ, ਤਾਂ ਹੀ ਤੁਸੀਂ ਕਿਸੇ ਦੇ ਕੰਮ ਆ ਸਕਦੇ ਹੋ। ਆਪਣੇ ਕੱਪੜੇ, ਜੁੱਤੇ, ਵਾਲ ਸੰਭਾਲਣ ਦੇ ਚੱਕਰ ਵਿੱਚ ਤੁਸੀਂ ਦਿਖਾਵਾ ਤਾਂ ਕਰ ਸਕਦੇ ਹੋ, ਮਦਦ ਨਹੀਂ।

ਇਹੀ ਸੋਚ ਅਤੇ ਇਹੀ ਪਰੰਪਰਾ ਹੁਣ ਬੀਬੀ ਇੰਦਰਜੀਤ ਕੌਰ ਵਿੱਚ ਝਲਕਦੀ ਹੈ ਤੇ ਉਨ੍ਹਾਂ ਦੀ ਕਾਰਜਪ੍ਰਣਾਲੀ ਵਿੱਚ ਵੀ ਉਹ ਸਾਦਗੀ ਅਤੇ ਕੁਦਰਤ ਪ੍ਰਤੀ ਨੇੜਤਾ ਹੈ। ਪੂਰੀ ਸੰਸਥਾ ਵਿੱਚ ਕਿਤੇ ਵੀ ਏ ਸੀ ਨਹੀਂ ਹੈ, ਨਾ ਬੀਬੀ ਜੀ ਦੇ ਕਮਰੇ ਵਿੱਚ, ਨਾ ਮੈਨੇਜਰ ਦੇ। ਸਹੀ ਮਾਇਨੇ ਵਿੱਚ ਬੀਬੀ ਜੀ ਦਾ ਕੋਈ ਕਮਰਾ ਹੀ ਨਹੀਂ ਹੈ। ਇਹ ਇਕੱਲੀ ਉਦਾਹਰਨ ਹੀ ਕਾਫ਼ੀ ਹੈ ਕਿ ਸੰਸਥਾ ਵਿੱਚ ਜਾ ਕੇ ਇਸ ਮਨੁੱਖੀ ਗੁਣ ਨੂੰ ਸਮਝਿਆ ਅਤੇ ਸਿੱਖਿਆ ਜਾ ਸਕਦਾ ਹੈ।

**-ਡਾ. ਸ਼ਿਆਮ ਸੁੰਦਰ ਦੀਪਤੀ**

## ਜਦੋਂ ਬਿਜਲੀ ਬੋਰਡ ਨੇ ਪਿੰਡ ਨੂੰ ਭਵਿੱਖੀ ਪੰਜਾਬ ਦੇ ਦਰਸ਼ਨ ਕਰਵਾਏ

ਇਸ ਵੇਲੇ ਅੱਧੇ ਤੋਂ ਵੱਧ ਪੰਜਾਬ ਡਾਰਕ ਜ਼ੋਨ ਵਿੱਚ ਆ ਚੁੱਕਾ ਹੈ ਤੇ ਬਾਕੀ ਦਾ ਜਲਦੀ ਹੀ ਆਉਣ ਵਾਲਾ ਹੈ। ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦੀ ਥਾਂ ਜ਼ਹਿਰ ਅਤੇ ਹਵਾਵਾਂ ਵਿੱਚ ਆਕਸੀਜਨ ਦੀ ਥਾਂ ਜ਼ਹਿਰੀਲੀਆਂ ਗੈਸਾਂ ਘੁਲ ਗਈਆਂ ਹਨ। ਨਾ ਪੀਣ ਨੂੰ ਸਾਫ ਪਾਣੀ ਤੇ ਨਾ ਸਾਹ ਲੈਣ ਲਈ ਸਾਫ ਹਵਾ ਬਚੀ ਹੈ। ਪਾਣੀ ਹਰ ਸਾਲ ਮੀਟਰਾਂ ਦੇ ਹਿਸਾਬ ਪਤਾਲ ਵੱਲ ਜਾ ਰਿਹਾ ਹੈ। ਝੋਨੇ ਦੇ ਹਰੇਕ ਸੀਜ਼ਨ ਵਿੱਚ ਸਬਮਰਸੀਬਲ ਮੋਟਰਾਂ ਨੀਵੀਂਆਂ ਕਰਨੀਆਂ ਪੈਂਦੀਆਂ ਹਨ। ਰਿਹਾਇਸ਼ੀ ਬਸਤੀਆਂ, ਕਾਰਖਾਨੇ ਅਤੇ ਪਾਣੀ ਡੀਕਣ ਵਾਲੀਆਂ ਫਸਲਾਂ ਹਰ ਰੋਜ ਕਰੋੜਾਂ ਲੀਟਰ ਪਾਣੀ ਚੂਸ ਰਹੀਆਂ ਹਨ। ਸ਼ਹਿਰਾਂ ਦੇ ਸੀਵਰ ਅਤੇ ਫੈਕਟਰੀਆਂ ਦਾ ਅਣਸੋਧਿਆ ਜ਼ਹਿਰ ਸਿੱਧਾ ਨਦੀਆਂ ਨਾਲਿਆਂ ਵਿੱਚ ਸੁੱਟਿਆ ਜਾ ਰਿਹਾ ਹੈ। ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸਾਰੇ ਸੈਂਪਲ ਫੇਲ ਹੋ ਗਏ ਹਨ, ਕਿਤੇ ਵੀ ਪਾਣੀ ਪੀਣ ਯੋਗ ਨਹੀਂ ਰਿਹਾ। ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਪੰਜਾਬੀ ਆਪਣੇ ਪੈਰੀਂ ਖੁਦ ਕੁਹਾੜਾ ਮਾਰ ਰਹੇ ਹਨ। ਨੇਤਾ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਹਵਾਈ ਦਾਅਵੇ ਕਰ ਰਹੇ ਹਨ, ਪਰ ਇਹ ਕਾਲਾਹਾਰੀ ਰੇਗਿਸਤਾਨ ਬਣਨ ਜਾ ਰਿਹਾ ਹੈ।

ਕੁਝ ਦਿਨ ਪਹਿਲਾਂ ਅਜਿਹੇ ਪਾਣੀ ਵਿਹੂਣੇ ਪੰਜਾਬ ਦੇ ਦਰਸ਼ਨ ਕਰਨ ਦਾ ਮੌਕਾ ਪਿੰਡ ਮੁਗਲ ਚੱਕ (ਭਿੱਖੀਵਿੰਡ) ਦੇ ਨਿਵਾਸੀਆਂ ਨੂੰ ਬਿਜਲੀ ਬੋਰਡ ਦੀ ਕ੍ਰਿਪਾ ਨਾਲ ਹਾਸਲ ਹੋਇਆ । ਇਲਾਕੇ ਵਿੱਚ ਭਿਆਨਕ ਹਨੇਰੀ ਤੂਫਾਨ ਆਉਣ ਕਾਰਨ ਬਿਜਲੀ ਦੀਆਂ ਲਾਈਨਾਂ ਟੁੱਟ ਗਈਆਂ ਤੇ ਸਾਰੇ ਪਿੰਡ ਦੀ ਬੱਤੀ ਗੁੱਲ ਹੋ ਗਈ। ਪਹਿਲਾਂ ਤਾਂ ਪਿੰਡ ਵਾਲਿਆਂ ਨੇ ਬਹੁਤਾ ਗੌਲਿਆ ਨਾ, ਪਰ ਦੂਸਰੇ ਦਿਨ ਇਸ ਦਾ ਅਸਰ ਪ੍ਰਤੱਖ ਦਿਖਾਈ ਦੇਣ ਲੱਗਾ। ਸ਼ਾਮ ਤੱਕ ਪਿੰਡ ਦੇ ਵਾਟਰ ਵਰਕਸ ਦੀ ਟੈਂਕੀ ਖਾਲੀ ਹੋ ਗਈ ਤੇ ਤੀਸਰੇ ਦਿਨ ਸਾਰੇ ਘਰਾਂ ਦੀਆਂ ਟੈਂਕੀਆਂ ਵਿੱਚੋਂ ਪਾਣੀ ਖਤਮ ਹੋ ਗਿਆ। ਹੁਣ ਬਹੁਤੇ ਪਿੰਡਾਂ ਵਿੱਚ ਚੌਵੀ ਘੰਟੇ ਬਿਜਲੀ ਵਾਲੀ ਲਾਈਨ ਪਈ ਹੋਈ ਹੈ, ਇਸ ਲਈ ਹਰ ਘਰ ਵਿੱਚ ਇਨਵਰਟਰ ਲੱਗੇ ਹੋਏ ਹਨ ਜੋ ਜਲਦੀ ਹੀ ਜਵਾਬ ਦੇ ਗਏ। ਇਸ ਕਾਰਨ ਮੋਬਾਇਲ ਫੋਨਾਂ ਦੀਆਂ ਬੈਟਰੀਆਂ ਵੀ ਖਤਮ ਹੋ ਗਈਆਂ। ਸਾਰੇ ਪਿੰਡ ਵਿਚ ਹਾਹਾਕਾਰ ਮੱਚ ਗਈ। ਨੌਜਵਾਨਾਂ ਨੂੰ ਪਾਣੀ ਖਤਮ ਹੋਣ ਨਾਲੋਂ ਮੋਬਾਇਲ ਬੰਦ ਹੋਣ ਦਾ ਬਹੁਤਾ ਦੁੱਖ ਹੋਇਆ। ਪਾਣੀ ਡੂੰਘਾ ਹੋਣ ਕਾਰਨ ਪਿੰਡ ਵਿੱਚ ਸਿਰਫ ਦੋ ਨਲਕੇ ਚੱਲਦੇ ਹਨ, ਉਹਨਾਂ ਅੱਗੇ ਪਾਣੀ ਲਈ ਲੰਬੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਪਿੰਡ ਦੇ ਕੁਝ ਨੌਜਵਾਨਾਂ ਨੇ ਹਿੰਮਤ ਕੀਤੀ ਤੇ ਭਿੱਖੀਵਿੰਡ ਕਸਬੇ ਤੋਂ ਟਰਾਲੀਆਂ-ਰੇਹੜਿਆਂ ਉੱਤੇ ਪਾਣੀ ਢੋਹ ਕੇ ਲੋਕਾਂ ਦੀ ਪਿਆਸ ਬੁਝਾਉਣ ਦੀ ਕੋਸ਼ਿਸ਼ ਕੀਤੀ। ਸਭ ਤੋਂ ਜਿਆਦਾ ਔਖਿਆਈ ਉਹਨਾਂ ਲੋਕਾਂ ਨੂੰ ਹੋਈ ਜਿਹਨਾਂ ਨੇ ਦੁਧਾਰੂ ਪਸ਼ੂ ਪਾਲ ਰੱਖੇ ਸਨ। ਵਿਚਾਰੇ ਬੇਜ਼ੁਬਾਨ ਬਿਨਾਂ ਪਾਣੀ ਤੋਂ ਤੜਫਣ ਲੱਗੇ। ਉਹਨਾਂ ਨੂੰ ਛੱਪੜ ਦਾ ਗੰਦਾ ਪਾਣੀ ਪੀ ਕੇ ਹੀ ਆਪਣੀ ਪਿਆਸ ਬੁਝਾਉਣੀ ਪਈ। ਆਖਰ ਪੰਚਾਇਤ ਨੇ ਹਿੰਮਤ ਕੀਤੀ ਤੇ ਕਿਤੋਂ ਵੱਡੇ ਜਨਰੇਟਰ ਦਾ ਪ੍ਰਬੰਧ ਕਰ ਕੇ ਵਾਟਰ ਵਰਕਸ ਦੀ ਮੋਟਰ ਚਲਾ ਕੇ ਦੁਬਾਰਾ ਟੈਂਕੀ ਭਰੀ। ਸੱਤ-ਅੱਠ ਦਿਨ ਬਾਅਦ ਜਾ ਕੇ ਕਿਤੇ ਬਿਜਲੀ ਆਈ ਤਾਂ ਲੋਕਾਂ ਦੇ ਸਾਹ ਵਿੱਚ ਸਾਹ ਆਏ।

ਸਿਰਫ ਇੱਕ ਹਫਤੇ ਵਿੱਚ ਹੀ ਲੋਕਾਂ ਨੂੰ ਪਾਣੀ ਦੀ ਕੀਮਤ ਦਾ ਪਤਾ ਲੱਗ ਗਿਆ। ਹੁਣ ਪਿੰਡ ਦੇ ਕੁਝ ਸਿਆਣੇ ਲੋਕ ਪਿੰਡ ਵਾਸੀਆਂ ਨੂੰ ਪਾਣੀ ਸੰਜਮ ਨਾਲ ਵਰਤਣ ਦੀ ਸਲਾਹ ਦੇ ਰਹੇ ਹਨ। ਪਤਾ ਨਹੀਂ ਲੋਕ ਉਹਨਾਂ ਦੀ ਸਲਾਹ ਉੱਤੇ ਅਮਲ ਕਰਦੇ ਹਨ ਜਾਂ ਨਹੀਂ, ਪਰ ਇਹ ਸਭ ਨੂੰ ਪਤਾ ਲੱਗ ਗਿਆ ਹੈ ਕੁਝ ਸਾਲਾਂ ਬਾਅਦ ਆਉਣ ਵਾਲਾ ਜਲ ਸੰਕਟ ਆਰਜ਼ੀ ਨਹੀਂ, ਬਲਕਿ ਸਥਾਈ ਹੋਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਅਖਬਾਰਾਂ-ਇਸ਼ਤਿਹਾਰਾਂ ਰਾਹੀਂ ਕਰੋੜਾਂ ਰੁਪਏ ਫੂਕ ਕੇ ਪਾਣੀ ਬਚਾਉਣ ਦੀਆਂ ਅਪੀਲਾਂ-ਬੇਨਤੀਆਂ ਕਰਨ ਦੀ ਬਜਾਏ ਸਾਰੇ ਪੰਜਾਬ ਦਾ ਬਿਜਲੀ ਪਾਣੀ ਕੁਝ ਦਿਨਾਂ ਲਈ ਬੰਦ ਕਰ ਦਿੱਤਾ ਜਾਵੇ ਤਾਂ ਜੋ ਲੋਕਾਂ ਨੂੰ ਪਾਣੀ ਦੀ ਕਦਰ ਦਾ ਪਤਾ ਲੱਗ ਸਕੇ। ਇਸ ਨਾਲ ਕੁਝ ਦਿਨਾਂ ਲਈ ਦਰਿਆਵਾਂ ਵਿੱਚ ਜ਼ਹਿਰੀਲਾ ਪਾਣੀ ਪੈਣਾ ਵੀ ਬੰਦ ਹੋ ਜਾਵੇਗਾ। ਮੁਗਲ ਚੱਕ ਵਾਲਿਆਂ ਨੂੰ ਇਸ ਪਾਣੀ ਬੰਦੀ ਦਾ ਇਹ ਫਾਇਦਾ ਜਰੂਰ ਹੋਇਆ ਕਿ ਗੰਦੇ ਪਾਣੀ ਨਾਲ ਲਬਾ ਲਬ ਭਰਿਆ ਕੰਢਿਆਂ ਤੋਂ ਬਾਹਰ ਉੱਛਲ ਰਿਹਾ ਛੱਪੜ ਕੁਝ ਊਣਾ ਹੋ ਗਿਆ। ਸਿਰਫ ਇਹ ਉਮੀਦ ਰੱਖਣੀ ਕਿ ਸਰਕਾਰਾਂ ਕੁਝ ਕਰਨਗੀਆਂ, ਨਿਰੀ ਬੇਵਕੂਫੀ ਹੈ। ਵੀ.ਆਈ. ਪੀ. ਇਲਾਕਿਆਂ ਵਿੱਚ ਨਾ ਤਾਂ ਕਦੇ ਬਿਜਲੀ ਪਾਣੀ ਖਤਮ ਹੋਣਾ ਹੈ ਤੇ ਨਾ ਹੀ ਕਦੇ ਦੰਗੇ ਹੁੰਦੇ ਹਨ। ਇਹ ਸਿਰਫ ਆਮ ਲੋਕਾਂ ਦੀਆਂ ਬਸਤੀਆਂ, ਸ਼ਹਿਰਾਂ ਅਤੇ ਪਿੰਡਾਂ ਦੀ ਸਮੱਸਿਆ ਹੈ। ਪਾਣੀ ਵਰਤਣ ਤੋਂ ਬਾਅਦ ਟੂਟੀ ਬੰਦ ਕਰਨ ਨਾਲ ਕੁਝ ਵੀ ਨਹੀਂ ਘਟਦਾ। ਪਿੱਛੇ ਜਿਹੇ ਤਾਮਿਲਨਾਡੂ ਦੀ ਖਬਰ ਆਈ ਸੀ ਕਿ ਪਿੰਡਾਂ ਵਿੱਚ ਲੋਕ ਨਹਾਉਣ ਲਈ ਵਰਤੇ ਜਾ ਰਹੇ ਪਾਣੀ ਨਾਲ ਬਾਅਦ ਵਿੱਚ ਭਾਂਡੇ ਤੇ ਕੱਪੜੇ ਧੋ ਰਹੇ ਹਨ। ਹਰ ਬੰਦੇ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ, ਤਾਂ ਜਾ ਕੇ ਇਸ ਮੁਸ਼ਕਲ ਦਾ ਹੱਲ ਨਿਕਲ ਸਕਦਾ ਹੈ।

**- ਬਲਰਾਜ ਸਿੱਧੂ ਸੀਨੀਅਰ ਪੁਲੀਸ ਅਧਿਕਾਰੀ**

## ਧਰਮ ਪ੍ਰਚਾਰ ਦੀ ਜਿੰਮੇਵਾਰੀ ਅਤੇ ਸਾਡਾ ਕਿਰਦਾਰ

ਅਸੀਂ ਸਿੱਖ ਹਾਂ, ਅਸੀਂ ਆਪਣੇ ਆਪ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਸਿੱਖ ਅਖਵਾਉਣ ਦਾ ਮਾਣ ਹਾਸਲ ਕਰਦੇ ਹਾਂ। ਇਸ ਲਈ ਇਹ ਜਰੂਰੀ ਹੈ ਕਿ ਸਾਨੂੰ ਸਿੱਖੀ ਅਸੂਲਾਂ ਦਾ ਪਤਾ ਹੋਵੇ। ਗੁਰਬਾਣੀ ਦੇ ਅਰਥ ਭਾਵ, ਸਿੱਖ ਇਤਿਹਾਸ ਦੀ ਵਾਕਫੀਅਤ, ਸਿੱਖ ਰਹਿਤ ਮਰਿਆਦਾ ਦੇ ਅਸੂਲ, ਸਿੱਖ ਫਿਲਾਸਫੀ, ਸਿੱਖ ਸਭਿਆਚਾਰ ਬਾਰੇ ਹਰ ਸਿੱਖ ਨੂੰ ਜਾਣਕਾਰੀ ਹੋਣੀ ਅਤਿ ਜਰੂਰੀ ਹੈ। ਜੇ ਸਾਨੂੰ ਇਹਨਾਂ ਗੱਲਾਂ ਬਾਰੇ ਜਾਣਕਾਰੀ ਨਹੀਂ ਤਾਂ ਅਸੀਂ ਸਿਖ ਅਖਵਾਉਣ ਦਾ ਮਾਣ ਕਿਵੇਂ ਕਰ ਸਕਦੇ ਹਾਂ। ਅੱਜ ਅਸੀਂ ਪਾਠ ਕਰੀ ਜਾ ਰਹੇ ਹਾਂ, ਪਰ ਜੇ ਕੋਈ ਸਾਡੇ ਕੋਲੋਂ ਬਾਣੀ ਦੀ ਕਿਸੇ ਤੁਕ ਦੇ ਅਰਥ, ਸਿੱਖ ਇਤਿਹਾਸ ਵਿਚੋਂ ਕਿਸੇ ਘਟਨਾ ਬਾਰੇ ਪੁਛ ਲਵੇ ਤਾਂ ਅਸੀਂ ਜਵਾਬ ਨਾ ਦੇ ਸਕੀਏ ਤਾਂ ਇਹ ਸਾਡੇ ਲਈ ਕਿੰਨੀ ਸ਼ਰਮਨਾਕ ਗੱਲ ਹੋਵੇਗੀ। ਦਸ ਗੁਰੂ ਸਾਹਿਬਾਨ ਤੇ ਪੁਰਾਤਨ ਗੁਰਸਿੱਖਾਂ ਦੇ ਇਤਿਹਾਸ ਬਾਰੇ ਸਾਨੂੰ ਸੋਝੀ ਹੋਣੀ ਚਾਹੀਦੀ ਹੈ, ਜੇ ਅਸੀਂ ਆਪਣਾ ਲਾਸਾਨੀ ਇਤਿਹਾਸ ਨਹੀਂ ਜਾਣਦੇ ਤਾਂ ਅਸੀਂ ਕਿਵੇਂ ਦੂਸਰੇ ਨੂੰ ਦੱਸ ਸਕਦੇ ਹਾਂ ਕਿ ਅਸੀਂ ਕਿੰਨੇ ਵੱਡੇ ਵਿਰਸੇ ਦੇ ਮਾਲਕ ਹਾਂ। ਸਿੱਖ ਰਹਿਤ ਮਰਿਆਦਾ ਦੇ ਅਸੂਲ ਕਿਹੜੇ-ਕਿਹੜੇ ਹਨ ਇਸ ਬਾਰੇ ਵੀ ਅਸੀਂ ਅਗਿਆਨਤਾ ਵਿੱਚ ਹਾਂ। ਘਰ ਵਿੱਚ ਪਾਠ ਰੱਖਣਾ ਹੋਵੇ ਜਾਂ ਜੀਵਨ ਦਾ ਕੋਈ ਸੰਸਕਾਰ ਕਰਨਾ ਹੋਵੇ, ਇਸ ਬਾਰੇ ਗੁਰਮਤਿ ਸਾਨੂੰ ਕੀ ਪ੍ਰੇਰਣਾ ਕਰਦੀ ਹੈ, ਇਸ ਬਾਰੇ ਜਾਨਣ ਲਈ ਸਾਨੂੰ ਗ੍ਰੰਥੀ ਸਿੰਘਾਂ ਜਾਂ ਦੂਸਰੇ ਗਿਆਨੀ ਪੁਰਖਾਂ ਤੇ ਨਿਰਭਰ ਹੋਣਾ ਪੈਂਦਾ ਹੈ। ਅਸੀਂ ਇਹਨਾਂ ਦੇ ਮੁਥਾਜ ਹੋ ਕੇ ਰਹਿ ਗਏ ਹਾਂ। ਪਰ ਕੀ ਸਿੱਖ ਹੁੰਦੇ ਹੋਏ ਐਸੇ ਅਸੂਲਾਂ ਬਾਰੇ ਸਾਨੂੰ ਆਪ ਜਾਣਕਾਰੀ ਹੋਣੀ ਜਰੂਰੀ ਨਹੀਂ ?

ਅੱਜ ਅਸੀਂ ਵੇਖਦੇ ਹਾਂ ਕਿ ਸਾਡੇ ਅੰਦਰ ਜੋ ਕਮਜੋਰੀਆਂ ਆ ਰਹੀਆਂ ਹਨ, ਉਹਨਾਂ ਦਾ ਮੂਲ ਕਾਰਨ ਇਹੋ ਹੈ ਕਿ ਅਸੀਂ ਸਿੱਖੀ ਬਾਰੇ ਸੋਝੀ ਪ੍ਰਾਪਤ ਕਰਨ ਦੀ ਜਿੰਮੇਵਾਰੀ ਨਹੀ ਸਮਝੀ। ਜੇ ਸਾਨੂੰ ਗੁਰਸਿੱਖੀ ਅਸੂਲਾਂ ਬਾਰੇ ਜਾਣਕਾਰੀ ਹੋਵੇ ਤਾਂ ਅਸੀਂ ਆਪਣੇ ਨੌਜਵਾਨਾਂ ਨੂੰ ਜੋ ਅਣਜਾਣੇ ਵਿੱਚ ਦਾੜ੍ਹੀ ਕੇਸਾਂ ਦੀ ਬੇਅਦਬੀ ਕਰ ਰਹੇ ਹਨ, ਨਸ਼ੇ ਵਰਤ ਰਹੇ ਹਨ, ਦੇਹਧਾਰੀ ਗੁਰੂ ਡੰਮ ਨੂੰ ਮੰਨ ਰਹੇ ਹਨ, ਉਹਨਾਂ ਨੌਜਵਾਨਾਂ ਨੂੰ ਗੁਰਬਾਣੀ ਦੇ ਅਸੂਲ ਦ੍ਰਿੜ ਕਰਵਾ ਕੇ, ਖੂਨ ਨਾਲ ਭਿਜੀਆਂ ਲਾਸਾਨੀ ਗਾਥਾਵਾਂ ਨਾਲ ਭਰਪੂਰ ਸਿੱਖ ਇਤਿਹਾਸ ਸੁਣਾ ਕੇ ਸਿੱਖ ਧਰਮ ਵੱਲ ਪ੍ਰੇਰ ਸਕਦੇ ਹਾਂ। ਅੱਜ ਜੇਕਰ ਸਾਡੇ ਨੌਜਵਾਨ ਸਿੱਖੀ ਤੋਂ ਬਾਗੀ ਹੋ ਰਹੇ ਹਨ ਤਾਂ ਇਸ ਵਿੱਚ ਉਨ੍ਹਾਂ ਵਿਚਾਰਿਆਂ ਦਾ ਕੀ ਦੋਸ਼ ? ਦੋਸ਼ ਤਾਂ ਸਾਡਾ ਆਪਣਾ ਹੈ, ਮਾਂ ਬਾਪ ਦਾ ਹੈ, ਸਾਡੇ ਪ੍ਰਚਾਰਕਾਂ ਦਾ ਹੈ, ਸਾਡੇ ਆਗੂਆਂ ਦਾ ਹੈ, ਜੋ ਅਜਿਹੇ ਨੌਜਵਾਨਾਂ ਨੂੰ ਸਿੱਖੀ ਦੀ ਦਾਤ ਨਹੀਂ ਦੇ ਸਕੇ।ਅੱਜ ਨਾ ਤਾਂ ਸਿੱਖੀ ਸਾਨੂੰ ਮਾਤਾ ਪਿਤਾ ਪਾਸੋਂ ਹੀ ਮਿਲ ਰਹੀ ਹੈ, ਕਿਉਂਕਿ ਮਾਤਾ ਪਿਤਾ ਆਪ ਹੀ ਸਿੱਖੀ ਤੋਂ ਦੂਰ ਜਾ ਚੁੱਕੇ ਹਨ। ਨਾ ਹੀ ਸਿੱਖੀ ਸਾਨੂੰ ਖਾਲਸਾ ਸਕੂਲਾਂ, ਕਾਲਜਾਂ ਵਿਚੋਂ ਮਿਲ ਰਹੀ ਹੈ ਕਿਉਂਕਿ ਕਿਸੇ ਵਿਰਲੇ ਸਕੂਲ/ਕਾਲਜ ਨੂੰ ਛੱਡ ਕੇ ਸਿੱਖੀ ਬਾਰੇ ਸੋਝੀ ਦੇਣ ਦਾ ਕੋਈ ਵੀ ਪ੍ਰਬੰਧ ਨਹੀਂ ਹੈ। ਗੁਰਦੁਆਰਿਆਂ ਵਿਚੋਂ ਸਿੱਖੀ ਦੀ ਦਾਤ ਮਿਲਣੀ ਚਾਹੀਦੀ ਸੀ ਕਿਉਂਕਿ ਗੁਰਦੁਆਰੇ ਬਣੇ ਹੀ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਸਨ, ਪਰ ਅਜ ਗੁਰਦੁਆਰਿਆਂ ਵਿਚਲੀ ਧੜੇਬੰਦੀ, ਪਾਰਟੀਬਾਜੀ, ਚੌਧਰ ਦੀ ਭੁੱਖ ਫੈਲੀ ਹੋਈ ਹੈ। ਅਜ ਸਾਡੇ ਗੁਰਦੁਆਰਿਆਂ ਵਿੱਚ ਜੋ ਪ੍ਰਚਾਰਕ ਹਨ, ਗ੍ਰੰਥੀ ਹਨ ਉਨਾਂ ਵਿਚੋਂ ਬਹੁਤ ਥੋੜਿਆਂ ਨੂੰ ਛੱਡ ਕੇ ਬਾਕੀਆਂ ਦੀ ਨਾ ਕੋਈ ਦੁਨਿਆਵੀ ਤਾਲੀਮ ਹੈ, ਨਾ ਹੀ ਧਰਮ ਦਾ ਪੂਰਾ ਗਿਆਨ ਹੈ ਅਤੇ ਨਾ ਹੀ ਧਰਮ ਪ੍ਰਚਾਰ ਦੀ ਲਗਨ ਹੈ, ਇਨ੍ਹਾਂ ਲਈ ਤਾਂ ਰੋਟੀਆਂ ਕਾਰਣ ਪੂਰਹਿ ਤਾਲ ਦਾ ਗੁਰਬਾਣੀ ਫੁਰਮਾਣ ਠੀਕ ਹੈ। ਸਚ ਤਾਂ ਇਹ ਹੈ ਕਿ ਧਰਮ ਪ੍ਰਚਾਰ ਦਾ ਇਹ ਖੇਤਰ ਕੇਵਲ ਮਾਇਆ ਕਮਾਉਣ ਦਾ ਸਾਧਨ ਬਣ ਕੇ ਰਹਿ ਗਿਆ ਹੈ।ਜਦੋਂ ਅਸੀਂ ਦੂਸਰੀਆਂ ਕੌਮਾਂ, ਇਸਾਈ ਮੱਤ, ਇਸਲਾਮ ਮੱਤ ਆਦਿ ਵਲ ਝਾਤੀ ਮਾਰਦੇ ਹਾਂ ਤਾਂ ਉਨ੍ਹਾਂ ਦੇ ਪ੍ਰਚਾਰਕ ਤੇ ਪ੍ਰਚਾਰਕ ਪੈਦਾ ਕਰਨ ਵਾਲੇ ਅਦਾਰੇ ਵੇਖ ਕੇ ਹੈਰਾਨ ਰਹਿ ਜਾਂਦੇ ਹਾਂ ਕਿ ਕਿਵੇਂ ਉਹਨਾਂ ਨੇ ਗਿਆਰਾਂ-ਗਿਆਰਾਂ ਸਾਲ ਦਾ ਲੰਬਾ ਸਮਾਂ ਲਗਾ ਕੇ ਲਖਾਂ ਦੀ ਗਿਣਤੀ ਵਿੱਚ ਪ੍ਰਚਾਰਕ ਤਿਆਰ ਕੀਤੇ ਹਨ ਅਤੇ ਪ੍ਰਚਾਰ ਦੇ ਖੇਤਰ ਵਿੱਚ ਉਨ੍ਹਾਂ ਨੂੰ ਪੂਰੀ ਤਰ੍ਹਾਂ ਟਰੇਂਡ ਕੀਤਾ ਹੈ। ਪਰ ਇਸ ਪਾਸੇ ਜਦੋਂ ਅਸੀਂ ਆਪਣੇ ਪ੍ਰਚਾਰਕਾਂ ਵੱਲ ਝਾਤੀ ਮਾਰਦੇ ਹਾਂ ਤਾਂ ਰੌਣ ਹਾਕੇ ਹੋ ਕੇ ਰਹਿ ਜਾਈਦਾ ਹੈ। ਯੋਗ ਪ੍ਰਚਾਰਕਾਂ ਦੀ ਅਣਹੋਂਦ ਕਾਰਨ ਹੀ ਸਾਡਾ ਧਰਮ ਜੋ ਦੁਨੀਆਂ ਦਾ ਸਭ ਤੋਂ ਚੰਗਾ ਤੇ ਆਲਮਗੀਰ ਧਰਮ ਹੈ, ਜੋ ਹਰ ਦੇਸ ਪ੍ਰਦੇਸ ਵਿੱਚ ਕਿਸੇ ਜਾਤ-ਪਾਤ ਊਚ -ਨੀਚ, ਅਮੀਰ-ਗਰੀਬ ਵਿਚਕਾਰ ਬਿਨਾਂ ਵਿਤਕਰੇ ਦੇ ਪ੍ਰਚਾਰਿਆ ਜਾ ਸਕਦਾ ਸੀ।

ਸੋਚਣ ਦੀ ਗਲ ਹੈ ਕਿ ਇਹ ਧਰਮ ਪ੍ਰਚਾਰ ਦੀ ਜਿੰਮੇਵਾਰੀ ਕਿਸ ਦੀ ਹੈ, ਕੀ ਇਹ ਜਿੰਮੇਵਾਰੀ ਕਿਸੇ ਇੱਕ ਸੰਸਥਾਂ, ਜਾਂ ਜਥੇਬੰਦੀ ਦੀ ਹੈ। ਨਹੀ, ਇਹ ਸਾਡੀ ਸਾਰਿਆਂ ਦੀ ਸਾਂਝੀ ਜਿੰਮੇਵਾਰੀ ਹੈ, ਕਿ ਪਹਿਲਾਂ ਅਸੀਂ ਆਪ ਸਿੱਖੀ ਅਸੂਲਾਂ ਦੀ ਜਾਣਕਾਰੀ ਪ੍ਰਾਪਤ ਕਰੀਏ ਤੇ ਸਿੱਖੀ ਮਰਿਆਦਾ ਦੇ ਧਾਰਨੀ ਬਣੀਏ ਅਤੇ ਫਿਰ ਆਪੋ ਆਪਣੀ ਸਮਰੱਥਾ ਅਨੁਸਾਰ ਇਸ ਸੇਵਾ ਵਿੱਚ ਹਿਸਾ ਪਾਈਏ।

**- ਸੁਖਜੀਤ ਸਿੰਘ ਕਪੂਰਥਲਾ**

## ਸੜਕਛਾਪ ਲੇਖਕਾਂ ਦੀਆਂ ਜ਼ਮੀਰਾਂ ਦਾ ਮਸਲਾ

ਬਲਦੇਵ ਸੜਕਨਾਮਾ ਦਾ ਇਕ ਲੇਖ ਪੰਜਾਬ ਵਿਚ ਛਪਿਆ ਹੈ। ਸੜਕਨਾਮੇ ਦੀ ਸੋਚ ਅੰਕੜਿਆਂ ਤਕ ਆ ਕੇ ਰੁਕ ਜਾਂਦੀ ਹੈ।ਪਰਤੀਕਾਂ ਵਿਚ ਸਬਦਾਂ ਦੇ ਟਰੱਕ ਦਾ ਗੇਅਰ ਜਾਣ ਬੁਝ ਕੇ ਅੜਾ ਲਿਆ ਜਾਂਦਾ ਹੈ।ਇਹ ਪੰਜਾਬੀ ਲੇਖਕਾਂ ਦੀ ਸਮੱਸਿਆ ਹੈ,ਅੰਕੜਿਆਂ ਤਕ ਸੋਚ ਕੇ ਇਹ ਮਸਲਾ ਅੱਧਵਾਟੇ ਛੱਡ ਦੇਂਦੇ ਹਨ, ਹੱਲ ਦੇਣ ਤੋਂ ਭੈਅ ਖਾਂਦੇ ਹਨ ਤੇ ਨਾ ਹੀ ਬਦੀ ਦੀਆਂ ਸ਼ੈਤਾਨ ਤਾਕਤਾਂ ਉਪਰ ਉਂਗਲ ਧਰਦੇ ਹਨ ਕਿ ਪੰਜਾਬ ਦੀ ਪੁਰਾਣੀ ਤੇ ਮੌਜੂਦਾ ਸਮੱਸਿਆ ਦਾ ਕੌਣ ਜਿੰਮੇਵਾਰ ਹੈ। ਅਜਿਹਾ ਕਰਕੇ ਪਾਠਕਾਂ ਨੂੰ ਭੰਬਲਭੂਸੇ ਵਿਚ ਪਾਉਂਦੇ ਹਨ, ਸਰਕਾਰੀ ਇਨਾਮਾਂ ਤੇ ਬਖਸ਼ਿਸਾਂ ਦੇ ਲੋਭ ਵਿਚ। ਇਹ ਨਿੱਜਤਾ ਦਾ ਸੁਖਾਲਾ ਰਸਤਾ ਹੈ ਪਰ ਮਨੁੱਖਤਾ ਦੀ ਮੁਕਤੀ ਦਾ ਮਾਰਗ ਨਹੀਂ। ਇਹ ਲੋਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੋਹ ਦੇ ਸੋਮੇ ਸ਼ੇਰੇ ਪੰਜਾਬ ਨੂੰ ਜਦ ਪੰਜ ਦਰਿਆਵਾਂ ਦਾ ਬਾਦਸ਼ਾਹ ਸਮਝਣ ਦੀ ਥਾਂ ਹਰਮ ਤੇ ਸ਼ਰਾਬ ਦਾ ਗੁਲਾਮ ਸਮਝਣ ਦਾ ਇਤਿਹਾਸਕ ਅਪਰਾਧ ਕਰਕੇ, ਇਤਿਹਾਸ ਦੇ ਸਮੁੰਦਰ ਵਿਚੋਂ ਮੋਤੀ ਭਾਲਣ ਦੀ ਥਾਂ ਜ਼ਹਿਰੀਲੇ ਸੱਪ ਤੇ ਡੱਡੂ ਭਾਲਦੇ ਹਨ ਤੇ ਸਾਹਿਤ ਅਤੇ ਸਮਾਜ ਵਿਚ ਪਰਦੂਸ਼ਣ ਫੈਲਾਉਂਦੇ ਹਨ। ਇਹ ਕੂੜ ਕਲਮਾਂ ਵਲੋਂ ਮਨੂਵਾਦੀ ਸਿਆਸਤਦਾਨਾਂ ਨੂੰ ਖੁਸ਼ ਕਰਨ ਦੀ ਬਿਰਤੀ ਹੈ ਜਿਹਨਾਂ ਪੰਜਾਬ ਨੂੰ ਪਰਵਾਸ, ਬੇਰੁਜ਼ਗਾਰੀ, ਨਸ਼ਿਆਂ, ਕੈਂਸਰ ਦਾ ਰੋਗ ਦਿੱਤਾ ਤੇ ਜੋ ਪੰਜਾਬ ਦਾ ਮਹਾਨ ਇਤਿਹਾਸ ਬਦਲ ਰਹੇ ਹਨ।ਪੰਜਾਬ ਦੇ ਦਰਿਆਈ ਪਾਣੀ ਲੁੱਟੇ ਤੇ ਹਰੀ ਕ੍ਰਾਂਤੀ ਦੇ ਨਾਮ ਤੇ ਪੰਜਾਬ ਦੀ ਕਿਰਤ ਤੇ ਕੁਦਰਤੀ ਖੇਤੀ ਖੋਹੀ, ਪੰਜਾਬ ਦੀ ਸਿਹਤ ਬਰਬਾਦ ਕੀਤੀ। ਜਮੀਨਦੋਜ਼ ਪਾਣੀ ਮਾਲੀਨ ਤੇ ਬਰਬਾਦ ਕੀਤਾ। ਇਹ ਅਡੰਬਰੀ ਜ਼ਹਿਰਾਂ ਅਖੌਤੀ ਰਾਸ਼ਟਰਵਾਦੀ ਹਿਟਲਰੀ ਪੈਮਾਨੇ ਵਿਚੋਂ ਨਿਕਲੀਆਂ ਹਨ।ਇਹ ਪੈਮਾਨਾ ਉਹਨਾਂ ਦਾ ਮਿਥਿਆ ਹੈ ਜੋ ਗੁਰੂ ਨਾਨਕ ਨੂੰ ਭੂਤਨਾ-ਬੇਤਾਲਾ ਕਹਿੰਦੇ ਰਹੇ, ਜਿਹਨਾਂ ਖਿਲਾਫ਼ ਬਾਰ੍ਹਾਂ ਜੰਗਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਲੜਨੀਆਂ ਪਈਆਂ। ਜੂਨ- ਨਵੰਬਰ ਚੌਰਾਸੀ ਦੇ ਕਤਲੇਆਮ ਇਸੇ ਸੋਚ ਦੀ ਉਪਜ ਹਨ। ਕੀ ਪੰਜਾਬ ਨੂੰ ਆਪਣੀ ਬਰਬਾਦੀ ਦਾ ਸ਼ੌਕ ਹੈ।ਕੀ ਪੰਜਾਬ ਦੇ ਲੋਕ ਚੰਗਾ ਸਿਸਟਮ ਨਹੀਂ ਮਾਨਣਾ ਚਾਹੁੰਦੇ।ਕੀ ਪੰਜਾਬ ਦੇ ਲੋਕ ਸ਼ਾਂਤੀ ਨਹੀਂ ਚਾਹੁੰਦੇ।ਕੌਣ ਹਨ ਪੰਜਾਬ ਨੂੰ ਬਰਬਾਦ ਕਰਨ ਵਾਲੇ ? ਇਸ ਗੱਲ ਦਾ ਜੁਆਬ ਸੜਕਛਾਪ ਪੰਜਾਬੀ ਕਾਮਰੇਡਾਂ ਕੋਲ ਨਹੀਂ ਹੈ।ਨਾ ਹੀ ਇਹ ਦੇਣਾ ਚਾਹੁਣਗੇ।ਇਹ ਆਪਣੀ ਧਰਤੀ ਤੇ ਇਤਿਹਾਸ ਦੇ ਅਪਰਾਧੀ ਹਨ। ਇਹ ਆਪਣੀ ਧਰਤੀ 'ਤੇ ਬੋਝ ਮਰੀਆਂ ਜਮੀਰਾਂ ਲੈ ਕੇ ਬੈਠੇ ਹਨ। ਮਰੀਆਂ ਜ਼ਮੀਰਾਂ ਵਿਚੋਂ ਬਾਬਾ ਫਰੀਦ ਵਰਗਾ ਮਹਾਨ ਫਲਸਫਾ ਪੈਦਾ ਨਹੀਂ ਹੋ ਸਕਦਾ।ਇਹ ਸੱਚੀ ਸੁੱਚੀ ਰੂਹ ਵਿਚੋਂ ਪੈਦਾ ਹੋ ਸਕਦਾ ਹੈ ਜਿਸ ਨੇ ਧਰਤੀ ਤੇ ਧਰਤੀ ਦੇ ਲੋਕਾਂ ਨਾਲ ਪਿਆਰ ਕੀਤਾ ਹੋਵੇ ਤੇ ਗੁਲਾਮੀ ਦੀ ਥਾਂ ਅਜ਼ਾਦੀ ਨੂੰ ਪਸੰਦ ਕੀਤਾ ਹੋਵੇ।

ਗੁਰੂ ਨਾਨਕ ਸਾਹਿਬ ਦਾ ਸੁਨੇਹਾ ਸਾਨੂੰ ਚੇਤੇ ਹੈ ਕਿ ਸੱਤਾ ਨੂੰ ਸੱਚ ਵੱਲ ਤੋਰਨਾ ਹੈ ਤੇ ਮਨੁਖੀ ਅਧਿਕਾਰਾਂ ਦੇ ਘਾਣ ਦਾ ਵਿਰੋਧ ਕਰਨਾ ਹੈ। ਹੁਕਮ ਦਰਜ ਹੈ-ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ।।

**- ਬਲਵਿੰਦਰ ਪਾਲ ਸਿੰਘ ਪ੍ਰੋ.**

## ਇਕਬਾਲ ਦੇ ਨ.ਗਮੇ ਦੀ ਚੀਰ-ਫਾੜ

**(ਪੇਸ਼ਕਸ਼-ਤਰਲੋਚਨ ਸਿੰਘ ਦੁਪਾਲਪੁਰ)**

ਥਾ ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ
ਮੁਸ਼ਕਿਲ ਹੈ ਬਹੁਤ ਲੇਕਿਨ ਅਬ ਜੀਨਾਂ ਯਹਾਂ ਹਮਾਰਾ
ਸਭ ਬੁਲਬਲੇਂ ਯਿਹ ਕਹ ਕਰ ਖਾਮੋਸ਼ ਹੋ ਗਈ ਹੈਂ
ਕਊਓਂ ਕੇ ਸ਼ੋਰ ਮੇਂ ਅਬ ਨ.ਗਮਾ ਨਹੀਂ ਹਮਾਰਾ
ਪ੍ਰਬਤ ਜੋ ਸਭ ਸੇ ਊਚਾ .ਗਮ ਸੇ ਪਿਘਲ ਰਹਾ ਹੈ
ਮਾਲੂਮ ਹੈ ਉਸੇ ਭੀ ਦਰਦੇ-ਨਿਹਾਂ ਹਮਾਰਾ
ਸੰਘੀ ਸਿਖਾ ਰਹੇ ਹੈਂ ਆਪਸ ਮੇਂ ਵੈਰ ਰਖਨਾ
ਮਿਟਤਾ ਹੀ ਜਾ ਰਹਾ ਹੈ ਆਪਸ ਮੇਂ ਭਾਈਚਾਰਾ
ਹਰ ਪੇੜ ਪਰ ਹੈ ਉੱਲੂ ਕਬਜ਼ਾ ਜਮਾਏ ਬੈਠੇ
ਕਿਸ ਸ਼ਾਖ ਪਰ ਬਨੇਂਗਾ ਅਬ ਆਸ਼ੀਆਂ ਹਮਾਰਾ
ਨਫਰਤ ਜੋ ਕਰਤੇ ਆਏ ਸੌ ਬਾਰ ਲੇ ਚੁਕੇ ਹੈਂ
ਅਬ ਫਿਰ ਭੀ ਲੇ ਰਹੇ ਹੈਂ ਵੁਹ ਇਮਤਿਹਾਂ ਹਮਾਰਾ
ਹਰ ਤਰਫ ਹੈ ਘੁਟਾਲੇ ਦਹਸ਼ਤ ਹੈ ਹਰ ਜਗਹ ਹੀ
ਅਬ ਮੌਜੂ ਬਨਾ ਰਹਾ ਹੈ ਸਾਰਾ ਜਹਾਂ ਹਮਾਰਾ
ਜ਼ੰਨਤ-ਨੁਮਾ ਚਮਨ ਮੇਂ ਕੈਸੇ ਖਿਜ਼ਾਂ ਨਾ ਆਏ
ਕਾਤਿਲ ਹੈ ਬੁਲਬਲੋਂ ਕਾ ਅਬ ਬਾ.ਗਬਾਂ ਹਮਾਰਾ
ਹਰ ਕੋਈ ਸੋਚਤਾ ਹੈ ਅਬ ਆਹੇਂ ਭਰਤੇ ਭਰਤੇ
ਕੈਸਾ ਬਦਲ ਗਯਾ ਹੈ ਯਹ ਹਿੰਦੁਸਤਾਂ ਹਮਾਰਾ
ਗੁਜ਼ਰੀ ਹੈ ਰੰਜੋ-ਗ਼ਮ ਮੇਂ ਅਬ ਤਕ ਜੋ ਜ਼ਿੰਦਗੀ ਭੀ
ਕਿਸ ਦਿਲ ਸੇ 'ਵਤਨ' ਕਹਿ ਦੇਂ ਕਿ ਹਿੰਦੁਸਤਾਂ ਹਮਾਰਾ !

**(ਸੋਸ਼ਲ ਮੀਡੀਆ 'ਚੋਂ ਧੰਨਵਾਦ ਸਹਿਤ)**

# ਮਾਮਲਾ ਰਵਿਦਾਸ ਮੰਦਰ ਢਾਹੁਣ ਦਾ : ਪੰਜਾਬ ਵਿਚ ਬੰਦ ਨੂੰ ਭਰਵਾਂ ਹੁੰਗਾਰਾ

**ਜਲੰਧਰ/ਏਟੀ ਨਿਊਜ਼ :**
ਸ੍ਰੀ ਗੁਰੂ ਰਵਿਦਾਸ ਦਾ ਦਿੱਲੀ ਦੇ ਤੁਗਲਕਾਬਾਦ 'ਚ ਮੰਦਰ ਤੋੜੇ ਜਾਣ ਵਿਰੁੱਧ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ। ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਬੰਦ ਸ਼ਾਂਤੀਪੂਰਨ ਰਿਹਾ। ਸਿੱਖ ਪੰਥ ਵਲੋਂ ਵੀ ਇਸ ਬੰਦ ਨੂੰ ਭਰਵਾਂ ਸਹਿਯੋਗ ਦਿਤਾ ਗਿਆ ਜਦਕਿ ਭਾਜਪਾਈਆਂ ਨਾਲ ਸਬੰਧਿਤ ਦੁਕਾਨਦਾਰਾਂ ਨੇ ਬੰਦ ਦਾ ਵਿਰੋਧ ਕੀਤਾ ਜਿਸ ਕਰਕੇ ਝੜਪਾਂ ਵੀ ਹੋਈਆਂ। ਨਵਾਂ ਸ਼ਹਿਰ ਵਿਚ ਬੰਦ ਦਾ ਵਪਾਰ ਮੰਡਲ, ਹਿੰਦੂ ਸਮਾਜ ਅਤੇ ਦੁਕਾਨਦਾਰਾਂ ਵਲੋਂ ਵਿਰੋਧ ਕੀਤਾ ਗਿਆ। ਸਾਰਾ ਦਿਨ ਸਥਿਤੀ ਤਣਾਅਪੂਰਨ ਬਣੀ ਰਹੀ ਅਤੇ ਦੋਵੇਂ ਧਿਰਾਂ ਦੇ ਆਹਮੋ-ਸਾਹਮਣੇ ਹੋਣ ਕਾਰਨ ਪੁਲੀਸ ਨੂੰ ਕਾਫ਼ੀ ਜੱਦੋਜਹਿਦ ਕਰਨੀ ਪਈ। ਮੁਕੇਰੀਆਂ ਦੇ ਕਸਬਾ ਹਰਸਾ ਮਾਨਸਰ ਵਿਖੇ ਸਥਿਤੀ ਉਸ ਵੇਲੇ ਹੰਗਾਮਾਪੂਰਨ ਹੋ ਗਈ ਜਦੋਂ ਦੁਕਾਨਾਂ ਬੰਦ ਕਰਵਾਉਣ ਨੂੰ ਲੈ ਕੇ ਕਸਬਾ ਹਰਸਾ ਮਾਨਸਰ ਦੇ ਦੁਕਾਨਦਾਰਾਂ ਤੇ ਦੁਕਾਨਾਂ ਬੰਦ ਕਰਵਾਉਣ ਆਏ ਨੌਜਵਾਨਾਂ 'ਚ ਝੜਪ ਹੋ ਗਈ।ਸਥਿਤੀ ਨੂੰ ਕਾਬੂ



'ਚ ਕਰਨ ਤੇ ਹਿੰਸਾ ਨੂੰ ਰੋਕਣ ਲਈ ਪੁਲਿਸ ਨੂੰ ਹਵਾਈ ਫਾਇਰ ਦੀ ਸਹਾਇਤਾ ਵੀ ਲੈਣੀ ਪਈ। ਫਰੀਦਕੋਟ, ਮੋਗਾ, ਬਟਾਲਾ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ 'ਚ ਵੀ ਵਿਆਪਕ ਅਸਰ ਹੋਇਆ ਹੈ ਤੇ ਬਾਜ਼ਾਰ ਬੰਦ ਰਹੇ। ਲੋਕ ਸੜਕਾਂ 'ਤੇ ਪ੍ਰਦਰਸ਼ਨ ਕਰਦੇ ਰਹੇ ਤੇ ਬੱਸਾਂ ਨਾ ਚੱਲਣ ਕਾਰਨ ਯਾਤਰੀਆਂ ਨੂੰ ਪਰੇਸ਼ਾਨੀ ਰਹੀ।ਦੂਸਰੇ ਪਾਸੇ ਪੰਜਾਬ ਪੁਲਿਸ ਨੇ ਬੰਦ ਦੌਰਾਨ ਅੱਤਵਾਦੀ ਹਮਲੇ ਦੇ ਖ਼ਦਸ਼ੇ ਦੇ ਮੱਦੇਨਜ਼ਰ ਸੂਬੇ 'ਚ ਹਾਈ ਅਲਰਟ ਜਾਰੀ ਕੀਤਾ। ਇਸ ਦੌਰਾਨ ਕੁੱਝ ਇਕ ਥਾਵਾਂ 'ਤੇ ਬੰਦ ਕਰਵਾਉਣ ਵਾਲੇ ਅਨਸਰਾਂ ਨੇ ਕੁੱਝ ਕਾਰੋਬਾਰੀ ਅਦਾਰਿਆਂ ਦੀ ਭੰਨ ਤੋੜ ਵੀ ਕੀਤੀ। ਫਗਵਾੜਾ ਰੋਡ 'ਤੇ ਸਥਿਤ ਹਾਕਿੰਸ ਕੂਕਰਜ਼ ਲਿਮਟਿਡ ਦੇ ਸਕਿਊਰਿਟੀ ਕੈਬਿਨ ਦੀ ਵੀ ਤੋੜ ਭੰਨ ਕੀਤੀ ਗਈ। ਇਸ ਤਰ੍ਹਾਂ ਮਹਾਂਵੀਰ ਸਪਿੰਨਿੰਗ ਮਿੱਲਜ਼ ਦੇ ਗੇਟ 'ਤੇ ਵੀ ਤੋੜ ਭੰਨ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਜ਼ਿਆਦਾ ਨੁਕਸਾਨ ਤੋਂ ਬਚਾਅ ਹੋ ਗਿਆ।ਇਸ ਬੰਦ ਨੂੰ ਸਿੱਖ ਜਥੇਬੰਦੀਆਂ ਦੀ ਵੀ ਭਰਪੂਰ ਹਮਾਇਤ ਪ੍ਰਾਪਤ ਹੋਈ। ਦਲ ਖਾਲਸਾ, ਸਿੱਖ ਯੂਥ ਆਫ ਪੰਜਾਬ, ਆਵਾਜ਼-ਏ-ਕੌਮ ਤੇ ਲੋਕ ਇਨਸਾਫ਼ ਪਾਰਟੀ ਨੇ ਦਿੱਲੀ 'ਚ ਸਤਿਗੁਰੂ ਰਵਿਦਾਸ ਮਾਹਰਾਜ ਦੇ ਧਾਰਮਿਕ ਅਸਥਾਨ ਨੂੰ ਢਾਹੇ ਜਾਣ ਦੀ ਸਖਤ ਨਿੰਦਾ ਕਰਦਿਆਂ ਇਸ ਨੂੰ ਧਾਰਮਿਕ ਘੱਟ ਗਿਣਤੀਆਂ ਖ਼ਿਲਾਫ਼ ਮਨੂਵਾਦੀ ਤਾਕਤਾਂ ਵੱਲੋਂ ਰਚੀ ਗਈ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਇਹੋ ਜਿਹੇ

**ਬਾਕੀ ਸਫ਼ਾ 32 'ਤੇ**

# ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰੂਘਰ ਦੀ ਪ੍ਰਬੰਧਕ ਕਮੇਟੀ ਸਰਬਸੰਮਤੀ ਨਾਲ ਚੁਣੀ ਗਈ

## *ਸੰਗਤਾਂ ਦੀ ਹਾਜ਼ਰੀ 'ਚ ਮਾਸਟਰ ਧਰਮਪਾਲ ਸਿੰਘ ਨੇ ਕੀਤਾ ਨਵੀਂ ਕਮੇਟੀ ਦਾ ਐਲਾਨ*

**ਮੈਰੀਲੈਂਡ/ਰਾਜ ਗੋਗਨਾ :**
ਅਮਰੀਕਾ ਵਿਚ ਆਮ ਤੌਰ 'ਤੇ ਗੁਰੂਘਰਾਂ ਦੇ ਪ੍ਰਬੰਧਾਂ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਵੋਟਾਂ ਰਾਹੀ ਚੁਣਿਆ ਜਾਂਦਾ ਹੈ। ਇਸ ਲਈ ਪਹਿਲਾਂ ਰਜਿਸਟ੍ਰੇਸ਼ਨ ਰਾਹੀਂ ਵੋਟਾਂ ਬਣਾਈਆਂ ਜਾਂਦੀਆਂ ਹਨ, ਉਪਰੰਤ ਛਾਣਬੀਣ ਕਰਕੇ ਵੋਟਰ ਲਿਸਟ ਬੋਰਡ 'ਤੇ ਲਗਾਈ ਜਾਂਦੀ ਹੈ। ਫਿਰ ਵੋਟਾਂ ਰਾਹੀਂ ਸੇਵਾਦਾਰ ਚੁਣੇ ਜਾਂਦੇ ਹਨ, ਜਿਸ 'ਤੇ ਹਜ਼ਾਰਾਂ ਡਾਲਰ ਖਰਚ ਸਿਰਫ ਚੌਧਰ ਲੈਣ ਪਿੱਛੇ ਕੀਤੇ ਜਾਂਦੇ ਹਨ, ਜਦਕਿ ਸੇਵਾ ਕਰਨ ਲਈ ਅਜਿਹਾ ਨਹੀਂ ਹੋਣਾ ਚਾਹੀਦਾ। ਗੁਰੂਘਰ ਦੀ ਸੇਵਾ ਤੋਂ ਕੋਈ ਨਹੀਂ ਰੋਕ ਸਕਦਾ।ਸਿਰਫ ਅਮਰੀਕਾ ਦੇ ਗੁਰੂਘਰਾਂ ਵਿੱਚ ਨਿਯਮਾਂ ਅਨੁਸਾਰ ਪ੍ਰਮਾਣਿਤ ਕਮੇਟੀ ਰਾਹੀਂ ਹਰ ਕੰਮ ਕੀਤਾ ਜਾਂਦਾ ਹੈ, ਜਿਸ ਲਈ ਸਬੰਧਤ ਵਿਅਕਤੀ, ਗਰੁੱਪ ਜਾਂ ਸੇਵਾਦਾਰਾਂ ਨੂੰ ਅਗਾਂਹੂ ਕਮੇਟੀ ਨੂੰ ਸੂਚਨਾ ਦੇਣੀ ਪੈਂਦੀ ਹੈ, ਜਿਸ ਦੇ ਪਾਬੰਦ ਹੋਣਾ ਲਾਜ਼ਮੀ ਹੈ।ਭਾਵ ਪ੍ਰਵਾਨਗੀ ਲੈਣੀ ਲਾਜ਼ਮੀ ਹੁੰਦੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੀਤੇ ਕੰਮ ਨੂੰ ਵਰਜਿਤ ਵੀ ਕੀਤਾ ਜਾ ਸਕਦਾ ਹੈ। ਕਮੇਟੀ ਪੂਰੀ ਸ਼ਕਤੀ ਦੇ ਸਮਰੱਥ ਹੁੰਦੀ ਹੈ।
ਬਾਲਟੀਮੋਰ ਗੁਰੂ ਘਰ ਵਿੱਚ ਹਰ ਕਾਰਜ ਸਰਬ-ਸੰਮਤੀ ਨਾਲ ਹੁੰਦਾ ਹੈ। ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਸਰਬਸੰਮਤੀ ਨਾਲ ਚੁਣੀ ਜਾਂਦੀ ਹੈ। ਇੱਥੇ ਕਦੇ ਵੀ ਚੋਣਾਂ ਦੀ ਪ੍ਰੀਕਿਰਿਆ ਨਹੀਂ ਕੀਤੀ ਗਈ, ਜਿਸ ਕਰਕੇ ਇਸ ਗੁਰੂਘਰ ਦੀਆਂ ਉਦਾਹਰਣਾਂ ਪੂਰੇ ਅਮਰੀਕਾ ਵਿੱਚ ਦਿੱਤੀਆਂ ਜਾਂਦੀਆਂ ਹਨ। ਹਰ ਫੈਸਲਾ ਸਰਬਸੰਮਤੀ ਨਾਲ ਕੀਤਾ ਜਾਂਦਾ ਹੈ। ਭਾਵੇਂ ਗੁੱਟਬਾਜ਼ੀ ਜਾਂ ਗਰੁੱਪਬਾਜ਼ੀ ਹੋਵੇ ਪਰ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਬਗੈਰ ਚੋਣ ਪ੍ਰਕਿਰਿਆ ਤੋਂ ਕੀਤੀ ਜਾਂਦੀ ਹੈ। ਸੋ ਇਸ ਸਾਲ 2019-20 ਦੀ ਪ੍ਰਬੰਧਕ ਕਮੇਟੀ ਤੇ ਟਰੱਸਟੀ ਵੀ ਸਰਬਸੰਮਤੀ ਨਾਲ ਚੁਣੇ ਗਏ ਹਨ। ਸੋ ਨਵੀਂ ਕਮੇਟੀ ਦਾ ਐਲਾਨ ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਮੈਰੀਲੈਂਡ ਨੇ ਸੰਗਤਾਂ ਦੀ ਹਾਜ਼ਰੀ ਵਿੱਚ ਕੀਤਾ,



ਬਲਜਿੰਦਰ ਸਿੰਘ ਸ਼ੰਮੀ | ਰਤਨ ਸਿੰਘ | ਡਾ. ਸੁਰਿੰਦਰ ਗਿੱਲ | ਸੁਖਜਿੰਦਰ ਸਿੰਘ ਸੋਨੀ | ਬੀਬੀ ਕਾਂਤਾ ਸੈਮੀ

ਜਿਸ ਨੂੰ ਸਮੂਹ ਸੰਗਤ ਨੇ ਸਵੀਕਾਰਿਆ ਹੈ। ਨਵੀਂ ਕਮੇਟੀ ਨੇ ਆਪਣਾ ਕਾਰਜ-ਭਾਗ ਸੰਭਾਲ ਕੇ ਆਪੋ-ਆਪਣੇ ਆਹੁਦਿਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਆਸ ਹੈ ਕਿ ਵੱਖ-ਵੱਖ ਕਾਰਜਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਜਲਦੀ ਗਠਿਤ ਕਰਕੇ ਸੁਚੱਜੇ ਢੰਗ ਨਾਲ ਗੁਰੂਘਰਾਂ ਨੂੰ ਚਲਾਇਆ ਜਾਵੇਗਾ। ਇਸ ਦੇ ਨਾਲ ਨਾਲ ਵਿਕਾਸ ਕਾਰਜਾਂ ਦੀ ਸੂਚੀ ਵੀ ਤਿਆਰ ਕੀਤੀ ਜਾ ਰਹੀ ਹੈ, ਜਿਸ ਨੂੰ ਤਰਤੀਬ ਅਨੁਸਾਰ ਨੇਪਰੇ ਚਾੜ੍ਹਿਆ ਜਾਵੇਗਾ। ਹਾਲ ਦੀ ਘੜੀ ਨਵੀਂ ਕਮੇਟੀ ਵਿੱਚ ਅੰਕਿਤ ਕੀਤੇ ਅਹੁਦੇ ਤੇ ਨਾਵਾਂ ਦਾ ਐਲਾਨ ਇਸ ਪ੍ਰਕਾਰ ਕੀਤਾ ਹੈ;
ਬਲਜਿੰਦਰ ਸਿੰਘ ਸ਼ੰਮੀ ਚੇਅਰਮੈਨ, ਮਾਸਟਰ ਧਰਮਪਾਲ ਸਿੰਘ ਉੱਪ ਚੇਅਰਮੈਨ, ਰਤਨ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ ਉੱਪ ਪ੍ਰਧਾਨ, ਡਾ. ਸੁਰਿੰਦਰ ਸਿੰਘ ਗਿੱਲ ਸਕੱਤਰ ਜਨਰਲ, ਹਰਭਜਨ ਸਿੰਘ ਸਹਾਇਕ ਸਕੱਤਰ, ਸੁਖਜਿੰਦਰ ਸਿੰਘ ਕੈਸ਼ੀਅਰ, ਹਰਜੀਤ ਸਿੰਘ ਸਹਾਇਕ ਕੈਸ਼ੀਅਰ, ਬੀਬੀ ਕਾਂਤਾ ਸੈਮੀ ਪੀ. ਆਰ. ਓ., ਸੁਖਵਿੰਦਰ ਸਿੰਘ ਘੋਗਾ ਸਹਾਇਕ ਪੀ. ਆਰ. ਓ. ਹੋਣਗੇ। ਇਸ ਸਾਲ ਨਵੇਂ ਬੋਰਡ ਮੈਂਬਰਾਂ ਵਿੱਚ ਸਰਬਜੀਤ ਸਿੰਘ ਢਿੱਲੋਂ, ਜਰਨੈਲ ਸਿੰਘ, ਗੁਰਦੇਵ ਸਿੰਘ ਘੋਤੜਾ, ਦਵਿੰਦਰ ਸਿੰਘ ਜੋਨੀ, ਮਨਿੰਦਰ ਸਿੰਘ ਸੇਠੀ ਤੇ ਗੁਰਮੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਆਸ ਹੈ ਕਿ ਇਹ ਪ੍ਰਬੰਧਕ ਕਮੇਟੀ ਸੰਗਤਾਂ ਦੇ ਆਸ਼ੇ 'ਤੇ ਪੂਰਨ ਉਤਰੇਗੀ ਅਤੇ ਸਮੇਂ-ਸਮੇਂ ਵਧੀਆ ਧਾਰਮਿਕ ਪ੍ਰੋਗਰਾਮ ਤੇ ਕੀਰਤਨੀ ਜਥਿਆਂ ਰਾਹੀਂ ਸੰਗਤਾਂ ਨੂੰ ਬਾਣੀ ਨਾਲ ਜੋੜੇਗੀ।
ਉਪਰੋਕਤ ਕਮੇਟੀ ਚੁਣਨ ਵੇਲੇ ਸਮੁੱਚੇ ਬੋਰਡ ਨੇ ਉਸਾਰੂ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿੱਚ ਜਸਦੀਪ ਸਿੰਘ ਜੱਸੀ, ਸੁਖਜਿੰਦਰ ਸਿੰਘ, ਸੁਖਵਿੰਦਰ ਸਿੰਘ, ਦਲਜੀਤ ਸਿੰਘ ਮੁਲਤਾਨੀ, ਬਲਜਿੰਦਰ ਸਿੰਘ ਸ਼ੰਮੀ, ਰਤਨ ਸਿੰਘ, ਜਸਵੰਤ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਸੰਨੀ, ਕੇ .ਕੇ ਸਿੱਧੂ, ਦਲਵੀਰ ਸਿੰਘ, ਸੁਰਜੀਤ ਸਿੰਘ, ਬਲਜੀਤ ਸਿੰਘ, ਧਰਮਪਾਲ ਸਿੰਘ, ਮਨਜੀਤ ਸਿੰਘ ਕੈਰੋਂ ਸ਼ਾਮਲ ਸਨ। ਸਮੁੱਚੇ ਬੋਰਡ ਅਤੇ ਸੰਗਤ ਵਧਾਈ ਦੀ ਪਾਤਰ ਹੈ, ਜਿਨ੍ਹਾਂ ਨੇ ਨਵੀਂ ਬਣੀ ਕਮੇਟੀ ਨੂੰ ਸਰਬਸੰਮਤੀ ਨਾਲ ਪ੍ਰਵਾਨਤ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।
ਆਸ ਹੈ ਕਿ ਇਹ ਪ੍ਰਬੰਧਕ ਕਮੇਟੀ ਸਾਰੇ ਕੰਮ-ਕਾਜ ਬੋਰਡ ਦੀ ਪ੍ਰਵਾਨਗੀ ਅਨੁਸਾਰ ਕਰੇਗੀ ਅਤੇ ਸਮੇਂ ਸਮੇਂ ਸੰਗਤਾਂ ਨੂੰ ਫੈਸਲਿਆਂ ਬਾਰੇ ਸੂਚਿਤ ਕਰਦੀ ਰਹੇਗੀ। ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਦੇ ਸਰਬ-ਸੰਮਤੀ ਨਾਲ ਚੁਣੇ ਗਏ ਆਹੁਦੇਦਾਰਾਂ 'ਚ ਬਲਜਿੰਦਰ ਸਿੰਘ ਸ਼ੰਮੀ ਚੇਅਰਮੈਨ, ਧਰਮਪਾਲ ਸਿੰਘ ਉੱਪ ਚੇਅਰਮੈਨ, ਰਤਨ ਸਿੰਘ ਪ੍ਰਧਾਨ,ਸੁਖਜਿੰਦਰ ਸਿੰਘ ਉੱਪ ਪ੍ਰਧਾਨ, ਡਾ. ਸੁਰਿੰਦਰ ਸਿੰਘ ਗਿੱਲ ਜਨਰਲ ਸਕੱਤਰ, ਹਰਭਜਨ ਸਿੰਘ ਸਹਾਇਕ ਸਕੱਤਰ, ਸੁਖਜਿੰਦਰ ਸਿੰਘ ਸੋਨੀ ਕੈਸ਼ੀਅਰ, ਹਰਜੀਤ ਸਿੰਘ ਸਹਾਇਕ ਕੈਸ਼ੀਅਰ, ਕਾਂਤਾ ਸੈਮੀ ਪਬਲਿਸਕ ਰਿਲੇਸ਼ਨ, ਸੁਖਵਿੰਦਰ ਸਿੰਘ ਘੱਗਾ ਬੋਰਡ ਆਫ ਮੈਂਬਰਜ਼, ਮਨਿੰਦਰ ਸਿੰਘ ਸੇਠੀ, ਸਰਬਜੀਤ ਸਿੰਘ ਢਿੱਲੋਂ, ਜਰਨੈਲ ਸਿੰਘ, ਗੁਰਦੇਵ ਸਿੰਘ, ਦਲਵਿੰਦਰ ਸਿੰਘ ਜੋਨੀ ਅਤੇ ਗੁਰਮੀਤ ਸਿੰਘ ਸ਼ਾਮਿਲ ਹਨ।

# ਸਿਆਟਲ 'ਚ ਕਰਵਾਏ ਗਏ 'ਫੁਲਕਾਰੀ ਤੀਆਂ ਦਾ ਮੇਲਾ' ਦੌਰਾਨ ਖੂਬ ਲੱਗੀਆਂ ਰੌਣਕਾਂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਸਿਆਟਲ ਦੇ ਵਿਲਸਨ ਪਲੇਅ ਫੀਲਡਜ਼ ਦੇ ਖੁੱਲ੍ਹੇ ਮੈਦਾਨ ਵਿਚ "ਫੁੱਲਕਾਰੀ ਤੀਆਂ ਦਾ ਮੇਲਾ" ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ, ਖੂਬ ਰੌਣਕਾਂ ਲੱਗੀਆਂ ਤੇ ਦਰਸ਼ਕਾਂ ਨੇ ਆਨੰਦ ਮਾਣਿਆ। ਸਟੇਜ ਦਾ ਸੰਚਾਲਨ ਕਰਦਿਆਂ ਮੁੱਖ ਪ੍ਰਬੰਧਕਾਂ ਬੀਬੀ ਗੁਰਦੀਪ ਕੌਰ ਅਤੇ ਗੁਰਪ੍ਰੀਤ ਕੌਰ ਮੱਲ੍ਹੀ ਨੇ ਰੰਗ ਬੰਨ੍ਹੀ ਰੱਖਿਆ ਅਤੇ ਗੀਤ-ਸੰਗੀਤ, ਗਿੱਧਾ, ਭੰਗੜਾ, ਬੋਲੀਆਂ, ਘੋੜੀਆਂ ਤੇ ਸਕਿੱਟਾਂ ਸਮੇਤ ਵੰਨ ਸੁਵੰਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਪ੍ਰਬੰਧਕਾਂ ਵਲੋਂ ਖਾਣ ਪੀਣ, ਮੁਫ਼ਤ ਪਾਰਕਿੰਗ, ਦਾਖ਼ਲਾ ਅਤੇ ਕੱਪੜੇ, ਗਹਿਣੇ, ਮਹਿੰਦੀ, ਦੇਸੀ ਜੁੱਤੀਆਂ ਆਦਿ ਦੇ ਵੱਖ-ਵੱਖ ਸਟਾਲ ਲਗਾਏ ਗਏ। ਰਾਜਦੀਪ ਸਿੰਘ ਸਾਹੀ ਨੇ ਸਾਹੀ ਟਰੈਵਲ ਵਲੋਂ ਖਾਣ ਪੀਣ ਦਾ ਇੰਤਜਾਮ ਕਰਕੇ ਸੇਵਾ ਕੀਤੀ। ਸ਼ਿਕਾਗੋ ਪੀਜ਼ਾ ਉਤੇ ਸੁਰਜੀਤ ਸਿੰਘ ਸਮਰਾ ਦੀ ਅਗਵਾਈ ਹੇਠ ਵੱਡੀ ਭੀੜ ਲੱਗੀ ਰਹੀ, ਕੇ ਕੇ ਮਾਰਕੀਟ ਵਲੋਂ ਡੀ.ਜੇ. ਦੀ ਸੇਵਾ ਕੀਤੀ ਗਈ। ਸੰਗਮ ਫੋਟੋਗ੍ਰਾਫਰ ਦੀ ਸਮੁੱਚੀ ਟੀਮ ਨੇ ਮੇਲੇ ਦੇ ਦ੍ਰਿਸ਼ਾਂ ਨੂੰ ਕੈਮਰੇ ਵਿਚ ਬੰਦ ਕੀਤਾ। ਸਰਬਜੀਤ ਸਿੰਘ ਦੇ ਝੱਲੀ ਪਰਿਵਾਰ ਅਤੇ ਸੁਖਪ੍ਰੀਤ ਸਿੰਘ ਦੇ ਮੱਲ੍ਹੀ ਪਰਿਵਾਰ ਵਲੋਂ ਲੋੜੀਂਦਾ ਸਹਿਯੋਗ ਦੇ ਕੇ ਪੁਖਤਾ ਇੰਤਜਾਮ ਕੀਤੇ ਗਏ, ਜਿਸ ਨੂੰ ਦਰਸ਼ਕਾਂ ਨੇ ਕਾਫੀ ਪਸੰਦ ਕੀਤਾ। ਵੈਨਕੋਵਰ, ਸਰੀ ਤੋਂ ਸਾਂਝਾ ਟੀਵੀ ਦੀ ਹੋਸਟ ਬੀਬੀ ਬਲਜਿੰਦਰ ਕੌਰ ਨੇ ਚੰਗਾ ਰੰਗ ਬੰਨ੍ਹੀ ਰੱਖਿਆ। ਇਸ ਮੌਕੇ ਵੱਡੀ ਗਿਣਤੀ ਵਿਚ ਮਾਤਾਵਾਂ, ਧੀਆਂ ਨੇ ਪਹੁੰਚ ਕੇ ਰੰਗਾਰੰਗ ਪ੍ਰੋਗਰਾਮ ਦਾ ਆਨੰਦ ਮਾਣਿਆ। ਕੈਂਟ ਸਿਟੀ ਕੌਂਸਲਰ ਸਤਵਿੰਦਰ ਕੌਰ ਤੇ ਬਾਰੇਡਾਂ ਨੇ ਤੀਆਂ ਦੇ ਮੇਲੇ ਦੀ ਸ਼ਲਾਘਾ ਕੀਤੀ ਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਸੰਦੇਸ਼ ਦੱਸਿਆ। ਅਗਲੇ ਸਾਲ ਪੰਜਵੇਂ ਫੁੱਲਕਾਰੀ ਤੀਆਂ ਦੇ ਮੇਲੇ ਵਿਚ ਮਿਲਣ ਦੇ ਵਾਅਦੇ ਨਾਲ ਸਭ ਪੰਜਾਬਣਾਂ ਖੁਸ਼ੀ-ਖੁਸ਼ੀ ਘਰਾਂ ਨੂੰ ਰਵਾਨਾ ਹੋਈਆਂ।



## *ਮਾਮਲਾ ਧਾਰਾ 370 ਦਾ*

# ਨੈਸ਼ਨਲ ਕਾਨਫਰੰਸ ਨੇ ਸੁਪਰੀਮ ਕੋਰਟ 'ਚ ਕੇਂਦਰ ਸਰਕਾਰ ਨੂੰ ਦਿੱਤੀ ਚੁਣੌਤੀ

**ਨਵੀਂ ਦਿੱਲੀ/ਏਟੀ ਨਿਊਜ਼ :**
ਨੈਸ਼ਨਲ ਕਾਨਫਰੰਸ ਨੇ ਜੰਮੂ-ਕਸ਼ਮੀਰ ਦੇ ਸੰਵਿਧਾਨਕ ਰੁਤਬੇ ਵਿਚ ਬਦਲਾਅ ਕਰਨ ਦੇ ਕੇਂਦਰ ਸਰਕਾਰ ਦੇ ਆਦੇਸ਼ਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਨੈਸ਼ਨਲ ਕਾਨਫ਼ਰੰਸ ਦੇ ਦੋ ਸੰਸਦ ਮੈਂਬਰਾਂ ਮੁਹੰਮਦ ਅਕਬਰ ਲੋਨ ਤੇ ਸੇਵਾਮੁਕਤ ਜਸਟਿਸ ਹੁਸਨੈਨ ਮਸੂਦੀ ਨੇ ਧਾਰਾ 370 ਖ਼ਤਮ ਕਰਨ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਹੈ। ਕੇਂਦਰ ਦੇ ਇਸ ਫ਼ੈਸਲੇ ਵਿਰੁੱਧ ਅਦਾਲਤ ਵਿਚ ਜਾਣਾ ਸੁਭਾਵਿਕ ਹੈ। ਆਪਣੀ ਅਪੀਲ ਵਿਚ ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੀ ਆਜ਼ਾਦੀ ਤੋਂ ਲਾਗੂ ਇਸ ਧਾਰਾ ਦੇ ਆਧਾਰ 'ਤੇ ਹੀ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਹਾਸਲ ਸੀ। ਕੇਂਦਰ ਨੇ ਇਸ ਨਾਲ ਹੀ ਧਾਰਾ 35-ਏ ਦਾ ਵੀ ਖ਼ਾਤਮਾ ਕਰ ਦਿੱਤਾ ਹੈ। ਇਸ ਦੇ ਨਾਲ ਨੈਸ਼ਨਲ ਕਾਨਫਰੰਸ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਹ ਜੰਮੂ-ਕਸ਼ਮੀਰ ਪੁਨਰ ਗਠਨ ਕਾਨੂੰਨ-2019 ਨੂੰ ਗੈਰ-ਸੰਵਿਧਾਨਕ" ਐਲਾਨਣ ਦੇ ਆਦੇਸ਼ ਜਾਰੀ ਕਰਨ।

# ਕਸ਼ਮੀਰ ਦੇ ਮੁੱਦੇ 'ਤੇ ਅਮਰੀਕਾ ਤੇ ਰੂਸ ਭਾਰਤ ਦੇ ਹੱਕ ਵਿਚ ਡਟੇ

**ਮਾਸਕੋ/ਏਟੀ ਨਿਊਜ਼ :**
ਅਮਰੀਕਾ ਤੋਂ ਬਾਅਦ ਹੁਣ ਰੂਸ ਨੇ ਕਸ਼ਮੀਰ ਮੁੱਦੇ 'ਤੇ ਭਾਰਤ ਦਾ ਸਾਥ ਦਿੱਤਾ ਹੈ। ਰੂਸ ਨੇ ਕਿਹਾ ਸੀ ਕਿ ਭਾਰਤ ਨੇ ਸੰਵਿਧਾਨਿਕ ਦਾਇਰੇ ਵਿਚ ਰਹਿ ਕੇ ਜੰਮੂ-ਕਸ਼ਮੀਰ 'ਤੇ ਫ਼ੈਸਲਾ ਲਿਆ ਹੈ। ਰੂਸ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ "ਮਾਸਕੋ ਉਮੀਦ ਕਰਦਾ ਹੈ ਕਿ ਦਿੱਲੀ ਵਲੋਂ ਜੰਮੂ-ਕਸ਼ਮੀਰ ਦੀ ਸਥਿਤੀ ਵਿਚ ਬਦਲਾਅ ਦੇ ਮੱਦੇਨਜ਼ਰ ਭਾਰਤ ਤੇ ਪਾਕਿਸਤਾਨ ਖੇਤਰ ਦੀ ਸਥਿਤੀ ਨੂੰ ਵਿਗੜਣ ਨਹੀਂ ਦੇਣਗੇ।" ਉਨ੍ਹਾਂ ਕਿਹਾ ਕਿ "ਅਸੀਂ ਉਮੀਦ ਕਰਦੇ ਹਾਂ ਕਿ ਦੋਵੇਂ ਦੇਸ਼ ਮੱਤਭੇਦਾਂ ਨੂੰ ਰਾਜਨੀਤਕ ਤੇ ਕੂਟਨੀਤਕ ਤਰੀਕੀਆਂ ਨਾਲ ਸ਼ਿਮਲਾ ਸਮਝੌਤਾ-1972 ਤੇ ਲਾਹੌਰ ਐਲਾਨਨਾਮਾ 1999 ਤਹਿਤ ਦੋ ਪੱਖੀ ਆਧਾਰ ਤਹਿਤ ਸੁਲਝਾਉਣਗੇ। " ਜੰਮੂ-ਕਸ਼ਮੀਰ 'ਤੇ ਮੋਦੀ ਸਰਕਾਰ ਨੇ ਹਾਲ ਹੀ ਵਿਚ ਲਏ ਫ਼ੈਸਲੇ ਨੂੰ ਅਮਰੀਕਾ ਨੇ ਵੀ ਅੰਦਰੂਨੀ ਮਾਮਲਾ ਕਿਹਾ ਸੀ। ਹੁਣ ਦੋ ਮੁੱਖ ਦੇਸ਼ਾਂ ਦੇ ਬਿਆਨ ਤੋਂ ਬਾਅਦ ਪਾਕਿਸਤਾਨ ਬੈਕਫੁੱਟ 'ਤੇ ਹੈ। ਪਾਕਿ ਨੇ ਇਸ ਮਸਲੇ ਨੂੰ ਸੰਯੁਕਤ ਰਾਸ਼ਟਰ ਵਿਚ ਚੁੱਕਣ ਦੀ ਗੱਲ ਕੀਤੀ ਸੀ ਤੇ ਉਸ ਨੇ ਭਾਰਤ ਨਾਲ ਵਪਾਰਕ ਸਬੰਧ ਵੀ ਤੋੜ ਲਏ ਹਨ, ਨਾਲ ਹੀ ਦੋ ਰੇਲ ਤੇ ਬੱਸ ਸੇਵਾਵਾਂ ਨੂੰ ਵੀ ਬੰਦ ਕਰ ਦਿੱਤਾ ਹੈ।

# ਧਾਰਾ 370 ਬਾਰੇ ਵੱਡੇ ਬਾਦਲ ਮੋਦੀ ਦੇ ਹੱਕ 'ਚ

**ਬਾਦਲ/ਏਟੀ ਨਿਊਜ਼ :** ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦਾ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਵੱਲੋਂ ਧਾਰਾ 370 ਨੂੰ ਮਨਸੂਖ ਕਰਨ ਬਾਰੇ ਹੋਏ ਫ਼ੈਸਲੇ ਬਾਰੇ ਨਜ਼ਰੀਆ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦਾ ਜਵਾਬ ਸੀ, "ਸਾਡੀ ਪਾਰਟੀ ਦਾ ਫ਼ੈਸਲਾ ਹੋ ਗਿਆ ਹੈ। ਮੈਂ ਪਾਰਟੀ ਤੋਂ ਅੱਡ ਥੋੜਾ ਹਾਂ। ਅਸੀਂ ਮੋਦੀ ਸਰਕਾਰ ਨਾਲ ਹਾਂ।" ਦੱਸਣਯੋਗ ਹੈ ਕਿ ਸੰਸਦ ਅੰਦਰ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਤਬਦੀਲ ਕਰਨ 'ਤੇ ਚੱਲ ਰਹੀ ਬਹਿਸ ਅਤੇ ਵੋਟ ਪਾਉਣ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਸੋਧੇ ਜਾ ਰਹੇ ਕਾਨੂੰਨ ਦੇ ਪੱਖ ਵਿੱਚ ਵੋਟ ਪਾਈ ਹੈ।

# ਮੋਗਾ ਦੇ 17 ਦਾਗ਼ੀ ਪੁਲੀਸ ਮੁਲਾਜ਼ਮ ਜਬਰੀ ਸੇਵਾਮੁਕਤ ਕੀਤੇ

**ਮੋਗਾ/ਏਟੀ ਨਿਊਜ਼ :**
ਜ਼ਿਲ੍ਹਾ ਪੁਲੀਸ ਮੁਖੀ ਅਮਰਜੀਤ ਸਿੰਘ ਬਾਜਵਾ ਨੇ ਦਾਗ਼ੀ ਸਰਵਿਸ ਰਿਕਾਰਡ ਵਾਲੇ 17 ਪੁਲੀਸ ਮੁਲਾਜ਼ਮਾਂ ਨੂੰ ਵਿਭਾਗ ਦੀ ਨੌਕਰੀ ਤੋਂ ਜਬਰੀ ਸੇਵਾਮੁਕਤ ਕਰ ਦਿੱਤਾ ਹੈ। ਇਨ੍ਹਾਂ ਮੁਲਾਜ਼ਮਾਂ ਖ਼ਿਲਾਫ਼ ਵਿਭਾਗੀ ਪੜਤਾਲ ਵਿਚ ਡਿਊਟੀ ਤੋਂ ਗ਼ੈਰਹਾਜ਼ਰ ਆਦਿ ਰਹਿਣ ਕਾਰਨ ਸੀਨੀਅਰ ਪੁਲੀਸ ਅਫ਼ਸਰਾਂ ਦੀ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਉੱਤੇ ਫ਼ੈਸਲਾ ਲਿਆ ਗਿਆ ਹੈ। ਜਬਰੀ ਸੇਵਾਮੁਕਤ ਕੀਤੇ ਗਏ 17 ਪੁਲੀਸ ਮੁਲਾਜ਼ਮਾਂ ਵਿਚ 7 ਏਐੱਸਆਈ (ਲੋਕਲ ਰੈਂਕ) ਹਨ। ਇਨ੍ਹਾਂ ਵਿਚੋਂ ਬਹੁਤੇ ਮੁਲਾਜ਼ਮਾਂ ਦੀ ਉਮਰ 45 ਤੋਂ 55 ਸਾਲ ਤੱਕ ਹੈ।

# ਕਾਂਗਰਸ ਦੀ ਅੰਤ੍ਰਿਮ ਪ੍ਰਧਾਨ ਬਣੀ ਸੋਨੀਆ ਗਾਂਧੀ

**ਨਵੀਂ ਦਿੱਲੀ/ਏਟੀ ਨਿਊਜ਼ :** ਸੋਨੀਆ ਗਾਂਧੀ ਨੂੰ ਕਾਂਗਰਸ ਦਾ ਅੰਤ੍ਰਿਮ ਪ੍ਰਧਾਨ ਬਣਾਇਆ ਗਿਆ ਹੈ, 20 ਮਹੀਨਿਆਂ ਤੋਂ ਬਾਅਦ ਉਨ੍ਹਾਂ ਦੀ ਵਾਪਸੀ ਹੋਈ ਹੈ। ਬੀਤੇ ਸਨਿਚਰਵਾਰ ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਦਿਨ ਦੀ ਹੋਈ ਦੂਸਰੀ ਬੈਠਕ ਦੌਰਾਨ ਰਾਹੁਲ ਗਾਂਧੀ ਦਾ ਅਸਤੀਫ਼ਾ ਸਵੀਕਾਰ ਕਰਨ ਤੋਂ ਬਾਅਦ ਇਹ ਐਲਾਨ ਕੀਤਾ ਗਿਆ। ਕਾਂਗਰਸ ਵਰਕਿੰਗ ਕਮੇਟੀ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਇਕ ਮਤੇ ਅਨੁਸਾਰ ਸੋਨੀਆ ਤਦ ਤੱਕ ਪਾਰਟੀ ਦੀ ਅੰਤ੍ਰਿਮ ਪ੍ਰਧਾਨ ਬਣੀ ਰਹੇਗੀ, ਜਦ ਤੱਕ ਪਾਰਟੀ ਦਾ ਨਿਯਮਤ ਪ੍ਰਧਾਨ ਨਹੀਂ ਚੁਣਿਆ ਜਾਂਦਾ।

# ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ

ਸਰਵਜੀਤ ਸਿੰਘ ਸੈਕਰਾਮੈਂਟੋ

## ਭਾਗ ਦੂਜਾ

ਡਾ. ਕਿਰਪਾਲ ਸਿੰਘ ਜੀ ਲਿਖਦੇ ਹਨ,ਇਕ ਸਿਧਾਂਤ ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਨਮ ਸਾਖੀ ਹੰਦਾਲੀਆਂ ਨੇ ਹੀ ਲਿਖਵਾਈ ਹੈ, ਇਹ ਹੈ ਕਿ ਇਸ ਵਿੱਚ ਪੰਜਾਂ ਸਾਖੀਆਂ ਵਿੱਚ ਹੰਦਾਲ ਦਾ ਜਨਮ ਹੋਣਾ ਗੁਰੂ ਨਾਨਕ ਸਾਹਿਬ ਦੇ ਮੂੰਹੋਂ ਦੱਸਿਆ ਗਿਆ ਹੈ'। (ਮੁਖ ਬੰਦ ਪੰਨਾ 20)

(ੳ) ਪ੍ਰਹਿਲਾਦ ਭਗਤ ਵਾਲੀ

(ਅ) ਧਰੂ ਭਗਤ ਵਾਲੀ

(ੲ) ਸਿੱਧਾਂ ਵਾਲੀ ਸਾਖੀ

(ਸ) ਪੰਡਤ ਦੀਨਾ ਨਾਥ ਵਾਲੀ ਸਾਖੀ

(ਹ) ਘੋਟੇ ਜੱਟ ਵਾਲੀ ਸਾਖੀ

ਬਾਲੇ ਵਾਲੀ ਜਨਮ ਸਾਖੀ ਬਾਰੇ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਦਾ ਤੱਤ ਸਾਰ, ਪਾਠਕ ਜੀ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਜਾਅਲੀ ਹੈ, ਝੂਠੀ ਹੈ, ਬਨਾਉਟੀ ਹੈ, ਨਿੰਦਿਆ ਨਾਲ ਭਰੀ ਪਈ ਹੈ, ਸੁਨਣ ਦੇ ਯੋਗ ਨਹੀ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ, ਏਸ ਨੂੰ ਬੰਨ੍ਹ ਕੇ ਅਜਿਹੇ ਥਾਂ ਪੁਚਾਉਣਾ ਚਾਹੀਂਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ। (ਕੱਤਕ ਕਿ ਵਿਸਾਖ- ਪੰਨਾ 131)।

ਪੁਰਾਤਨ ਜਨਮ ਸਾਖੀਆਂ, ਪੋਥੀ ਸੱਚ ਖੰਡ (1619 ਈ:), ਜਨਮ ਪਤ੍ਰੀ ਬਾਬੇ ਜੀ ਕੀ (1597 ਈ:) ਅਤੇ ਸਾਖੀ ਮਹਿਲ ਪਹਿਲੇ ਕੀ (1574 ਈ:) ਵਿੱਚ ਕਿਤੇ ਵੀ ਭਾਈ ਬਾਲੇ ਦਾ, ਗੁਰੂ ਨਾਨਕ ਜੀ ਦੇ ਨਿਕਟਵਰਤੀ ਵਜੋਂ ਜਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ। ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਇਸ ਜਨਮਸਾਖੀ ਦੇ ਆਰੰਭ ਵਿੱਚ ਲਿਖੀ ਤਾਰੀਖ ਇਸ ਨੂੰ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੱਗ ਭੱਗ 14 ਸਾਲ ਪਹਿਲਾ ਦੀ ਲਿਖੀ ਦੱਸ ਰਹੀ ਹੈ। ਇਸ ਦੇ ਆਰੰਭ ਵਿਚ ਲਿਖਿਆ ਸਾਲ (1582) ਅਤੇ ਅੰਤ ਵਿੱਚ ਦਰਜ ਇਸ ਦੇ ਲਿਖੇ ਜਾਣ ਦੇ ਸਾਲ (1715) ਵਿੱਚ 133 ਸਾਲ ਦਾ ਫਰਕ ਹੈ। "ੴ ਸਤਿਗੁਰ ਪ੍ਰਸਾਦਿ ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ - ਸੰਮਤ 1582 ਪੰਦ੍ਰਹ ਸੈ ਬਿਆਸੀਆਂ ਮਿਤੀ ਵੈਸਾਖ ਸੁਦੀ ਪੰਚਮੀਂ ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ ਗੁਰੂ ਅੰਗਦ ਲਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌ ਡੂਢਿ ਕੈ ਲਧਾ ਆਹਾ॥ ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਅਹੇ। ਜੋ ਹਕੀਕਤ ਜਿਥੇ ਜਿਥੇ ਫਿਰੇ ਆਹੈ ਤਿਥੋ ਤਿਥੋ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਖਾਈ। ਬਾਲੇ ਉਪਰਿ ਗੁਰੂ ਅੰਗਦ ਬਹੁਤੁ ਖੁਸੀ ਹੋਇਆ।"

ਸਭ ਤੋਂ ਮਹੱਤਵਪੂਰਨ ਸਵਾਲ ਹੈ, ਕਿ ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਬਾਲੇ ਨੂੰ ਪੁੱਛਣਾ,"ਭਾਈ ਸਿਖਾ ਕਿਥੋਂ ਆਇਓ ਸੁ ਕਿਵ ਕਰਿ ਆਵਣ ਹੋਇਆ ਹੈ। ਕਉਣ ਹੁੰਦੇ ਹੋ?" ਹੈਰਾਨੀ ਦੀ ਗੱਲ ਹੈ ਕਿ ਗੁਰੂ ਅੰਗਦ ਦੇਵ ਜੀ ਭਾਈ ਬਾਲੇ ਨੂੰ ਨਹੀਂ ਜਾਣਦੇ ਸਨ ਅਤੇ ਭਾਈ ਬਾਲਾ ਗੁਰੂ ਅੰਗਦ ਸਾਹਿਬ ਨੂੰ ਨਹੀਂ ਸੀ ਜਾਣਦਾ। ਭਾਈ ਬਾਲੇ ਦੀ ਜਨਮ ਸਾਖੀ ਦੇ ਅਰੰਭਕ ਸ਼ਬਦ ਇਹ ਗੱਲ ਸਪਸ਼ਟ ਕਰ ਦੇਂਦੇ ਹਨ,"ਬਾਲੇ ਸੰਧੂ ਨੂੰ ਏਹਾ ਚਾਹ ਸੀ ਜੇ ਗੁਰੂ ਪਰਗਟ ਹੋਵੈ ਤਾਂ ਦਰਸਨਿ ਜਾਈਐ॥ ਬਾਲੇ ਸੰਧੂ ਸੁਣਿਆ, ਜੋ ਗੁਰੂ ਨਾਨਕ ਇਕ ਖਤਰੇਟਾ ਅੰਗਦੁ ਹੈ, ਉਸ ਨੇ ਥਾਪਿ ਚੱਲਿਆ ਹੈ। ਜਾਤਿ ਤਿਰਹੁਨ ਹੈ, ਪਰ ਜਾਣੀਦਾ ਨਹੀਂ ਕੇਹੜੇ ਥਾਉਂ ਛਪਿ ਬੈਠਾ ਹੈ। ਖਬਰ ਸੁਣੀ ਖਡੂਰ ਖਹਿਰਿਆਂ ਦੀ ਵਿਚਿ ਬੈਠਾ ਹੈ। ਏਹੁ ਸੁਣਿ ਕੈ ਬਾਲਾ ਸੰਧੂ ਗੁਰੂ ਅੰਗਦ ਦੇ ਦਰਸਨਿ ਆਇਆ ਜੋ ਕਿਛੁ ਸਕਤਿ ਆਹੀ ਸੋ ਭੇਟ ਲੈ ਆਇਆ, ਢੂਢਲਧੋਸੁ॥ ਅਗੈ ਦੇਖੈ ਤਾਂ ਗੁਰੂ ਅੰਗਦ ਬੈਠਾ ਬਾਣੂ ਵਟਦਾ ਹੈ। ਬਾਲੇ ਸੰਧੂ ਜਾਇ ਮੱਥਾ ਟੇਕਿਆ ਅਗੋਂ ਗੁਰੂ ਅੰਗਦੁ ਬੋਲਿਆ, ਆਉ ਭਾਈ, ਸਤਿ ਕਰਤਾਰ, ਬੈਠੋ ਜੀ।'

ਗੁਰੂ ਅੰਗਦ ਵਾਣੁ ਵਟਣੇ ਰਹਿ ਗਇਆ॥ ਗੁਰੂ ਅੰਗਦ ਬਾਲੇ ਨੂੰ ਪੁੱਛਣਾ ਕੀਤਾ, ਭਾਈ ਸਿਖ, ਕਿੱਥੋਂ ਆਇਓ॥ ਕਿਉ ਕਰਿ ਆਵਣ ਹੋਇਆ ਹੈ, ਕਉਣ ਹੋ ਕੇ ਹੋ ਤਾਂ ਬਾਲੇ ਸੰਧੂ ਹਥਿ ਜੋੜੇ, ਗੁਰੂ ਜੀ ਹੋਂਦਾ ਹਾਂ ਜਟੇਟਾ, ਨਾਉਂ ਹੈ ਬਾਲਾ, ਗੋਤ ਸੰਧੂ, ਵਤਨ ਰਾਇ ਭੋਇ ਦੀ ਤਲਵੰਡੀ ਹੈ।"




ਹੈਰਾਨੀ ਦੀ ਗੱਲ ਹੈ ਕਿ ਕੱਤਕ ਦੀ ਪੁੰਨਿਆ ਦੇ ਹਮਾਇਤੀ ਵੀ, ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ ਨੂੰ ਕੋਈ ਮਾਨਤਾ ਦੇਣ ਨੂੰ ਤਿਆਰ ਨਹੀਂ ਹੈ।

ਈਸ਼ਰ ਸਿੰਘ ਨਾਰਾ, 'ਵੈਸਾਖ ਨਹੀਂ ਕੱਤਕ' (1970 ਈ) ਵਿਚ ਲਿਖਦਾ ਹੈ, "ਸ਼ਾਬਾਸ਼ ਹੈ! ਸਰਦਾਰ ਸੋਹਣ ਸਿੰਘ (ਐਡੀਟਰ ਪੰਜ ਦਰਿਆ ਜਲੰਧਰ) ਨੂੰ, ਜਿਨ੍ਹਾਂ ਨੇ ਬੜੇ ਹੀ ਸਪੱਸ਼ਟ ਸ਼ਬਦਾਂ ਵਿਚ ਪੜਤਾਲ ਮਗਰੋਂ ਸਚਾਈ ਨੂੰ ਲਿਖਿਆ ਸੀ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਵਲਾਇਤ ਵਾਲੀ ਜਨਮਸਾਖੀ, ਨਾ ਭਾਈ ਬਾਲੇ ਵਾਲੀ ਜਨਮ ਸਾਖੀ ਭਾਈ ਬਾਲੇ ਦੀ ਲਿਖੀ ਹੋਈ ਹੈ ਅਤੇ ਨਾ ਹੀ ਵਲੈਤ ਵਾਲੀ ਜਨਮਸਾਖੀ ਕਿਸੇ ਵਲੈਤੀ ਆਦਮੀ ਦੀ। ਇਨਾਂ ਦੇ ਲੇਖਕਾਂ ਦਾ ਸਾਨੂੰ ਕੋਈ ਪਤਾ ਨਹੀਂ ਲਗਦਾ, ਜੋ ਜਨਮਸਾਖੀ ਅੱਜ ਕੱਲ ਛਪ ਚੁਕੀ ਹੈ, ਇਸ ਦੀ ਲੇਖਣੀ ਬੜੀ ਸਰਲ ਤੇ ਸੁਆਦਲੀ ਹੈ। ਸੁਣੀਆਂ-ਸੁਣਾਈਆਂ ਸਾਖੀਆਂ ਕਿਸੇ ਸੱਤ ਪੁਰਸ਼ ਨੇ ਆਪਣੀ ਵਿੱਤ ਤੇ ਸਮਝ ਦੇ ਅਨੁਸਾਰ ਅੰਕਿਤ ਕਰ ਦਿੱਤੀਆਂ ਹਨ।" (ਰਾਸਾਲਾ ਪੰਜ ਦਰਿਆ ਸ੍ਰੀ ਗੁਰੂ ਨਾਨਕ ਸ਼ਾਹੀ 479 ਮਹੀਨਾ ਮੱਘਰ। (ਨਵੰਬਰ 1948 ਈ) - ਪੰਨਾ 79)।

ਡਾ. ਤ੍ਰਿਲੋਚਨ ਸਿੰਘ ਜੀ ਲਿਖਦੇ ਹਨ, "ਪੱਥਰ ਦੇ ਛਾਪੇ ਦੀਆਂ ਜੋ ਜਨਮ ਸਾਖੀਆਂ 1864 ਈ. ਵਿਚ ਛਪੀਆਂ, ਉਨ੍ਹਾਂ ਤੋਂ ਉਪ੍ਰੰਤ ਜਿੰਨੀਆਂ ਬਾਲੇ ਦੀਆਂ ਜਨਮ ਸਾਖੀਆਂ ਬਾਲੇ ਦੇ ਨਾਮ 'ਤੇ ਅੰਮ੍ਰਿਤਸਰ ਜਾਂ ਲਾਹੌਰ ਛਪੀਆਂ ਉਹ ਬੇਹੱਦ ਬਿਗੜੇ ਹੋਏ ਰੂਪ ਵਿੱਚ, ਅੱਜ ਕੱਲ ਦੀ ਪੰਜਾਬੀ ਵਿਚ ਵਾਧੇ ਘਾਟੇ ਕਰ ਕੇ ਤੇ ਸਰਲ ਕਰ ਕੇ ਛਾਪੀਆਂ ਗਈਆਂ ਹਨ, ਇਨ੍ਹਾਂ ਨੂੰ ਉਕਾ ਹੀ ਪਰਮਾਣਿਕ ਨਹੀਂ ਮੰਨਣਾ ਚਾਹੀਦਾ। ਪਰ ਅੱਜ ਕੱਲ੍ਹ ਲਾਇਬ੍ਰੇਰੀਆਂ ਵਿਚ ਅਨੇਕਾਂ ਪੁਰਾਣੇ ਬਹੁਤ ਹੱਦ ਤਕ ਚੰਗੇ ਖਰੜੇ ਪ੍ਰਾਚੀਨ ਬਾਲੇ ਵਾਲੀ ਜਨਮਸਾਖੀ ਦੇ ਮਿਲਦੇ ਹਨ।" (ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ ਜੀ, ਪੰਨਾ 436)।

ਮਨੀ ਸਿੰਘ ਵਾਲੀ ਜਨਮ ਸਾਖੀ ਬਾਰੇ ਡਾ. ਤ੍ਰਿਲੋਚਨ ਸਿੰਘ ਲਿਖਦਾ ਹੈ, "ਇਵੇਂ ਹੀ ਜਨਮ ਦਿਨ ਕਈ ਖਰੜਿਆਂ ਵਿੱਚ ਕੱਤਕ ਤੋਂ ਬਦਲ ਕੇ ਵੈਸਾਖ ਸੁਦੀ ਤੀਜ ਕਰ ਦਿੱਤਾ ਹੈ। ਪੱਥਰ ਦੇ ਛਾਪੇ ਦੀ 1892 ਈ. ਵਿੱਚ ਛਪੀ ਜਨਮਸਾਖੀ ਭਾਈ ਮਨੀ ਸਿੰਘ ਦੇ ਵਿੱਚ ਗੁਰੂ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਿੱਤਾ ਹੈ। ਇਸ ਵਿੱਚ ਲਿਖਿਆ ਹੈ, "ਭਾਵੇਂ ਭਾਈ ਮਨੀ ਸਿੰਘ ਦੀਆਂ ਕਈ ਜਨਮ ਸਾਖੀਆਂ ਵਿਚ ਵੈਸਾਖ ਦਾ ਮਹੀਨਾ ਲਿਖਿਆ ਹੈ, ਪ੍ਰੰਤੂ ਭਾਰੀ ਬਹਿਸ ਕਰਨ ਨਾਲ ਅਰ ਐਸੀ ਰੀਤੀ ਦੁਵਾਰਾ ਕਿ ਜਿਸ ਨੂੰ ਕੋਈ ਸਿੰਘ ਜਾਂ ਸਿੱਖ ਮੰਨਣ ਤੋਂ ਇਨਕਾਰ ਨਹੀਂ ਕਰ ਸਕਦਾ; ਉਹ ਇਹ ਕਿ ਗੁਰੂ ਗ੍ਰੰਥ ਦੇ ਹਜ਼ੂਰ ਚਿੱਠੀਆਂ ਪਾ ਕੇ ਕੱਤਕ ਦਾ ਮਹੀਨਾ ਸਿੱਧ ਹੋਇਆ, ਅਰ ਸਰਕਾਰ ਗਵਰਨਮੈਂਟ ਨੇ ਵੀ ਇਹੋ ਦਿਨ ਨਿਸ਼ਚਿਤ ਕਰਕੇ ਖਾਲਸੇ ਲਈ ਛੁੱਟੀ ਦੇਣੀ ਪ੍ਰਵਾਨ ਕੀਤੀ ਹੈ। ਇਸ ਲਈ ਵੈਸਾਖ ਦੀ ਥਾਂ ਕੱਤਕ ਸ਼ੁਧ ਸਮਝਣਾ ਚਾਹੀਏ।" (ਪੰਨਾ 440)।

ਡਾ. ਕਿਰਪਾਲ ਸਿੰਘ ਨੇ ਅਜੇਹਾ ਹੀ ਲਿਖਿਆ ਹੈ ਅਤੇ ਤਾਰੀਖ ਬਦਲੀ ਕਰਨ ਦਾ ਖੰਡਨ ਕੀਤਾ ਹੈ। ( ਪੰਨਾ 330)।

ਦੂਜੇ ਪਾਸੇ ਡਾ ਸੁਰਿੰਦਰ ਸਿੰਘ ਕੋਹਲੀ ਲਿਖਦਾ ਹੈ, "ਬਾਲੇ ਵਾਲੀ ਜਨਮਸਾਖੀ ਦੀ ਇਕ ਹੱਥ ਲਿਖਤ ਰਾਓ ਉਤਮ ਸਿੰਘ ਪਾਸ ਸੰਗਰੂਰ ਵਿਚ ਉਪਲੱਬਧ ਹੈ।" ਉਸ ਹੱਥ ਲਿਖਤ ਦੇ ਪੱਤਰਾ ਨੰ: 5 ਉਤੇ ਹੇਠ ਲਿਖੀ ਇਬਾਰਤ ਦਰਜ ਹੈ।

"ਵੈਸਾਖ ਤ੍ਰਿਤੀਆ ਚਾਨਣ ਕੋ ਗੁਰੂ ਬਾਬੇ ਨਾਨਕ ਜਨਮ ਲੀਆ ਸਵਾ ਪਹਿਰ ਰਾਤਿ ਪਿਛਲੀ ਰਹਿੰਦੀ ਕੋ ਅੰਮ੍ਰਿਤ ਵੇਲੇ ਜਨਮ ਲੀਆ ਸੰਮਤ ਪੰਦਰਾਂ ਸੈ ਛੱਬੀ...", ਉਪ੍ਰੋਕਤ ਹੱਥ ਲਿਖਤ ਸੰਮਤ 1826 ਬਿਕ੍ਰਮੀ ਅਰਥਾਤ 1769 ਈ: ਦੀ ਹੈ। ਅਠ੍ਹਾਰਵੀਂ ਸਦੀ ਦੇ ਦੂਜੇ ਅੱਧ ਦੀ ਬਾਲੇ ਦੀ ਹੱਥ ਲਿਖਤ ਵਿਚ ਵੈਸਾਖ ਸੁਦੀ ਤ੍ਰਿਤੀਆ ਸੰਮਤ 1526 ਬਿ: ਲਿਖਿਆ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਮਿਤੀ ਇਹ ਹੀ ਪ੍ਰਮਾਣਿਕ ਹੈ। (ਜਨਮਸਾਖੀ ਭਾਈ ਬਾਲਾ 1975 ਈ:, ਪੰਨਾ 19)।

ਡਾ. ਦਿਲਗੀਰ ਜੀ ਇਸ ਨੂੰ ਸਪੱਸ਼ਟ ਸ਼ਬਦਾਂ 'ਚ ਰੱਦ ਕਰਦੇ ਹਨ। ਦਿਲਗੀਰ ਜੀ ਦੇ ਬਚਨ,"ਇਥੇ ਭਾਈ ਬਾਲੇ ਵਾਲੀ ਜਨਮਸਾਖੀ ਦੀ ਗੱਲ ਕਰਨੀ ਵੀ ਬਣਦੀ ਹੈ। ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀ ਤਵਾਰੀਖ਼ ਲਿਖਵਾਈ ਸੀ। ਇਹ ਵੱਖਰੀ ਗੱਲ ਹੈ ਕਿ ਜੰਗਾਂ ਤੇ ਜ਼ੁਲਮਾਂ ਦੀ ਹੰਗਾਮੀ ਹਾਲਤ ਕਾਰਨ ਸਿੱਖ ਕੌਮ ਉਸ ਤਵਾਰੀਖ਼ (ਅਸਲ ਜਨਮਸਾਖੀ) ਨੂੰ ਸੰਭਾਲ ਨਹੀਂ ਸਕੀ, ਜਿਹੜੀ 'ਭਾਈ ਬਾਲੇ ਵਾਲੀ ਜਨਮ ਸਾਖੀ' ਅੱਜ ਮਿਲਦੀ ਹੈ, ਉਹ ਅਸਲੀ ਜਨਮ ਸਾਖੀ ਵਿਚ ਜੰਡਿਆਲਾ ਕਸਬੇ ਦੇ ਹੰਦਾਲੀਆਂ (ਬਿਧੀ ਚੰਦੀਆਂ) ਵੱਲੋਂ ਮਿਲਾਏ ਗਏ ਖੋਟ ਨਾਲ ਭਰਪੂਰ ਹੈ, ਉਨ੍ਹਾਂ ਕੋਲ ਅਸਲ ਜਨਮ ਸਾਖੀ ਮੌਜੂਦ ਸੀ ਜਿਸ ਨੂੰ ਉਨ੍ਹਾਂ ਨੇ ਵਿਗਾੜ ਕੇ ਤੇ ਉਸ ਵਿਚ ਖੋਟ ਸ਼ਾਮਿਲ ਕਰ ਕੇ, ਅਸਲ ਜਨਮ ਸਾਖੀ ਕਹਿ ਕੇ ਪ੍ਰਚਾਰਿਆ। ਪਰ, ਅਜੇਹਾ ਜਾਪਦਾ ਹੈ ਕਿ ਜਦ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਲਿਖੀ ਤਾਂ ਉਨ੍ਹਾਂ ਕੋਲ ਉਹ ਜਨਮਸਾਖੀ ਅਜੇ ਮੌਜੂਦ ਸੀ ਕਿਉਂਕਿ ਉਸ ਤੋਂ ਬਿਨਾ ਬਾਈ ਗੁਰਦਾਸ ਉਸ ਵਿਚ ਏਨੀ ਤਫ਼ਸੀਲ ਨਹੀਂ ਸਨ ਦੇ ਸਕਦੇ।

ਹੁਣ ਜਦੋਂ ਡਾ. ਦਿਲਗੀਰ ਜੀ ਨੇ ਬਾਲੇ ਦੀ ਜਨਮ ਸਾਖੀ ਨੂੰ ਰੱਦ ਕਰ ਦਿੱਤਾ ਤਾਂ ਆਪਣੀ ਦਲੀਲ ਨੂੰ ਸਹੀ ਸਾਬਤ ਕਰਨ ਲਈ ਇਕ ਹੋਰ ਜਨਮ ਸਾਖੀ, 'ਭਾਈ ਬਾਲੇ ਵਾਲੀ ਅਸਲੀ ਜਨਮ ਸਾਖੀ' ਪੈਦਾ ਕਰ ਲਈ। ਡਾ. ਦਿਲਗੀਰ ਜੀ ਦੀ ਖੋਜ ਮੁਤਾਬਕ ਇਹ ਬਾਲਾ ਖਡੂਰ ਦਾ ਵਾਸੀ ਸੀ।

ਹੈਰਾਨੀ ਦੀ ਗੱਲ ਹੈ ਕਿ ਡਾ. ਦਿਲਗੀਰ ਜੀ ਨੇ ਆਪਣੀ ਨਵੀਂ ਖੋਜ ਦਾ ਕੋਈ ਵੇਰਵਾ ਨਹੀਂ ਦਿੱਤਾ ਬਲਕਿ ਆਪ ਜੀ ਨੇ ਸਿਰਫ ਏਨਾ ਹੀ ਲਿਖਿਆ ਹੈ, "ਇਥੇ ਭਾਈ ਬਾਲੇ ਵਾਲੀ ਜਨਮ ਸਾਖੀ ਦੀ ਗੱਲ ਕਰਨੀ ਵੀ ਬਣਦੀ ਹੈ। ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀ ਤਵਾਰੀਖ਼ (ਜਨਮ ਸਾਖੀ) ਲਿਖਵਾਈ ਸੀ। ਇਹ ਵਖਰੀ ਗੱਲ ਹੈ ਕਿ ਜੰਗਾਂ ਤੇ ਜ਼ੁਲਮਾਂ ਦੀ ਹੰਗਾਮੀ ਹਾਲਤ ਕਾਰਨ ਸਿੱਖ ਕੌਮ ਉਸ ਤਵਾਰੀਖ਼ (ਅਸਲ ਜਨਮ ਸਾਖੀ) ਨੂੰ ਸੰਭਾਲ ਨਹੀਂ ਸਕੀ।"

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਭਾਈ ਮਰਦਾਨਾ ਜੀ ਦਾ ਤਾਂ ਜ਼ਿਕਰ ਕੀਤਾ ਹੈ, ਭਾਈ ਬਾਲੇ ਦਾ ਨਹੀ।

ਫਿਰਿ ਬਾਬਾ ਗਿਆ ਬਗਦਾਦ ਨੋ ਬਹਾਰ ਜਾਇ ਕੀਆ ਅਸਥਾਨਾ॥

ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ॥ (ਵਾਰ1)

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।। (ਵਾਰ 11)

ਡਾ. ਇੰਦਰਜੀਤ ਸਿੰਘ ਗੋਗੋਆਣੀ ( ਜੁਲਾਈ 2015 ਈ:)।

ਡਾ ਸੁਖਦਿਆਲ ਸਿੰਘ ਲਿਖਦਾ ਹੈ, (ਜੀਵਨ ਇਤਿਹਾਸ ਗੁਰੂ ਨਾਨਕ ਸਾਹਿਬ,-- ਮਾਰਚ 2019) ਕਿ ਜਨਮਸਾਖੀ ਪਰੰਪਰਾ ਵਿਚ ਜਿਹੜੀ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਜਨਮਸਾਖੀ ਆਉਂਦੀ ਹੈ, ਉਹ ਹੈ ਭਾਈ ਬਾਲੇ ਵਾਲੀ ਜਨਮਸਾਖੀ।.. ਇਸ ਜਨਮਸਾਖੀ ਨੂੰ ਖਡੂਰ ਵਿਖੇ ਬੈਠ ਕੇ ਦੋ ਮਹੀਨੇ 17 ਦਿਨਾਂ ਵਿਚ ਲਿਖ ਕੇ ਪੂਰਾ ਕੀਤਾ ਗਿਆ ਸੀ। ਇਹ ਸਮਾਂ 1540 ਈ: ਦਾ ਸੀ। ...ਇਹ ਸਾਰੀਆਂ ਗੱਲਾਂ ਇਸ ਜਨਮਸਾਖੀ ਦੇ ਮੁੱਢ ਵਿਚ ਦਿੱਤੀ ਗਈ ਭੂਮਿਕਾ, ਜਿਸ ਨੂੰ ਪ੍ਰਸਤਾਵਨਾ ਵੀ ਕਿਹਾ ਜਾ ਸਕਦਾ ਹੈ, ਵਿਚ ਦਿੱਤੀਆਂ ਗਈਆਂ ਹਨ।... ਭਾਈ ਬਾਲੇ ਵਾਲੀ ਇਸ ਪਰਮ-ਪਵਿੱਤਰ ਜਨਮਸਾਖੀ ਨੂੰ ਸਮੇਂ ਦੀ ਨਜ਼ਰ ਲੱਗ ਗਈ ਸੀ। ਪਹਿਲੀ ਵਿਰੋਧਤਾ ਸਿੱਖ ਸਮਾਜ ਵਿਚੋਂ ਹੀ ਐਸੇ ਵਿਅਕਤੀਆਂ ਵੱਲੋਂ ਹੋਣੀ ਸ਼ੁਰੂ ਹੋਈ ਸੀ ਜਿਨ੍ਹਾਂ ਨੂੰ ਆਪਹੁਦਰੀਆਂ ਕਾਰਵਾਈਆਂ ਕਰਨ ਕਰਕੇ ਸਿੱਖ ਸਮਾਜ ਅਤੇ ਧਰਮ ਵਿਚੋਂ ਛੇਕ ਦਿੱਤਾ ਗਿਆ ਸੀ।...ਇਸ ਤਰ੍ਹਾਂ ਭਾਈ ਬਾਲੇ ਵਾਲੀ ਜਨਮਸਾਖੀ ਦਾ ਮੂੰਹ-ਮੱਥਾ ਸਾਰਾ ਹੀ ਵਿਗਾੜ ਦਿੱਤਾ ਗਿਆ ਸੀ। ਹੰਦਾਲੀਆਂ ਦੇ ਹੱਕ ਦੀਆਂ ਅਤੇ ਗੁਰੂ ਨਾਨਕ ਸਾਹਿਬ ਦੇ ਕਿਰਦਾਰ ਨੂੰ ਖ਼ਰਾਬ ਕਰਨ ਵਾਲੀਆਂ ਸਾਖੀਆਂ ਪਾਈਆਂ ਗਈਆਂ ਸਨ। ਇਸ ਤਰ੍ਹਾਂ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਐਸੀ ਰਚਨਾ ਬਣਾ ਦਿੱਤਾ ਗਿਆ ਸੀ ਜਿਵੇਂ ਕਿ ਉਹ ਗੁਰੂ ਘਰ ਦੀ ਵਿਰੋਧੀ ਲਿਖਤ ਹੁੰਦੀ ਹੋਵੇ।'

ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਜਿਹੜੀ ਭੂਮਿਕਾ ਦਿੱਤੀ ਗਈ ਹੈ, ਜਿਸ ਵਿਚ ਇਸ ਨੂੰ ਲਿਖੇ ਜਾਣ ਦੀ ਜਾਣਕਾਰੀ ਦਿੱਤੀ ਗਈ ਹੈ, ਉਹ ਆਪਣੇ ਆਪ ਵਿਚ ਬੇਮਿਸਾਲ ਅਤੇ ਵਿਸ਼ਵਾਸ ਕਰਨ ਯੋਗ ਹੈ।

ਲਓ, ਪਹਿਲਾਂ ਇਸ ਦੀ ਉਹ ਭੂਮਿਕਾ ਪੜ੍ਹੋ; ਅਗੈ ਵੇਖੇ ਕਿਆ, ਗੁਰੂ ਅੰਗਦ ਜੀ ਵਾਣ ਵਟਦਾ ਬੈਠਾ ਹੈ। ਤਾਂ ਬਾਲੇ ਸੰਧੂ ਜਾਇ ਮਥਾ ਟੇਕਿਆ। ਤਾਂ ਅਗੋਂ ਗੁਰੂ ਅੰਗਦ ਆਖਿਆ, ਆਓ ਭਾਈ ਸਤਿ ਕਰਤਾਰ। ਬੈਠੀਏ ਜੀ। ਗੁਰੂ ਅੰਗਦ ਰਸੇ ਵਟਣੋਂ ਰਹਿ ਗਿਆ। ਬਾਲੇ ਨੂੰ ਪੁਛਣਿ ਲਗਾ, ਭਾਈ ਸਿਖਾਂ ਕਿਥੋਂ ਆਇਆ। ਕਿਉਂ ਕਰ ਆਵਣਾ ਹੋਇਆ। ਅਰ ਕਵਣ ਹੋਂਦੇ ਹੋਂ। ਬਾਲੇ ਸੰਧੂ ਹਥਿ ਜੋੜ ਕਰਿ ਅਰਦਾਸਿ ਕੀਤੀ : ਜੀ ਗੁਰੂ ਜੀ ਜਟੇਟਾ ਹੁੰਦਾ ਹਾਂ। ਗੋਤ੍ਰ ਸੰਧੂ। ਬਾਲਾ ਨਾਉਂ ਹੈ।...ਫਿਰ ਗੁਰੂ ਅੰਗਦ ਪੁਛਿਆ : ਭਾਈ ਬਾਲਾ ਤੁਹਿ ਗੁਰੂ ਨਾਨਕ ਡਿਠਾ ਸੀ? ਫਿਰ ਬਾਲੇ ਕਹਿਆ, ਜੀ ਮੈਥੋਂ ਤ੍ਰੈ ਵਰ੍ਹੇ ਗੁਰੂ ਨਾਨਕ ਜੀ ਵੱਡਾ ਸੀ।...ਇਤਨੀ ਮੈਂ ਸੁਣਦਾ ਸੀ ਅਤੇ ਜੀ ਹੋਰ ਭੀ ਸੁਣੀਦੀ ਸੀ ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ ਸੰਮਤ 1592 ਬਿ. (1535 ਈ.) ਮਿਤੀ ਵੈਸਾਖ ਸੁਦੀ ਪੰਚਮੀ। ਫਿਰਿ ਗੁਰੂ ਅੰਗਦ ਕਹਿਆ, ਭਾਈ ਬਾਲਾ ਕਿਵੇਂ ਜਨਮ ਪਤ੍ਰੀ ਭੀ ਹਥਿ ਆਵੇ। (ਪੰਨਾ 48) (ਮੂਲ ਪਾਠ ਕੋਹਲੀ ਵਾਲਾ ਹੈ। ਖਰੜਾ 863 ਪੰਜਾਬ ਯੂਨੀ:)।

ਡਾ ਸੁਖਦਿਆਲ ਸਿੰਘ (ਜੀਵਨ ਇਤਿਹਾਸ ਗੁਰੂ ਨਾਨਕ ਸਾਹਿਬ,-- ਮਾਰਚ 2019)।

ਪਹਿਲਾ ਆਲੋਚਕ ਕੌਣ?

ਸੈਦੋ ਜੱਟ, ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ, ਰਤਨ ਸਿੰਘ ਭੰਗੂ, ਬਾਬਾ ਗਣੇਸ਼ਾ ਸਿੰਘ ਬੇਦੀ, ਗਿਆਨੀ ਗਿਆਨ ਸਿੰਘ, ਪ੍ਰੋ. ਗੁਰਮੁਖ ਸਿੰਘ, ਕਰਮ ਸਿੰਘ ਹੇਸਟੋਰੀਅਨ ਮੁਤਾਬਕ ਇਹ ਭੂਮਿਕਾ 1540 ਈ: ਵਿਚ ਗੁਰੂ ਅੰਗ ਦੇਵ ਜੀ ਦੀ ਹਜ਼ੂਰੀ ਲਿਖੀ ਗਈ।

"ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਥ੍ਰੀ ਲਿਖਾਈ ਸੰਮਤ 1592 ਬਿ. (1535 ਈ.) ਮਿਤੀ ਵੈਸਾਖ ਸੁਦੀ ਪੰਚਮੀ।" ਜੇ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਤਾਂ ਜਨਮ ਪੱਤਰੀ ਤਾਂ ਮੱਘਰ ਵਦੀ ਦੂਜ-ਤੀਜ ਨੂੰ ਲਿਖੀ ਜਾਣੀ ਚਾਹੀਦੀ ਸੀ।

ਗੁਰੂ ਜੀ ਸਵਾਲ ਕਰਦੇ ਹਨ, "ਭਾਈ ਸਿਖਾਂ ਕਿਥੋਂ ਆਇਆ। ਕਿਉਂ ਕਰ ਆਵਣਾ ਹੋਇਆ। ਅਰ ਕਵਣ ਹੋਂਦੇ ਹੋਂ?"

ਕਰਤਾਰਪੁਰ ਦੀ ਸਥਾਪਨਾ: ਦੂਜੇ ਪਾਸੇ ਸੁਖਦਿਆਲ ਸਿੰਘ ਲਿਖ ਰਿਹਾ ਹੈ, ਗੁਰੂ ਨਾਨਕ ਸਾਹਿਬ ਨੇ ਆਪਣੇ ਸਾਥੀਆਂ ਵਿੱਚੋਂ ਚੋਣਵੇਂ ਵਿਦਵਾਨ ਸੱਜਣਾਂ ਨੂੰ ਇਥੇ ਕੰਮ ਕਰਨ ਲਈ ਤਾਇਨਾਤ ਕੀਤਾ ਸੀ। ਭਾਈ ਬਾਲਾ, ਭਾਈ ਭਗੀਰਥ, ਬਾਬਾ ਬੁੱਢਾ, ਭਾਈ ਸਨਮੁਖ, ਭਾਈ ਲਹਿਣਾ, ਸਿਰੀ ਚੰਦ ਅਤੇ ਲੱਖਮੀ ਚੰਦ ਇਥੇ ਕੰਮ ਕਰਦੇ ਸਨ। (ਪੰਨਾ 236)।

ਇਹ ਹਨ ਕੁਝ ਸੱਜਣਾਂ ਵੱਲੋਂ, ਬਾਲੇ ਨੂੰ ਗੁਰੂ ਜੀ ਦਾ ਸਾਥੀ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਨੂੰ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਗਈ ਸਾਬਿਤ ਕਰਨ ਦੇ ਅਸਫਲ ਯਤਨ।

ਉਪ੍ਰੋਕਤ ਤੱਥਾਂ ਦੇ ਅਧਾਰ ਤੇ ਸਹਿਜੇ ਹੀ ਇਸ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਮੌਜੂਦਾ ਜਨਮਸਾਖੀ ਜਾਅਲੀ ਹੈ। ਬਾਲਾ ਇਕ ਫਰਜ਼ੀ ਪਾਤਰ ਹੈ। ਹੁਣ ਜਦੋਂ ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਹੀ ਰੱਦ ਹੋ ਗਈ ਹੈ ਤਾਂ ਇਸ ਅਤੇ ਇਸੇ ਸ਼ਾਖ਼ ਦੀਆਂ ਹੋਰ ਲਿਖਤਾਂ ਵਿੱਚ ਦਰਜ, ਗੁਰੂ ਨਾਨਕ ਜੀ ਦੀ ਜਨਮ ਤਾਰੀਖ 'ਕੱਤਕ ਦੀ ਪੁੰਨਿਆ' ਵੀ ਆਪਣੇ ਆਪ ਹੀ ਰੱਦ ਹੋ ਜਾਂਦੀ ਹੈ। ਬਾਲਾ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਅਲੀ ਹੈ। ਸਾਡਾ ਇਹ ਦਾਅਵਾ ਉਨ੍ਹਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਵੱਲੋਂ ਸੰਮਤ 1597 ਬਿਕ੍ਰਮੀ (1540 ਈ:) ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀ ਕੀਤੀ ਜਾਂਦੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦਾ ਧਰਮ ਯੁੱਧ ਤੇ ਕਲਿਜੁਗ

ਜਸਬੀਰ ਸਿੰਘ (ਵੈਨਕੂਵਰ)




ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਮਨੋਰਥ ਬਾਰੇ ਲਿਖਦੇ ਹਨ-

ਕਲਿ ਤਾਰਣ ਗੁਰੁ ਨਾਨਕ ਆਇਆ॥

ਭਾਵ, ਗੁਰੂ ਨਾਨਕ ਸਾਹਿਬ ਕਲਿ ਨੂੰ ਤਾਰਨ ਲਈ ਆਏ ਹਨ। ਕਲਿ ਤੋਂ ਇੱਥੇ ਭਾਵ ਬਾਲਮੀਕੀ ਰਾਮਾਇਣ ਤੇ ਪੁਰਾਣਾਂ ਵਿਚ ਵਰਣਿਤ ਚੌਹਾਂ ਜੁਗਾਂ ਵਿੱਚੋਂ ਇਕ ਜੁਗ ਤੋਂ ਨਹੀਂ, ਸਗੋਂ ਜਗਤ ਤੋਂ ਹੈ। ਜਗਤ ਤੋਂ ਭਾਵ ਉਸ ਮਨੁੱਖੀ ਵਰਤਾਰੇ ਤੋਂ ਹੈ, ਜਿਸ ਵਿੱਚੋਂ ਇਨਸਾਨੀਅਤ ਅਲੋਪ ਹੈ। ਗੁਰਬਾਣੀ ਵਿਚ ਇਸ ਨੂੰ ਇਉਂ ਦਰਸਾਇਆ ਹੈ:-

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥
(ਮ: 2, ਗੁਰੂ ਗ੍ਰੰਥ ਸਾਹਿਬ, ਅੰਗ 1288)

ਇਸ ਤਰ੍ਹਾਂ ਦਾ ਵਰਤਾਰਾ ਜਿੱਥੇ ਵੀ ਅਤੇ ਜਦੋਂ ਵੀ ਵਰਤ ਰਿਹਾ ਹੈ, ਉੱਥੇ ਕਲਿਜੁਗ ਦਾ ਪਹਿਰਾ ਹੈ। ਤਾਂਹੀਓਂ! ਗੁਰਬਾਣੀ ਦੀ ਜੀਵਨ-ਜੁਗਤ ਵਿਚ ਕਲਿਜੁਗ ਦਾ ਸਬੰਧ ਸਮੇਂ ਨਾਲ ਨਹੀਂ, ਬਲਕਿ ਮਨੁੱਖੀ ਆਚਰਨ ਨਾਲ ਮੰਨਿਆ ਹੈ। ਗੁਰੂ ਨਾਨਕ ਸਾਹਿਬ ਨੇ ਕਲਿਜੁਗ ਤੋਂ ਮਨੁੱਖੀ ਆਚਰਨ ਦੇ ਪ੍ਰਭਾਵਿਤ ਹੋਣ ਦੀ ਪਰੰਪਰਾਗਤ ਮਨੌਤ ਨੂੰ ਰੱਦ ਕਰਕੇ, ਇਨਸਾਨੀਅਤ ਤੋਂ ਡਿੱਗੇ ਹੋਏ ਆਚਰਨ ਨੂੰ ਹੀ ਕਲਿਜੁਗ ਆਖਿਆ ਹੈ। ਗੁਰੂ ਸਾਹਿਬ ਨੇ ਕਲਿਜੁਗ ਦੀ ਪਰੰਪਰਾਗਤ ਧਾਰਨਾ ਨੂੰ ਨਕਾਰ ਕੇ ਇਸ ਨੂੰ ਨਵੇਂ ਸਿਰਿਓਂ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ-

ਸੋਈ ਚੰਦੁ ਚੜਹਿ ਸੇ ਤਾਰੇ
ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ
ਜੁਗ ਜੀਅ ਖੇਲੇ ਥਾਵ ਕੈਸੇ ॥
ਜੀਵਨ ਤਲਬ ਨਿਵਾਰਿ॥
ਹੋਵੈ ਪਰਵਾਣਾ ਕਰਹਿ ਧਿਙਾਣਾ
ਕਲਿ ਲਖਣ ਵੀਚਾਰਿ ॥੧॥ ਰਹਾਉ॥
ਕਿਤੈ ਦੇਸਿ ਨ ਆਇਆ
ਸੁਣੀਐ ਤੀਰਥ ਪਾਸਿ ਨ ਬੈਠਾ॥
ਦਾਤਾ ਦਾਨੁ ਕਰੇ ਤਹ ਨਾਹੀ
ਮਹਲ ਉਸਾਰਿ ਨ ਬੈਠਾ॥
ਜੇ ਕੋ ਸਤੁ ਕਰੇ ਸੋ ਛੀਜੈ
ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ
ਕਲਿ ਕੇ ਲਖਣ ਏਈ॥
(ਗੁਰੂ ਗ੍ਰੰਥ ਸਾਹਿਬ, ਅੰਗ 902-903)

ਗੁਰਬਾਣੀ ਦੀ ਰੋਸ਼ਨੀ ਵਿਚ ਕਲਿਜੁਗ ਦੇ ਭਾਵ ਨੂੰ ਸਮਝਣ ਪਿੱਛੋਂ ਇਸ ਗੱਲ ਨੂੰ ਸਮਝਣ ਦਾ ਜਤਨ ਕਰਦੇ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ ਕਿਵੇਂ ਇਸ ਕਲਿਜੁਗ ਤੋਂ ਬਚਾਇਆ ਜਾਂ ਤਾਰਿਆ? ਭਾਈ ਗੁਰਦਾਸ ਜੀ ਇਸ ਪ੍ਰਸ਼ਨ ਦੇ ਉੱਤਰ ਵਿਚ ਕਹਿੰਦੇ ਹਨ-

ਕਲਿਜੁਗ ਬਾਬੇ ਤਾਰਿਆ
ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥-

ਸਤਿਗੁਰੂ ਜੀ ਨੇ 'ਸਤਿਨਾਮ' ਦਾ ਮੰਤ੍ਰ ਦ੍ਰਿੜ ਕਰਵਾ ਕੇ, ਕਲਿਜੁਗੀ ਜੀਵਾਂ ਨੂੰ ਤਾਰਿਆ। ਕੀ ਗੁਰੂ ਨਾਨਕ ਸਾਹਿਬ ਦੇ ਕੇਵਲ 'ਸਤਿਨਾਮੁ' ਸ਼ਬਦ ਦੇ ਉਚਾਰਨ ਕਰਨ ਨਾਲ ਹੀ ਕਲਿਜੁਗੀ ਜੀਵਾਂ ਦਾ ਉਧਾਰ ਹੋ ਗਿਆ? ਇਸ ਦਾ ਉੱਤਰ ਨਹੀਂ ਵਿਚ ਹੈ। ਜੇਕਰ ਗੁਰੂ ਸਾਹਿਬ ਦੇ 'ਸਤਿਨਾਮ' ਮੰਤਰ ਪੜ੍ਹਨ ਨਾਲ ਜੀਵਾਂ ਦਾ ਪਾਰ-ਉਤਾਰਾ ਨਹੀਂ ਹੋਇਆ ਤਾਂ ਫਿਰ ਕਿਵੇਂ ਹੋਇਆ? ਇਸ ਦਾ ਉੱਤਰ ਭਾਈ ਗੁਰਦਾਸ ਜੀ ਦੀ ਉਚਾਰਨ ਕੀਤੀ ਹੋਈ ਇਸੇ ਪਉੜੀ ਵਿਚ ਹੈ। ਭਾਈ ਸਾਹਿਬ ਲਿਖਦੇ ਹਨ ਕਿ ਸਤਿਗੁਰੂ ਨਾਨਕ ਸਾਹਿਬ ਜੀ ਨੇ ਜਿਸ 'ਸਤਿਨਾਮ' ਮੰਤਰ ਨੂੰ ਪੜ੍ਹ ਕੇ ਲੋਕਾਂ ਦਾ ਨਿਸਤਾਰਾ ਕੀਤਾ, ਉਹ 'ਸਤਿਨਾਮੁ' ਕੇਵਲ ਇਕ ਸ਼ਬਦ ਨਹੀਂ, ਸਗੋਂ ਇਕ ਸੁਚੱਜੀ ਜੀਵਨ-ਜੁਗਤ ਹੈ-

ਚਰਨ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ॥
ਪਾਰਬ੍ਰਹਮ ਪੂਰਨ ਬ੍ਰਹਮ
ਕਲਿਜੁਗ ਅੰਦਰਿ ਇਕ ਦਿਖਾਇਆ॥
ਚਾਰੇ ਪੈਰ ਧਰਮ ਦੇ
ਚਾਰਿ ਵਰਨ ਇਕ ਵਰਨੁ ਕਰਾਇਆ॥
ਰਾਣਾ ਰੰਕ ਬਰਾਬਰੀ
ਪੈਰੀ ਪਵਣਾ ਜਗਿ ਵਰਤਾਇਆ॥
ਉਲਟਾ ਖੇਲੁ ਪਿਰੰਮ ਦਾ
ਪੈਰਾ ਉਪਰਿ ਸੀਸੁ ਨਿਵਾਇਆ॥
(ਵਾਰ 1, ਪਉੜੀ 23)

ਭਾਵ-ਗਿਲਾਨੀ ਦੇ ਸਭ ਸਮਾਨ ਉਡਾ ਕੇ ਪ੍ਰੇਮਾ ਭਗਤੀ, ਵਾਹਿਗੁਰੂ ਦੀ ਏਕਤਾ, ਮਨੁੱਖਾਂ ਦੀ ਸੁਹਿਰਦਤਾ, ਆਪਸੀ ਪਿਆਰ -ਨਿਮਰਤਾ ਤੇ ਧਰਮ ਨੂੰ ਧਾਰਨਾ ਸਿਖਾ ਕੇ, ਗੁਰ ਨਾਨਕ ਸਾਹਿਬ ਨੇ ਜਗਤ ਦਾ ਉਧਾਰ ਕੀਤਾ। ਸੋ, ਇਹ ਉਹ ਮੰਤਰ ਹੈ ਜਿਸ ਨਾਲ ਗੁਰੂ ਨਾਨਕ ਸਾਹਿਬ ਨੇ ਕਲਿਜੁਗ, ਭਾਵ ਲੋਕਾਂ ਦਾ ਉਧਾਰ ਕੀਤਾ ਹੈ। ਇਸ ਮੰਤਰ ਅਥਵਾ ਜੀਵਨ-ਜੁਗਤ ਨੂੰ ਸਤਿਗੁਰੂ ਜੀ ਨੇ ਥਾਂ-ਥਾਂ ਭ੍ਰਮਣ ਕਰਦਿਆਂ ਹੋਇਆਂ ਲੋਕਾਈ ਨੂੰ ਦ੍ਰਿੜ ਕਰਾਇਆ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਕਲਿਜੁਗੀ ਜੀਵਾਂ ਨੂੰ, ਜਿਹੜੇ ਇਨਸਾਨੀਅਤ ਤੋਂ ਮੂੰਹ ਮੋੜ ਕੇ ਪਸ਼ੂ ਨਿਆਈ ਜ਼ਿੰਦਗੀ ਬਸਰ ਕਰ ਰਹੇ ਸਨ, ਇਹ ਮੰਤ੍ਰ ਦ੍ਰਿੜ ਕਰਵਾ ਕੇ, ਸਹੀ ਅਰਥਾਂ ਵਿਚ ਮਨੁੱਖ ਬਣਾਇਆ। ਇਸ ਸਮੁੱਚੀ ਪ੍ਰਕ੍ਰਿਆ ਬਾਰੇ ਹੀ ਭਾਈ ਗੁਰਦਾਸ ਜੀ ਨੇ 'ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ' ਸ਼ਬਦ ਦੀ ਵਰਤੋਂ ਕੀਤੀ ਹੈ। ਕਲਿਜੁਗੀ ਜੀਵਾਂ ਦੇ ਤਰਨ ਅਰਥਾਤ ਪਾਰ-ਉਤਾਰੇ ਦਾ ਭਾਵ ਹੈ, ਜਿਹਨਾਂ ਮਨੁੱਖਾਂ ਨੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਪੜ੍ਹ-ਸੁਣ ਕੇ ਆਪਣੀਆਂ ਆਤਮਕ ਕਮਜ਼ੋਰੀਆਂ ਤੋਂ ਛੁਟਕਾਰਾ ਪਾ ਕੇ, ਦੈਵੀ ਗੁਣਾਂ ਦੀ ਸੰਪਤੀ ਨਾਲ ਆਪਣੇ ਹਿਰਦੇ ਰੂਪੀ ਘਰ ਨੂੰ ਮਾਲੋ-ਮਾਲ ਕਰ ਲਿਆ। ਧਿਆਨ ਰਹੇ, ਇਸ ਕਲਿਜੁਗ ਦੀਆਂ ਅਜਿਹੀਆਂ ਘੁੰਮਣਘੇਰੀਆਂ ਵਿੱਚੋਂ ਕੇਵਲ ਉਹੀ ਮਨੁੱਖ ਬਾਹਰ ਨਿਕਲ ਸਕੇ, ਜਿਹਨਾਂ ਨੇ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਕੇਵਲ ਸੁਣਿਆ ਹੀ ਨਹੀਂ, ਸਗੋਂ ਇਸ ਨੂੰ ਅਮਲੀ ਰੂਪ ਵਿਚ ਅਪਨਾ ਲਿਆ। ਜਦ ਗੁਰਬਾਣੀ ਨੂੰ ਪੜ੍ਹਨ-ਸੁਣਨ ਵਾਲਿਆਂ ਨੇ, ਇਸ ਉਪਦੇਸ਼ ਦੀ ਆਪਣੇ ਵਿਉਹਾਰ ਵਿਚ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ :

ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥
ਗੁਰਮੁਖਿ ਕੋਈ ਉਤਰੈ ਪਾਰਿ॥
(ਮਾਝ ਮ: 3, ਅੰਗ 145)

ਭਾਵ, ਇਸ ਕਲਿਜੁਗੀ ਸੁਭਾਅ ਰੂਪ ਹਨੇਰੇ ਨੂੰ ਦੂਰ ਕਰਨ ਲਈ ਪ੍ਰਭੂ ਦੀ ਸਿਫ਼ਤਿ-ਸਾਲਾਹ ਸਮਰੱਥ ਹੈ, ਇਹ ਸਿਫ਼ਤਿ-ਸਾਲਾਹ ਜਗਤ ਵਿੱਚ ਉੱਘਾ ਚਾਨਣ ਹੈ। ਪਰ ਕੋਈ ਵਿਰਲਾ ਜੋ ਗੁਰੂ ਦੇ ਸਨਮੁਖ ਹੁੰਦਾ ਹੈ, ਇਸ ਚਾਨਣ ਦਾ ਆਸਰਾ ਲੈ ਕੇ ਇਸ ਹਨੇਰੇ ਵਿੱਚੋਂ ਪਾਰ ਲੰਘਦਾ ਹੈ। ਇਸ ਲਈ ਗੁਰੂ ਦੇ ਕੇਵਲ ਦਰਸ਼ਨ ਕਰਨ ਜਾਂ ਬਚਨ ਪੜ੍ਹਨ-ਸੁਣਨ ਨਾਲ ਹੀ ਕਿਸੇ ਦਾ ਪਾਰ ਉਤਾਰਾ ਨਹੀਂ ਹੋਇਆ; ਪਾਰਉਤਾਰਾ ਗੁਰੂ ਉਪਦੇਸ਼ ਨੂੰ ਅਮਲੀ ਰੂਪ ਵਿਚ ਅਪਨਾਉਣ ਅਥਵਾ ਇਸ ਨੂੰ ਵਿਉਹਾਰ ਵਿਚ ਲਿਆਉਣ ਨਾਲ ਹੀ ਹੋਇਆ ਹੈ। ਗੁਰਬਾਣੀ ਦੇ ਹੇਠ ਲਿਖੇ ਫ਼ੁਰਮਾਨਾਂ ਵਿਚ ਇਸ ਭਾਵ ਨੂੰ ਇਸ ਤਰ੍ਹਾਂ ਦਰਸਾਇਆ ਹੈ-

ਜਿਨੀ ਸੁਣਿ ਕੈ ਮੰਨਿਆ
ਤਿਨਾ ਨਿਜ ਘਰਿ ਵਾਸੁ॥
(ਸਿਰੀਰਾਗ ਮ:3, ਅੰਗ 27)

ਜੇਕਰ ਕੇਵਲ ਸਤਿਗੁਰੂ ਜੀ ਦਰਸ਼ਨ ਕਰਕੇ ਜਾਂ ਗੁਰਬਾਣੀ ਨੂੰ ਪੜ੍ਹ-ਸੁਣ ਕੇ ਹੀ, ਇਸ ਕਲਿਜੁਗ ਤੋਂ ਛੁਟਕਾਰਾ ਹੁੰਦਾ ਤਾਂ ਗੁਰੂ ਨਾਨਕ ਸਾਹਿਬ ਨੂੰ ਦੇਖਣ-ਸੁਣਨ ਵਾਲਿਆਂ ਵਿਚ ਇਹੋ-ਜਿਹੇ ਲੋਕਾਂ ਦੀ ਸ਼ਮੂਲੀਅਤ ਨਾ ਹੁੰਦੀ ਜਿਹਨਾਂ ਦੀ ਸਤਿਗੁਰੂ ਜੀ ਬਾਰੇ ਇਹ ਧਾਰਨਾ ਸੀ:-

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥
(ਮਾਰੂ ਮ:1, ਅੰਗ 991)

ਜਨ-ਸਾਧਾਰਨ ਹੀ ਨਹੀਂ, ਗੁਰੂ ਨਾਨਕ ਸਾਹਿਬ ਦੇ ਆਪਣੇ ਪੁੱਤਰ ਵੀ ਇਸ ਅੰਧਕਾਰ ਵਿੱਚੋਂ ਬਾਹਰ ਨਾ ਨਿਕਲ ਸਕੇ, ਕਿਉਂਕਿ ਉਹਨਾਂ ਨੇ ਹਜ਼ੂਰ ਦੇ ਉਪਦੇਸ਼ ਨੂੰ ਜੀਵਨ ਵਿਚ ਧਾਰਨ ਕਰਨ ਤੋਂ ਸੰਕੋਚ ਕੀਤਾ। ਤਾਂਹੀਓਂ! ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਬਾਰੇ ਇਹ ਫ਼ੁਰਮਾਨ ਹੈ-

ਸਚੁ ਜਿ ਗੁਰਿ ਫੁਰਮਾਇਆ
ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨ੍ ਮੁਰਟੀਐ॥
(ਗੁਰੂ ਗ੍ਰੰਥ ਸਾਹਿਬ, ਅੰਗ 967)
(ਰਾਮਕਲੀ ਬਲਵੰਡਿ ਤੇ ਸਤਾ॥ ਪੰਨਾ 967॥

ਭਾਈ ਗੁਰਦਾਸ ਜੀ ਨੇ ਇਸ ਸੱਚ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ-

ਬਾਲ ਜਤੀ ਹੈ ਸਿਰੀਚੰਦ
ਬਾਬਾਣਾ ਦੇਹੁਰਾ ਬਣਾਇਆ।
ਲਖਮੀ ਦਾਸਹੁ ਧਰਮ ਚੰਦ
ਪੋਤਾ ਹੁਇ ਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ
ਦਾਤਾ ਸਿਧਾਸਣ ਸਿਖਿ ਆਇਆ।
ਮੋਹਣ ਕਮਲਾ ਹੋਇਆ
ਚਉਬਾਰਾ ਮੋਹਰੀ ਮਨਾਇਆ।
ਮੀਣਾ ਹੋਆ ਪਿਰਥੀਆ
ਕਰਿ ਕਰਿ ਟੇਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ
ਕਰਿ ਬੇਮੁਖ ਕੁਤਾ ਭਉਕਾਇਆ।
ਚੰਦਨ ਵਾਸੁ ਨ ਵਾਸ ਬੋਹਾਇਆ।
(ਵਾਰ 26, ਪਉੜੀ 33)

(ਨੋਟ-ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਸ੍ਰੀ ਚੰਦ ਜੀ, ਗੁਰੂ ਰਾਮਦਾਸ ਜੀ ਦੇ ਸਮੇਂ ਹੀ ਗੁਰੂ ਘਰ ਦੀ ਅਜ਼ਮਤ ਨੂੰ ਸਮਝ ਕੇ ਸਤਿਗੁਰੂ ਜੀ ਅੱਗੇ ਨਤਮਸਤਕ ਹੋਏ ਹਨ।)

ਗੁਰ ਇਤਿਹਾਸ ਵਿੱਚੋਂ ਵੀ ਇਹਨਾਂ ਗੱਲਾਂ ਦੀ ਸਪੱਸ਼ਟ ਝਲਕ ਮਿਲਦੀ ਹੈ ਕਿ ਜਿਹਨਾਂ ਮਨੁੱਖਾਂ ਨੇ ਗੁਰੂ ਸਾਹਿਬ ਦੇ ਕੇਵਲ ਦਰਸ਼ਨ ਕੀਤੇ ਜਾਂ ਗੁਰਬਾਣੀ ਨੂੰ ਕੇਵਲ ਪੜ੍ਹਿਆ-ਸੁਣਿਆ ਪਰੰਤੂ ਉਹਨਾਂ ਦੇ ਉਪਦੇਸ਼ ਨੂੰ ਨਹੀਂ ਮੰਨਿਆ, ਉਹ ਕਲਿਜੁਗ ਦੇ ਅੰਧਕਾਰ ਵਿਚ ਹੀ ਭਟਕਦੇ ਰਹੇ। ਉਹ ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਛੁਟਕਾਰਾ ਪਾਉਣ ਵਿਚ ਸਫ਼ਲ ਨਹੀਂ ਹੋਏ। ਸੱਜਣ ਠੱਗ, ਭੂਮੀਆ ਚੋਰ, ਵਲੀ ਕੰਧਾਰੀ, ਮਲਕ ਭਾਗੋ, ਬ੍ਰਹਮਦਾਸ ਆਦਿ ਅਨੇਕਾਂ ਪ੍ਰਾਣੀਆਂ ਦਾ ਪਾਰ-ਉਤਾਰਾ, ਗੁਰੂ ਸਾਹਿਬ ਦੇ ਕੇਵਲ ਦਰਸ਼ਨ ਕਰਕੇ ਜਾਂ ਬਚਨ ਸੁਣ ਕੇ ਹੀ ਨਹੀਂ ਸੀ ਹੋਇਆ। ਇਹਨਾਂ ਪ੍ਰਾਣੀਆਂ ਦਾ ਪਾਰ-ਉਤਾਰਾ, ਗੁਰੂ ਸਾਹਿਬ ਦੇ ਬਚਨਾਂ ਨੂੰ ਮੰਨਣ ਕਰਕੇ ਹੀ ਹੋਇਆ ਸੀ। ਸੋ, ਇਸ ਕਲਿਜੁਗ ਤੋਂ ਕੇਵਲ ਉਹੀ ਜੀਵ ਪਾਰ ਉਤਰਨ ਵਿਚ ਕਾਮਯਾਬ ਹੋਏ, ਜਿਹਨਾਂ ਨੇ ਗੁਰੂ ਨਾਨਕ ਸਾਹਿਬ ਦੇ ਬਚਨਾਂ ਨੂੰ ਪੜ੍ਹਿਆ, ਸੁਣਿਆ, ਵਿਚਾਰਿਆ ਅਤੇ ਫਿਰ ਇਸ ਨੂੰ ਆਪਣੇ ਜੀਵਨ ਦਾ ਅਟੁੱਟ ਅੰਗ ਬਣਾ ਲਿਆ।

ਇਹ ਗੱਲ ਵੀ ਧਿਆਨਯੋਗ ਹੈ ਕਿ ਜਿਸ ਕਲਿਜੁਗ ਨੂੰ, ਭਾਵ, ਲੋਕਾਈ ਨੂੰ ਗੁਰੂ ਨਾਨਕ ਸਾਹਿਬ ਨੇ ਤਾਰਿਆ ਸੀ, ਇਸ ਤਰ੍ਹਾਂ ਦੀ ਲੋਕਾਈ ਹਮੇਸ਼ਾਂ ਹੀ ਸੰਸਾਰ ਵਿਚ ਸੀ, ਹੈ ਅਤੇ ਆਉਣ ਵਾਲੇ ਸਮੇਂ ਵੀ ਰਹੇਗੀ। ਇਸ ਧਰਤੀ ਉੱਤੇ ਕਦੀ ਵੀ ਅਜਿਹਾ ਸਮੇਂ ਨਾ ਆਇਆ ਹੈ ਅਤੇ ਨਾ ਹੀ ਆਵੇਗਾ ਜਦੋਂ ਸਮੁੱਚੀ ਹੀ ਲੋਕਾਈ ਇਸ ਕਲਿਜੁਗੀ ਵਰਤਾਰੇ ਤੋਂ ਸੰਪੂਰਨ ਰੂਪ ਵਿਚ ਮੁਕਤ ਹੋਵੇਗੀ। ਇਹ ਹੀ ਕਾਰਨ ਹੈ ਕਿ ਅਜੋਕੇ ਸਮੇਂ ਵਿਚ ਵੀ ਰਾਜਨੀਤਕ, ਸਾਮਾਜਿਕ, ਧਾਰਮਕ ਅਤੇ ਘਰੋਗੀ ਆਦਿ ਖੇਤਰ ਵਿਚ ਅਜਿਹੇ ਲੋਕਾਂ ਦੀ ਭਰਮਾਰ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ 30ਵੀਂ ਪਉੜੀ ਵਿਚ ਕਲਿਜੁਗ ਦੇ ਧੁੰਧੂਕਾਰ ਦਾ ਵਰਣਨ ਕਰਦਿਆਂ ਲਿਖਿਆ ਹੈ:-

ਕਲਿ ਆਈ ਕੁਤੇ ਮੁਹੀ
ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ
ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ
ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ
ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ
ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ
ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ
ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ।

ਭਾਵ, ਆਮ ਲੋਕਾਈ ਹੱਕ-ਨਹੱਕ ਦੀ ਵਿਚਾਰ ਤੋਂ ਰਹਿਤ ਹੈ, ਪਰਜਾ ਦੀ ਰਖਵਾਲੀ ਦੀ ਜ਼ਿੰਮੇਵਾਰ ਸ਼੍ਰੇਣੀ ਹੀ ਜਨ-ਸਾਧਾਰਨ ਦੀ ਲੁੱਟ-ਖਸੁੱਟ ਕਰ ਰਹੀ ਹੈ। ਨਿਆਂ ਕਰਨ ਵਾਲੇ ਵੱਢੀ-ਖ਼ੋਰ ਹਨ, ਜਿਸ ਕਾਰਨ ਆਮ ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਆਮ ਲੋਕਾਈ ਅਗਿਆਨਤਾ, ਬੇਸਮਝੀ ਅਤੇ ਮੂੜ੍ਹਤਾ ਦੀ ਨੀਂਦ ਵਿਚ ਘੂਕ ਸੁੱਤੀ ਹੋਈ ਹੈ। ਧਾਰਮਿਕ ਖੇਤਰ ਵਿਚ ਵੀ ਅੰਧਕਾਰ ਫੈਲਿਆ ਹੋਇਆ ਹੈ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਬਾਹਰ ਕਢਣ ਦੀ ਥਾਂ, ਸਗੋਂ ਹੋਰ ਵਹਿਮਾਂ-ਭਰਮਾਂ ਵਿਚ ਪਾ ਰਹੇ ਹਨ। ਇਹਨਾਂ ਆਗੂਆਂ ਦਾ ਇਕੋ ਇਕ ਮਨੋਰਥ ਆਪਣੇ ਚੇਲਿਆਂ-ਚਾਟੜਿਆਂ ਦੀ ਗਿਣਤੀ ਵਿਚ ਵਾਧਾ ਕਰਕੇ ਆਪਣੀ ਪੂਜਾ-ਪ੍ਰਤਿਸ਼ਟਾ ਕਰਾਉਣ ਦੇ ਨਾਲ ਆਰਥਿਕ ਅਤੇ ਰਾਜਨੀਤਕ ਲਾਭ ਉਠਾਉਣਾ ਹੈ। ਪਤੀ-ਪਤਨੀ ਦੇ ਜੀਵਨ ਵਿੱਚੋਂ ਵੀ ਸਤਿ, ਸੰਤੋਖ ਅਤੇ ਧਰਮ ਆਦਿ ਦੈਵੀ ਗੁਣ ਅਲੋਪ ਹੋ ਗਏ ਹਨ। ਇਸ ਤਰ੍ਹਾਂ ਦਾ ਵਰਤਾਰਾ ਸਾਰੇ ਪਾਸੇ ਵਰਤ ਰਿਹਾ ਹੈ। ਭਾਈ ਗੁਰਦਾਸ ਜੀ ਇਸ ਉਪਰੋਕਤ ਪਉੜੀ ਵਿਚ ਜਿਸ ਪਾਪ (ਕਲਿਜੁਗੀ) ਵਰਤਾਰੇ ਦੀ ਗੱਲ ਕਰ ਰਹੇ ਹਨ, ਇਹ ਵਰਤਾਰਾ ਕੇਵਲ ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਹੀ ਨਹੀਂ, ਸਗੋਂ ਹਮੇਸ਼ਾ ਦਾ ਲਖਾਇਕ ਹੈ। ਇਸ ਕਲਿ ਤੋਂ ਜਿਵੇਂ ਗੁਰੂ ਕਾਲ ਵਿਚ ਲੋਕਾਈ ਦਾ ਪਾਰਉਤਾਰਾ ਹੋਇਆ ਸੀ, ਅੱਜ ਵੀ ਉਸੇ ਤਰ੍ਹਾਂ ਹੀ ਇਸ ਤੋਂ ਪਾਰਉਤਾਰਾ ਹੋ ਸਕਦਾ ਹੈ; ਭਾਵ, ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਅਮਲੀ ਰੂਪ ਵਿਚ ਅਪਨਾਉਣ ਨਾਲ। ਸੋ, ਗੁਰਬਾਣੀ ਦੀ ਜੀਵਨ-ਜੁਗਤ ਹੀ ਉਹ 'ਸਤਿਨਾਮ' ਮੰਤਰ ਹੈ, ਜਿਸ ਨਾਲ ਗੁਰੂ ਨਾਨਕ ਸਾਹਿਬ ਨੇ ਜਗਤ ਦਾ ਪਾਰ ਉਤਾਰਾ ਕੀਤਾ ਸੀ। ਅਜੋਕੇ ਸਮੇਂ ਵਿਚ ਹੀ ਨਹੀਂ, ਸਗੋਂ ਆਉਣ ਵਾਲੇ ਸਮੇਂ ਵੀ ਇਸ ਮੰਤਰ ਦੁਆਰਾ ਹੀ ਕਲਿਜੁਗ ਦੇ ਪ੍ਰਭਾਵ ਤੋਂ ਮੁਕਤ ਹੋਇਆ ਜਾ ਸਕੇਗਾ।

ਅਗਨਿ ਸਾਗਰ ਬੂਡਤ ਸੰਸਾਰਾ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥
(ਗੁਰੂ ਗ੍ਰੰਥ ਸਾਹਿਬ, ਅੰਗ 803)

(ਧੰਨਵਾਦ ਸਹਿਤ : ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' ਵਿੱਚੋਂ)

## ਨਾਨਕ ਪੰਥ ਦੇ ਸ਼ਰਧਾਲੂ ਸਿੰਧੀ ਸਿੱਖ

- ਦਲਜੀਤ ਸਿੰਘ ਬੇਦੀ

ਸਿੰਧ ਪ੍ਰਾਂਤ ਵਿਚ ਰਹਿਣ ਵਾਲੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਮੱਤ ਦੇ ਧਾਰਨੀ ਹੋ ਗਏ ਸਨ। ਸਿੰਧ ਪ੍ਰਾਂਤ ਦੇ ਬਸ਼ਿੰਦਿਆਂ ਨੂੰ 'ਸਿੰਧੀ ਸਿੱਖ' ਕਿਹਾ ਜਾਂਦਾ ਹੈ। ਗੁਰੂ ਜੀ ਉਦਾਸੀਆਂ ਦੌਰਾਨ ਉਥੇ ਗਏ ਸਨ। ਬਾਅਦ ਵਿਚ ਉਦਾਸੀ ਸੰਪ੍ਰਦਾਇ ਦੇ ਅਨੇਕ ਸਾਧਾਂ ਨੇ ਸਿੰਧ ਪ੍ਰਾਂਤ ਵਿਚ ਆਪਣੇ ਕਈ ਡੇਰੇ ਕਾਇਮ ਕੀਤੇ। ਸੱਖਰ ਦੇ ਨੇੜੇ ਸਿੰਧ ਨਦੀ ਦੇ ਇਕ ਟਾਪੂ ਵਿਚ ਸਥਿਤ ਸਾਧੁਬੇਲਾ ਮੀਹਾਂ ਸ਼ਾਹੀ ਸ਼ਾਖਾ ਦੇ ਇਕ ਉਦਾਸੀ ਸਾਧ ਬਾਬਾ ਬਨਖੰਡੀ ਨੇ ਸੰਨ 1823 ਈ: ਵਿਚ ਸਥਾਪਿਤ ਕੀਤਾ ਸੀ, ਜੋ ਹੁਣ ਇਕ ਮਹੱਤਵਪੂਰਨ ਤੀਰਥ ਵਜੋਂ ਪ੍ਰਸਿੱਧ ਹੋ ਚੁੱਕਾ ਹੈ। ਗੁਰੂ ਨਾਨਕ-ਵੰਸ਼ਜ ਬਾਬਾ ਗੁਰੂਪਤ ਨੇ ਸਿੰਧ ਪ੍ਰਦੇਸ਼ ਵਿਚ 'ਜਗਿਆਸੂ' ਨਾਂਅ ਦੀ ਇਕ ਉਪ-ਸੰਪ੍ਰਦਾਇ ਵੀ ਪ੍ਰਚਲਿਤ ਕੀਤੀ। ਉਦਾਸੀ ਸਾਧ ਬਾਬਾ ਸਰੂਪ ਦਾਸ ਨੇ ਸ਼ਿਕਾਰਪੁਰ ਨਗਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਦਾ ਕੇਂਦਰ ਸਥਾਪਿਤ ਕੀਤਾ।



ਉਦਾਸੀ ਸਾਧਾਂ ਤੋਂ ਇਲਾਵਾ ਨਿਰਮਲ ਸੰਤਾਂ ਨੇ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਨੇਕ ਡੇਰੇ ਸਥਾਪਿਤ ਕੀਤੇ। ਉਥੇ ਪ੍ਰਚਾਰ ਕਰਨ ਵਾਲਿਆਂ ਵਿਚ ਮਹੰਤ ਬੁੱਢਾ ਸਿੰਘ, ਸੰਤ ਗੁਲਾਬ ਸਿੰਘ, ਸੰਤ ਪ੍ਰੀਤਮ ਸਿੰਘ ਆਦਿ ਦੇ ਨਾਂਅ ਵਿਸ਼ੇਸ਼ ਵਰਣਨਯੋਗ ਹਨ। ਇਨ੍ਹਾਂ ਨੇ ਉਥੇ ਕਈ ਗੁਰਦੁਆਰੇ ਕਾਇਮ ਕੀਤੇ। ਸਿੰਘ ਸਭਾ ਲਹਿਰ ਵਾਲਿਆਂ ਨੇ ਵੀ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਚੀਫ਼ ਖ਼ਾਲਸਾ ਦੀਵਾਨ ਵਾਲੇ ਵੀ ਇਸ ਕਰਮ ਵੱਲ ਬਹੁਤ ਰੁਚਿਤ ਰਹੇ। ਇਨ੍ਹਾਂ ਤੋਂ ਇਲਾਵਾ ਸਿੰਧੀ ਸਿੱਖਾਂ ਨੇ ਖੁਦ ਵੀ ਸਿੱਖੀ ਦੇ ਪ੍ਰਚਾਰ ਵਿਚ ਬਹੁਤ ਦਿਲਚਸਪੀ ਵਿਖਾਈ। ਇਸ ਸਬੰਧ ਵਿਚ ਸਾਧੂ ਟੀ.ਐਲ. ਵਾਸਵਾਨੀ, ਦਾਦਾ ਚੇਲਾਰਾਮ ਆਦਿ ਦੇ ਨਾਂਅ ਖਾਸ ਤੌਰ 'ਤੇ ਜ਼ਿਕਰਯੋਗ ਹਨ। ਇਨ੍ਹਾਂ ਤੋਂ ਇਲਾਵਾ ਦੇਸ਼-ਵੰਡ ਤੋਂ ਪਹਿਲਾਂ ਹਰ ਸਾਲ ਕਥਾਕਾਰ, ਪ੍ਰਚਾਰਕ ਅਤੇ ਕੀਰਤਨੀ ਸਿੱਖ ਸਿੰਧ ਪ੍ਰਾਂਤ ਵੱਲ ਪ੍ਰਚਾਰ ਲਈ ਜਾਂਦੇ ਰਹਿੰਦੇ ਸਨ। ਪਹਿਲਾਂ ਸਿੰਧੀ ਲੋਕ ਮੁੱਖ ਤੌਰ 'ਤੇ ਕੇਸਾਧਾਰੀ ਨਹੀਂ ਸਨ, ਪਰ ਹੁਣ ਉਹ ਹੌਲੀ-ਹੌਲੀ ਸਿੰਘ ਵੀ ਸਜ ਰਹੇ ਹਨ। ਤਕਰੀਬਨ ਸਿੰਧੀ ਗੁਰੂ ਨਾਨਕ ਨਾਮ ਲੇਵਾ ਆਪਣੇ ਪਿੰਡ ਵਿਚ ਗੁਰੂ-ਘਰ ਬਣਾ ਕੇ ਦੋਵੇਂ ਵੇਲੇ ਗੁਰੂ ਜਸ ਕਰਦੇ ਹਨ। ਬਾਕੀ ਸਫ਼ਾ 32 'ਤੇ

# ਪੰਜਾਬੀ ਸਿਨੇਮਾ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕਰਨ ਵਾਲਾ ਅਮਰਿੰਦਰ ਗਿੱਲ



**ਪ੍ਰੋ. ਸੁਰਿੰਦਰ**

ਫ਼ਿਲਮ ਜਗਤ ਵੀ ਬੜੀ ਹੀ ਅਨੌਖੀ ਦੁਨੀਆ ਹੈ। ਇਥੇ ਕਈ ਵਾਰ ਅਨੇਕਾਂ ਸੰਘਰਸ਼ਾਂ ਦੇ ਬਾਵਜੂਦ ਸਫ਼ਲਤਾ ਨਹੀਂ ਮਿਲਦੀ ਅਤੇ ਕਈ ਵਾਰ ਅਚਨਚੇਤ ਸਫ਼ਲਤਾ ਦਾ ਸਿਹਰਾ ਕਿਸੇ ਦੇ ਸਿਰ ਜਾ ਬੱਝਦਾ ਹੈ। ਅਮਰਿੰਦਰ ਗਿੱਲ ਨੂੰ ਕਿਸਮਤ ਦਾ ਪੂਰਾ-ਪੂਰਾ ਸਾਥ ਮਿਲਿਆ ਹੈ ਕਿਉਂਕਿ ਗਾਇਕੀ ਅਤੇ ਅਭਿਨੈ ਦੇ ਪੱਖ ਤੋਂ ਉਸ ਨੇ ਆਪਣੀ ਪ੍ਰਤਿਭਾ ਤੋਂ ਕਿਤੇ ਵੱਧ ਮਾਣ-ਸਨਮਾਨ ਹਾਸਲ ਕੀਤਾ ਹੈ । ਅਮਰਿੰਦਰ ਗਿੱਲ ਦਾ ਜ਼ਿਕਰ ਮੈਂ ਸੰਗੀਤਕਾਰ ਗੁਰਮੀਤ ਸਿੰਘ ਤੋਂ ਸੁਣਿਆ ਸੀ, ਮੇਰਾ ਇਕ ਫ਼ਿਲਮਸਾਜ਼ ਮਿੱਤਰ ਅਮਰਿੰਦਰ ਦੇ 'ਮਧਾਣੀਆਂ' ਵਾਲੇ ਗਾਣੇ ਤੋਂ ਬੜਾ ਪ੍ਰਭਾਵਿਤ ਸੀ। ਹਾਲਾਂਕਿ ਇਹ ਗੀਤ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੇ ਗੀਤ ਦੀ ਤਰਜ਼ 'ਤੇ ਹੀ ਤਿਆਰ ਕੀਤਾ ਗਿਆ ਸੀ ਪਰ ਲੋਕਾਂ ਨੂੰ ਇਹ ਚੰਗਾ ਲੱਗਿਆ ਅਤੇ ਇਸ ਦੀ ਚਰਚਾ ਵੀ ਹੋਈ। ਅਮਰਿੰਦਰ ਨੂੰ ਇਕ ਵਾਰੀ ਫਿਰ 'ਦਿਲਦਾਰੀਆਂ' ਦੇ ਮਾਧਿਅਮ ਰਾਹੀਂ ਚਰਚਾ ਮਿਲੀ। ਇਸ ਦਾ ਟਾਈਟਲ ਗੀਤ 'ਕਾਹਦੀਆਂ ਨੇ ਦਿਲਦਾਰੀਆਂ' ਦਰਅਸਲ ਦੇਵ ਆਨੰਦ ਦੀ ਫ਼ਿਲਮ 'ਹੀਰਾ ਪੰਨਾ' ਦੇ ਇਕ ਗੀਤ 'ਪੰਨਾ ਕੀ ਤਮੰਨਾ ਹੈ ਕਿ ਹੀਰਾ ਮੁਝੇ ਮਿਲ ਜਾਏ' ਦੀ ਹੂ-ਬ-ਹੂ ਤਰਜ਼ ਸੀ। ਇਸ ਗੀਤ ਦੇ ਅਮਰਿੰਦਰ ਵਲੋਂ ਤਿਆਰ ਕੀਤੇ ਹੋਏ ਪੰਜਾਬੀ ਰੂਪ ਨੇ ਉਸ ਦੀ ਗੁੱਡੀ ਆਕਾਸ਼ 'ਤੇ ਚੜ੍ਹਾ ਦਿੱਤੀ ਪਰ ਅਮਰਿੰਦਰ ਦੀ ਸਫ਼ਲਤਾ ਦੀ ਇਹ 'ਕਿਸਮਤ' ਕਹਾਣੀ ਇਥੇ ਹੀ ਖਤਮ ਨਹੀਂ ਹੁੰਦੀ। ਉਸ ਨੇ ਗਾਇਕ ਤੋਂ ਅਦਾਕਾਰ ਬਣਨ ਦਾ ਵੀ ਫੈਸਲਾ ਕਰ ਲਿਆ ਤੇ ਫਿਲਮ ਜਗਤ ਦੀ ਮਸ਼ਹੂਰ ਹਸਤੀ ਮਨਮੋਹਨ ਸਿੰਘ ਨਾਲ ਸੰਪਰਕ ਕੀਤਾ। ਲਿਹਾਜ਼ਾ, ਮਨਮੋਹਨ ਦੀਆਂ ਕੁਝ ਫ਼ਿਲਮਾਂ 'ਮੁੰਡੇ ਯੂਕੇ. ਦੇ', 'ਇਕ ਕੁੜੀ ਪੰਜਾਬ ਦੀ' ਵਿਚ ਹਰਭਜਨ ਦੀ ਥਾਂ 'ਤੇ ਅਮਰਿੰਦਰ ਆ ਗਿਆ। ਉਸ ਦੀਆਂ ਕੁਝ ਕੁ ਫ਼ਿਲਮਾਂ 'ਟੌਹਰ ਮਿੱਤਰਾਂ ਦੀ', 'ਤੂੰ ਮੇਰਾ 22-ਮੈਂ ਤੇਰਾ 22', 'ਸਾਡੀ ਲਵ ਸਟੋਰੀ', 'ਡੈਡੀ ਕੂਲ-ਮੁੰਡੇ ਫੂਲ', 'ਗੋਰਿਆਂ ਨੂੰ ਦਫ਼ਾ ਕਰੋ', 'ਹੈਪੀ ਗੋ ਲੱਕੀ', 'ਮੁੰਡੇ ਕਮਾਲ ਦੇ' ਆਦਿ ਨੂੰ ਕੋਈ ਵਿਸ਼ੇਸ਼ ਸਫ਼ਲਤਾ ਤਾਂ ਨਹੀਂ ਸੀ ਮਿਲੀ ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਪਾਲੀਵੁੱਡ 'ਚ ਬਣਿਆ ਜ਼ਰੂਰ ਰਿਹਾ ਸੀ। ਇਸੇ ਦੌਰਾਨ ਅਮਰਿੰਦਰ ਗਿੱਲ ਦੀਆਂ ਦੋ ਫ਼ਿਲਮਾਂ ਨੇ ਅਚਨਚੇਤ ਹੀ ਉਸ ਨੂੰ ਨੰਬਰ ਇਕ ਦੇ ਨਾਇਕ ਦੀ ਸ਼੍ਰੇਣੀ 'ਚ ਲੈ ਆਂਦਾ, ਇਨ੍ਹਾਂ 'ਚੋਂ 'ਅੰਗਰੇਜ਼' (ਸਾਲ 2015) ਨੇ ਤਾਂ ਨਾ ਸਿਰਫ਼ ਅਮਰਿੰਦਰ ਦਾ ਗਰਾਫ਼ ਵਧਾਇਆ, ਬਲਕਿ ਪੰਜਾਬੀ ਸਿਨੇਮਾ ਨੂੰ ਨਵਾਂ ਮੁਹਾਂਦਰਾ ਵੀ ਪ੍ਰਦਾਨ ਕੀਤਾ। ਇਸ ਫ਼ਿਲਮ ਨੇ ਸਹੀ ਅਰਥਾਂ 'ਚ ਪੰਜਾਬੀ ਸਿਨੇਮਾ ਨੂੰ ਉਸ ਦੀਆਂ ਅਸਲੀ ਸਮਾਜਿਕ ਜੜ੍ਹਾਂ ਦੇ ਨਾਲ ਜੋੜਨ ਦਾ ਕੰਮ ਕੀਤਾ। ਇਹ ਇਕ ਜ਼ਬਰਦਸਤ ਹਿੱਟ ਫ਼ਿਲਮ ਸਿੱਧ ਹੋਈ। ਇਸੇ ਤਰ੍ਹਾਂ 'ਲਵ ਪੰਜਾਬ' (ਸਾਲ 2016) ਨੇ ਵੀ ਅਮਰਿੰਦਰ ਦੀ ਬਤੌਰ ਨਾਇਕ ਵਾਲੀ ਅਦਾਕਾਰੀ ਨੂੰ ਹੋਰ ਮਜ਼ਬੂਤ ਕੀਤਾ। ਇਹ ਫ਼ਿਲਮ ਵੀ ਪੰਜਾਬੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ ਪ੍ਰੇਰਨਾ ਦਿੰਦੀ ਹੈ। ਇਸ ਤੋਂ ਬਾਅਦ ਉਸ ਦੀਆਂ ਫ਼ਿਲਮਾਂ ਦੀ ਪੂਰੀ ਚੜ੍ਹਾਈ ਹੈ।

11 ਮਈ, 1976 ਨੂੰ ਅੰਮ੍ਰਿਤਸਰ ਜ਼ਿਲ੍ਹੇ 'ਚ ਜਨਮੇ ਅਮਰਿੰਦਰ ਨੇ ਕਦੇ ਸ਼ਾਇਦ ਸੋਚਿਆ ਵੀ ਨਹੀਂ ਸੀ ਕਿ ਉਸ ਲਈ ਪਾਲੀਵੁੱਡ ਸਵਾਗਤ ਦੇ ਗੇਟ ਤਿਆਰ ਕਰ ਰਿਹਾ ਹੈ ਉਹ ਖੇਤੀਬਾੜੀ ਵਿਚ ਐਮਐਸਸੀ. ਦੀ ਡਿਗਰੀ ਲੈਣ ਤੋਂ ਬਾਅਦ ਫਿਰੋਜ਼ਪੁਰ ਦੇ ਇਕ ਸਹਿਕਾਰੀ ਬੈਂਕ 'ਚ ਸਾਧਾਰਨ ਪੱਧਰ ਦੀ ਨੌਕਰੀ ਕਰ ਰਿਹਾ ਸੀ ਕਿ ਉਸ ਨੇ ਇਹ ਨੌਕਰੀ ਛੱਡ ਕੇ ਪਹਿਲਾਂ ਗਾਇਕੀ ਅਤੇ ਫਿਰ ਅਦਾਕਾਰੀ ਵੱਲ ਅਜਿਹੇ ਕਦਮ ਵਧਾਏ ਕਿ ਉਸ ਦਾ ਇਹ ਜੋਖਮ ਵਾਲਾ ਫ਼ੈਸਲਾ ਸਹੀ ਹੀ ਰਿਹਾ। ਦੋਵਾਂ ਹੀ ਖੇਤਰਾਂ 'ਚ ਉਸ ਨੂੰ ਅਸੀਮਿਤ ਸਫਲਤਾ ਮਿਲੀ ਹੈ।

# ਦੁਨੀਆ ਦੇ ਸਾਰੇ ਗਲੇਸ਼ੀਅਰ ਖ਼ਤਰੇ ਵਿਚ

**ਤਰਸੇਮ ਸਿੰਘ**



ਬ੍ਰਹਿਮੰਡ ਦੇ ਸਾਰੇ ਗ੍ਰਹਿਆਂ ਵਿਚੋਂ ਧਰਤੀ ਇਕ ਅਜਿਹਾ ਵਿਲੱਖਣ ਗ੍ਰਹਿ ਹੈ ਜਿਸ 'ਤੇ ਜੀਵਨ ਸੰਭਵ ਹੈ ਪਰ ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਚਰਚਾਵਾਂ ਚੱਲ ਰਹੀਆਂ ਹਨ ਜੋ ਆਉਣ ਵਾਲੇ ਸਮੇਂ ਵਿਚ ਪੈਦਾ ਹੋਣ ਵਾਲੇ ਖ਼ਤਰਿਆਂ ਵੱਲ ਇਸ਼ਾਰਾ ਕਰਦੀਆਂ ਹਨ। ਪਿਛਲੇ ਦੋ ਕੁ ਦਹਾਕਿਆਂ ਤੋਂ ਵਾਰ-ਵਾਰ ਇਹ ਖ਼ਬਰ ਅਖ਼ਬਾਰਾਂ ਅਤੇ ਟੈਲੀਵਿਜ਼ਨ ਵਿਚ ਆਮ ਆਉਂਦੀ ਰਹਿੰਦੀ ਹੈ ਕਿ ਗਲੋਬਲ ਵਾਰਮਿੰਗ ਕਰਕੇ ਧਰਤੀ ਦਾ ਤਾਪਮਾਨ ਵਧ ਰਿਹਾ ਹੈ ਅਤੇ ਦੁਨੀਆ ਦੇ ਸਾਰੇ ਗਲੇਸ਼ੀਅਰ ਖ਼ਤਰੇ ਵਿਚ ਹਨ। ਇਸ ਵਿਸ਼ੇ ਨੂੰ ਲੈ ਕੇ ਦੁਨੀਆ ਦੇ ਵਿਕਸਤ ਦੇਸ਼ ਕਈ ਮੀਟਿੰਗਾਂ ਵੀ ਕਰ ਚੁੱਕੇ ਹਨ ਅਤੇ ਗਲੋਬਲ ਵਾਰਮਿੰਗ ਨੂੰ ਘਟਾਉਣ ਦੇ ਤਰੀਕਿਆਂ 'ਤੇ ਵਿਚਾਰ-ਵਟਾਂਦਰੇ ਵੀ ਕਰਦੇ ਰਹਿੰਦੇ ਹਨ। ਜੇਕਰ ਸੱਚਮੁਚ ਹੀ ਗਲੇਸ਼ੀਅਰ ਖ਼ਤਰੇ ਵਿਚ ਹਨ ਤਾਂ ਇਹ ਜਾਣਨਾ ਜ਼ਰੂਰੀ ਹੈ ਕਿ ਗਲੇਸ਼ੀਅਰਾਂ 'ਤੇ ਕਿਹੋ ਜਿਹਾ ਖ਼ਤਰਾ ਮੰਡਰਾ ਰਿਹੈ? ਗਲੇਸ਼ੀਅਰਾਂ ਦੇ ਪਿਘਲਣ ਨਾਲ ਮਨੁੱਖੀ ਜੀਵਨ 'ਤੇ ਕੀ ਮਾੜੇ ਪ੍ਰਭਾਵ ਪੈ ਸਕਦੇ ਹਨ ਅਤੇ ਕੀ ਇਨ੍ਹਾਂ ਖ਼ਤਰਿਆਂ ਨੂੰ ਘਟਾਇਆ ਜਾ ਸਕਦਾ ਹੈ? ਇਨ੍ਹਾਂ ਤਿੰਨ ਸਵਾਲਾਂ ਦਾ ਜਵਾਬ ਜਾਣਨਾ ਅਤਿ ਜ਼ਰੂਰੀ ਹੋ ਗਿਆ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉਤਰ ਜਾਣਨ ਤੋਂ ਪਹਿਲਾਂ ਗਲੋਬਲ ਵਾਰਮਿੰਗ ਬਾਰੇ ਜਾਣਨਾ ਵੀ ਅਤਿ ਜ਼ਰੂਰੀ ਹੈ।

## ਕੀ ਹੈ ਗਲੋਬਲ ਵਾਰਮਿੰਗ ?

ਗਲੋਬਲ ਵਾਰਮਿੰਗ ਤੋਂ ਭਾਵ ਹੈ ਧਰਤੀ ਦੀ ਸਤ੍ਹਾ ਦੇ ਨੇੜੇ ਦੇ ਆਮ ਤਾਪਮਾਨ ਵਿਚ ਵਾਧਾ ਹੋ ਜਾਣਾ। ਇਹ ਵਾਧਾ ਕਾਰਬਨ ਡਾਈਆਕਸਾਈਡ, ਮੀਥੇਨ ਅਤੇ ਨਾਈਟਰਸ ਆਕਸਾਈਡ ਵਰਗੀਆਂ ਗੈਸਾਂ ਦੇ ਕਾਰਨ ਹੁੰਦਾ ਹੈ ਜੋ ਕਿ ਘਰਾਂ ਅਤੇ ਫੈਕਟਰੀਆਂ ਵਿਚ ਵਰਤੇ ਜਾਣ ਵਾਲੇ ਬਾਲਣ ਦੇ ਜਲਾਉਣ ਅਤੇ ਮੋਟਰ ਗੱਡੀਆਂ ਦੇ ਚੱਲਣ ਨਾਲ ਪੈਦਾ ਹੋਏ ਧੂੰਏ ਤੋਂ ਪੈਦਾ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਗੈਸਾਂ ਵਿਚੋਂ ਕਾਰਬਨ ਡਾਈਆਕਸਾਈਡ ਵਾਯੂਮੰਡਲ ਨੂੰ ਗਰਮ ਕਰਨ ਵਿਚ ਸਭ ਤੋਂ ਜ਼ਿਆਦਾ ਰੋਲ ਨਿਭਾਉਂਦੀ ਹੈ ਅਤੇ ਵਾਯੂਮੰਡਲ ਵਿਚ ਇਸ ਦੀ ਮਾਤਰਾ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਇਹ ਕਿੰਨੀ ਤੇਜ਼ੀ ਨਾਲ ਵਧ ਰਹੀ ਹੈ, ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ 18ਵੀਂ ਸਦੀ ਦੇ ਮੱਧ ਵਿਚ ਜਦੋਂ ਵਿਸ਼ਵ ਵਿਚ ਫੈਕਟਰੀਆਂ ਦਾ ਯੁੱਗ ਸ਼ੁਰੂ ਹੋਇਆ, ਤਾਂ ਵਾਯੂਮੰਡਲ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ 280 ਪੀ.ਪੀ ਐਮ. ( ਪਾਰਟਸ ਪਰ ਮੀਲੀਅਨ) ਸੀ ਜੋ 2014 ਵਿਚ 400 ਪੀ.ਪੀ. ਐਮ. ਪਹੁੰਚ ਗਈ ਅਤੇ ਜੇਕਰ ਅਸੀਂ ਬਾਲਣਾਂ ਦਾ ਪ੍ਰਯੋਗ ਵਰਤਮਾਨ ਦਰ ਨਾਲ ਕਰਦੇ ਰਹੇ ਤਾਂ ਇਸ ਦੀ ਮਾਤਰਾ 560 ਪੀ.ਪੀ.ਐਮ. ਪਹੁੰਚਣ ਦੀ ਸੰਭਾਵਨਾ ਹੈ। ਭਾਵ 21ਵੀਂ ਸਦੀ ਵਿਚ ਇਹ ਦੁੱਗਣੀ ਹੋ ਜਾਵੇਗੀ। ਵਾਯੂਮੰਡਲ ਵਿਚ ਇਹ ਗੈਸ ਜਿਵੇਂ-ਜਿਵੇਂ ਵਧਦੀ ਜਾਵੇਗੀ, ਧਰਤੀ ਦੀ ਸਤ੍ਹਾ ਦਾ ਤਾਪਮਾਨ ਵੀ ਵਧਦਾ ਜਾਵੇਗਾ ਅਤੇ 21ਵੀਂ ਸਦੀ ਦੇ ਅੰਤ ਤੱਕ (1985-2005 ਦੇ ਮੁਕਾਬਲੇ) 0.3 ਤੋਂ 5.4 ਡਿਗਰੀ ਸੈਂਟੀਗਰੇਡ ਤਕ ਵਧ ਸਕਦਾ ਹੈ। ਏਨਾ ਵਾਧਾ ਹੋਣ ਕਰਕੇ ਗਲੇਸ਼ੀਅਰਾਂ 'ਤੇ ਜੰਮੀ ਬਰਫ਼ ਪਿਘਲਣੀ ਸ਼ੁਰੂ ਹੋ ਸਕਦੀ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਜੇਕਰ ਏਨੇ ਥੋੜੇ ਸਮੇਂ ਵਿਚ 2 ਡਿਗਰੀ ਤੋਂ ਜ਼ਿਆਦਾ ਵਾਧਾ ਹੁੰਦਾ ਹੈ ਤਾਂ ਕਈ ਸਮਾਜਿਕ, ਆਰਥਿਕ ਅਤੇ ਕੁਦਰਤੀ ਨੁਕਸਾਨ ਹੋ ਸਕਦੇ ਹਨ। ਇਹਨਾਂ ਨੁਕਸਾਨਾਂ ਵਿਚ ਕਈ ਪੌਦਿਆਂ ਅਤੇ ਜੰਤੂਆਂ ਦੀਆਂ ਪਰਜਾਤੀਆਂ ਲੁਪਤ ਹੋ ਸਕਦੀਆਂ ਹਨ ਅਤੇ ਮੌਸਮ ਤਬਦੀਲੀ ਨਾਲ ਖੇਤੀਬਾੜੀ ਢੰਗ ਵੀ ਬਦਲ ਸਕਦੇ ਹਨ। ਇਕ ਅਨੁਮਾਨ ਅਨੁਸਾਰ ਪਿਛਲੀ ਸਦੀ ਵਿਚ ਸਮੁੰਦਰ ਤਲ ਵਿਚ 19-21 ਸੈਂਟੀਮੀਟਰ ਦਾ ਵਾਧਾ ਹੋਇਆ ਹੈ ਅਤੇ ਸਦੀ ਦੇ ਪਹਿਲੇ ਅੱਧ ਦੇ ਮੁਕਾਬਲੇ ਦੂਜੇ ਅੱਧ ਵਿਚ ਜ਼ਿਆਦਾ ਵਾਧਾ ਹੋਇਆ ਹੈ ਅਤੇ 21 ਵੀਂ ਸਦੀ ਦੇ ਅੰਤ ਤਕ ਇਹ ਵਾਧਾ 90-95 ਸੈਂਟੀਮੀਟਰ ਵੀ ਹੋ ਸਕਦਾ ਹੈ ਅਤੇ ਇਕ ਮੀਟਰ ਵਾਧੇ ਦੀ ਸੰਭਾਵਨਾ ਵੀ ਹੋ ਸਕਦੀ ਹੈ। ਹੁਣ ਅੰਦਾਜ਼ਾ ਲਗਾਓ ਕਿ ਜੇਕਰ ਸਮੁੰਦਰ ਦੇ ਤਲ ਵਿਚ ਇਕ ਮੀਟਰ ਦਾ ਵਾਧਾ ਹੁੰਦਾ ਹੈ ਤਾਂ ਧਰਤੀ ਦਾ ਕਿੰਨਾ ਭਾਗ ਸਮੁੰਦਰ ਵਿਚ ਡੁੱਬ ਜਾਵੇਗਾ? ਕਈ ਦੇਸ਼ ਤਾਂ ਚਾਰੇ ਪਾਸਿਆਂ ਤੋਂ ਸਮੁੰਦਰ ਨਾਲ ਘਿਰੇ ਹੋਏ ਹਨ ਅਤੇ ਇਨ੍ਹਾਂ ਦੇਸ਼ਾਂ ਦੀ ਹੋਂਦ ਖ਼ਤਰੇ ਵਿਚ ਪੈ ਸਕਦੀ ਹੈ। ਪੌਦਿਆਂ ਅਤੇ ਜੰਤੂਆਂ ਦੀਆਂ ਪ੍ਰਜਾਤੀਆਂ ਲੁਪਤ ਹੋਣ ਕਾਰਨ ਕੁਦਰਤੀ ਸੰਤੁਲਨ ਵਿਗੜ ਸਕਦਾ ਹੈ ਅਤੇ ਜੀਵਨ ਦੀ ਹੋਂਦ ਨੂੰ ਵੀ ਖ਼ਤਰਾ ਪੈਦਾ ਹੋ ਸਕਦਾ ਹੈ।

## ਕਿਵੇਂ ਘਟੇ ਖ਼ਤਰਾ ?

ਗਲੋਬਲ ਵਾਰਮਿੰਗ ਵਿਚ ਕਾਰਬਨ ਡਾਈਆਕਸਾਈਡ ਮੁੱਖ ਭੂਮਿਕਾ ਨਿਭਾਉਂਦੀ ਹੈ, ਇਸ ਲਈ ਇਸ ਦੇ ਅਸਰ ਨੂੰ ਘਟਾਉਣ ਦਾ ਇਕੋ-ਇਕ ਤਰੀਕਾ ਹੈ ਕਿ ਵਾਯੂਮੰਡਲ ਵਿਚੋਂ ਇਸ ਦੀ ਮਾਤਰਾ ਘਟਾਈ ਜਾਵੇ। ਵਾਯੂਮੰਡਲ ਵਿਚੋਂ ਇਸ ਦੀ ਖਪਤ ਪੌਦਿਆਂ ਦੁਆਰਾ ਆਪਣਾ ਭੋਜਨ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਲਈ ਜਿੰਨੇ ਪੌਦੇ ਜ਼ਿਆਦਾ ਹੋਣਗੇ ਉਨੀ ਹੀ ਜ਼ਿਆਦਾ ਇਸਦੀ ਖਪਤ ਵਧੇਗੀ। ਧਰਤੀ 'ਤੇ ਵਧੀਆ ਜੀਵਨ ਜਿਊਣ ਲਈ ਧਰਤੀ ਦਾ ਇਕ-ਤਿਹਾਈ ਹਿੱਸਾ ਜੰਗਲਾਂ ਅਧੀਨ ਹੋਣਾ ਜ਼ਰੂਰੀ ਹੈ ਪਰ ਭਾਰਤ ਦੇ ਜ਼ਿਆਦਾਤਰ ਸੂਬਿਆਂ ਵਿਚ ਤਾਂ 10 ਫ਼ੀਸਦੀ ਹਿੱਸਾ ਵੀ ਜੰਗਲਾਂ ਅਧੀਨ ਨਹੀਂ ਹੈ। ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਖੇਤਰ ਜੰਗਲਾਂ ਅਧੀਨ ਲਿਆਂਦਾ ਜਾਵੇ ਪਰ ਨਵੇਂ ਰੁੱਖ ਤਾਂ ਕੀ ਲਗਾਉਣੇ ਸੀ, ਜਿਆਦਾ ਸ਼ਹਿਰੀਕਰਨ, ਫੈਕਟਰੀਆਂ ਅਤੇ ਚੌੜੀਆਂ ਸੜਕਾਂ ਨੇ ਤਾਂ ਪੁਰਾਣੇ ਰੁੱਖ ਵੀ ਨਿਗਲ ਲਏ ਹਨ। ਪੁਰਾਣੇ ਸਮੇਂ ਵਿਚ ਲੋਕ ਬੋਹੜ, ਪਿੱਪਲ, ਅੰਬ ਅਤੇ ਜਾਮੁਣ ਦੇ ਰੁੱਖ ਲਗਾਉਣਾ ਪੁੰਨ ਦਾ ਕੰਮ ਸਮਝਦੇ ਸੀ ਅਤੇ ਸਾਡੇ ਧਰਮ ਗ੍ਰੰਥਾਂ ਵਿਚ ਵੀ ਪਿੱਪਲ ਅਤੇ ਅੰਬ ਦੀ ਪੂਜਾ ਦਾ ਜ਼ਿਕਰ ਸਦੀਆਂ ਤੋਂ ਆਉਂਦਾ ਹੈ। ਸਾਡੇ ਬਜ਼ੁਰਗ ਕਿੰਨੇ ਸਿਆਣੇ ਸੀ ਜੋ ਰੁੱਖਾਂ ਦੀ ਮਹੱਤਤਾ ਨੂੰ ਸਮਝਦੇ ਸਨ ਅਤੇ ਉਹ ਜਾਣਦੇ ਸੀ ਕਿ ਪੂਜਨੀਕ ਹੋਣ ਕਰਕੇ ਲੋਕ ਇਨ੍ਹਾਂ ਰੁੱਖਾਂ ਨੂੰ ਕੱਟਣ ਤੋਂ ਪ੍ਰਹੇਜ ਕਰਨਗੇ ਪਰ ਅੱਜਕਲ੍ਹ ਜੇਕਰ ਲੋਕ ਰੁੱਖ ਲਗਾਉਂਦੇ ਵੀ ਹਨ, ਤਾਂ ਉਹ ਉਨ੍ਹਾਂ ਰੁੱਖਾਂ ਨੂੰ ਹੀ ਤਰਜੀਹ ਦਿੰਦੇ ਹਨ, ਜਿਹੜੇ ਕੁਝ ਕੁ ਸਾਲਾਂ ਬਾਅਦ ਹੀ ਉਹਨਾਂ ਨੂੰ ਮੁਨਾਫ਼ਾ ਦੇ ਸਕਣ। ਅੱਜ ਲੋੜ ਹੈ ਲੋਕਾਂ ਨੂੰ ਜਾਗਰੂਕ ਅਤੇ ਪ੍ਰੇਰਿਤ ਕਰਨ ਦੀ, ਤਾਂ ਜੋ ਲੋਕ ਜ਼ਿਆਦਾ ਤੋਂ ਜ਼ਿਆਦਾ ਉਹ ਰੁੱਖ ਲਗਾਉਣ ਜੋ ਲੰਬੇ ਸਮੇਂ ਤੱਕ ਰਹਿੰਦੇ ਹਨ। ਰੁੱਖ ਲਗਾਉਣ ਤੋਂ ਇਲਾਵਾ ਸਾਨੂੰ ਉਹਨਾਂ ਕਾਰਨਾਂ ਨੂੰ ਵੀ ਸਮਝਣਾ ਪਵੇਗਾ ਜਿਨ੍ਹਾਂ ਕਾਰਨ ਕਾਰਬਨ ਡਾਈਆਕਸਾਈਡ ਉਤਸਰਜਿਤ ਹੋ ਕੇ ਵਾਯੂਮੰਡਲ ਵਿਚ ਜਾਂਦੀ ਹੈ। ਪਿਛਲੇ ਦੋ ਦਹਾਕਿਆਂ ਤੋਂ ਸੰਸਾਰ ਵਿਚ ਮੋਟਰ ਗੱਡੀਆਂ ਦਾ ਤਾਂ ਜਿਵੇਂ ਹੜ੍ਹ ਹੀ ਆ ਗਿਆ ਹੈ। ਇਹਨਾਂ ਗੱਡੀਆਂ ਵਿਚ ਪ੍ਰਯੋਗ ਹੋਣ ਵਾਲੇ ਬਾਲਣ ਤੋਂ ਬਹੁਤ ਹੀ ਜ਼ਿਆਦਾ ਕਾਰਬਨ ਡਾਈਆਕਸਾਈਡ ਪੈਦਾ ਹੋ ਕੇ ਵਾਯੂਮੰਡਲ ਵਿਚ ਜਾ ਰਹੀ ਹੈ। ਹੁਣ ਸਮਾਂ ਆ ਗਿਆ ਇਹਨਾਂ ਗੱਡੀਆਂ ਵਿਚ ਵਰਤੇ ਜਾਣ ਵਾਲੇ ਬਾਲਣ ਦਾ ਬਦਲ ਲੱਭਣ ਦਾ ਅਤੇ ਇਹਨਾਂ ਦੀ ਉਮਰ ਨਿਰਧਾਰਿਤ ਕਰਨ ਦਾ, ਕਿਉਂਕਿ ਪੁਰਾਣੀਆਂ ਗੱਡੀਆਂ ਕੁਝ ਸਮੇਂ ਤੋਂ ਬਾਅਦ ਜ਼ਿਆਦਾ ਪ੍ਰਦੂਸ਼ਣ ਫੈਲਾਉਂਦੀਆਂ ਹਨ। ਘਰਾਂ ਅਤੇ ਫੈਕਟਰੀਆਂ ਵਿਚ ਵਰਤ ਹੋਣ ਵਾਲੇ ਬਾਲਣਾਂ ਦੇ ਵੀ ਬਦਲ ਲੱਭਣੇ ਪੈਣਗੇ। ਸੋਲਰ, ਹਵਾ ਅਤੇ ਜਲ ਊਰਜਾਂ ਦਾ ਪ੍ਰਯੋਗ ਕਰ ਕੇ ਬਿਜਲੀ ਉਤਪਾਦਨ ਵਧਾਉਣਾ ਅਤੇ ਕੋਲੇ ਤੇ ਡੀਜ਼ਲ ਦੀ ਵਰਤੋਂ ਘਟਾਉਣੀ ਪਵੇਗੀ। ਸਭ ਤੋਂ ਆਸਾਨ ਤੇ ਸਸਤਾ ਤਰੀਕਾ ਹੈ ਕਿ ਲੋਕਾਂ ਨੂੰ ਗਲੋਬਲ ਵਾਰਮਿੰਗ ਬਾਰੇ ਜਾਗਰੂਕ ਕਰ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਕਾਰਬਨ ਡਾਈਆਕਸਾਈਡ ਪੈਦਾ ਕਰਨ ਵਾਲੇ ਬਾਲਣਾਂ ਦਾ ਘੱਟ ਪ੍ਰਯੋਗ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਜੇਕਰ ਲੋਕਾਂ ਦਾ ਸਹਿਯੋਗ ਹੋਵੇ ਤਾਂ ਦੁਨੀਆ ਦੀ ਕੋਈ ਵੀ ਸਮੱਸਿਆ ਐਸੀ ਨਹੀਂ ਜਿਸ 'ਤੇ ਕਾਬੂ ਨਾ ਪਾਇਆ ਜਾ ਸਕੇ, ਇਸ ਲਈ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਵਧੀਆ ਜੀਵਨ ਗੁਜ਼ਾਰ ਸਕਣ, ਤਾਂ ਆਓ ਮਿਲ ਕੇ ਗਲੋਬਲ ਵਾਰਮਿੰਗ ਦੇ ਪ੍ਰਭਾਵ ਨੂੰ ਘੱਟ ਕਰਨ ਵਿਚ ਵੱਧ ਤੋਂ ਵੱਧ ਰੁੱਖ ਲਗਾ ਕੇ ਆਪਣਾ ਯੋਗਦਾਨ ਪਾਈਏ।

# ਆਲੀਵਾਲ ਦੀ ਲੜਾਈ ਨਾਲ ਜੁੜਿਆ ਸਮਾਰਕ

**ਹਰਭਿੰਦਰ ਕੌਲਧਾਰ**



26 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸ਼ਾਹੀ ਦਰਬਾਰ ਉੱਤੇ ਕਬਜ਼ਾ ਕਰਨ ਲਈ ਲਾਹੌਰ ਦਰਬਾਰ ਵਿੱਚ ਖ਼ੂਨ ਦੀ ਖੇਡ ਸ਼ੁਰੂ ਹੋ ਗਈ। ਤਿੰਨ ਚਾਰ ਸਾਲਾਂ ਵਿੱਚ ਹੀ ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦਾ ਕਤਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾਇਆ ਗਿਆ, ਜਿਸ ਦੀ ਉਮਰ ਮਹਿਜ਼ ਪੰਜ ਕੁ ਵਰ੍ਹਿਆਂ ਦੀ ਸੀ। ਫ਼ੌਜ ਕਾਫ਼ੀ ਸ਼ਕਤੀਆਂ ਹਥਿਆ ਚੁੱਕੀ ਸੀ। ਸੰਨ 1839 ਤੋਂ 1845 ਤਕ ਡੋਗਰਾ ਸਰਦਾਰ ਗਿਆਨ ਸਿੰਘ,ਹੀਰਾ ਸਿੰਘ, ਚੰਦ ਕੌਰ ਅਤੇ ਵਜ਼ੀਰ ਜਵਾਹਰ ਸਿੰਘ ਵੀ ਮਾਰੇ ਜਾ ਚੁੱਕੇ ਸਨ। ਅੰਗਰੇਜ਼ ਪੰਜਾਬ ਵਿੱਚ ਵਾਪਰ ਰਹੀਆ ਘਟਨਾਵਾਂ ਨੂੰ ਬੜੀ ਨੀਝ ਨਾਲ ਵੇਖ ਰਹੇ ਸਨ ਤੇ ਪੰਜਾਬ ਉੱਤੇ ਕਬਜ਼ਾ ਕਰਨ ਲਈ ਤਰਲੋ ਮੱਛੀ ਹੋ ਰਹੇ ਸਨ। ਅੰਗਰੇਜ਼ਾਂ ਨੇ ਸਿੱਖਾਂ ਨੂੰ ਆਪਣੀ ਵਿਸਥਾਰ ਨੀਤੀ ਨਾਲ ਉਲਝਾ ਦਿੱਤਾ, ਜਿਸ ਦੇ ਫ਼ਲਸਰੂਪ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਭਿਆਨਕ ਯੁੱਧ ਹੋਇਆ, ਜਿਸ ਨੂੰ ਇਤਿਹਾਸ ਵਿੱਚ ਅੰਗਰੇਜ਼-ਸਿੱਖ ਯੁੱਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਹਿਤ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਮੁੱਦਕੀ, ਫ਼ਿਰੋਜ਼ ਸ਼ਾਹ, ਬੱਦੋਵਾਲ, ਸਭਰਾਓਂ ਅਤੇ ਆਲੀਵਾਲ ਦੀਆਂ ਲੜਾਈਆਂ ਲੜੀਆਂ ਗਈਆਂ। ਆਲੀਵਾਲ ਦੀ ਲੜਾਈ 28 ਜਨਵਰੀ 1846 ਨੂੰ ਅਜੋਕੇ ਲੁਧਿਆਣਾ ਜ਼ਿਲ੍ਹੇ ਦੇ ਬੇਟ ਖੇਤਰ ਵਿੱਚ ਸਥਿਤ ਪਿੰਡ ਆਲੀਵਾਲ ਵਿੱਚ ਲੜੀ ਗਈ ਸੀ। ਅੰਗਰੇਜ਼ੀ ਫ਼ੌਜ ਦਾ ਅਫ਼ਸਰ ਸਰ ਹੈਨਰੀ ਸਮਿੱਥ, ਸਰਦਾਰ ਰਣਜੋਧ ਸਿੰਘ ਕੋਲੋਂ

ਬਾਕੀ ਸਫ਼ਾ 32 'ਤੇ

# Sir Speedy Tustin
*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin


Jagjit Singh Bains

CUSTOMIZED SWEET BOXES

*South Asian Wedding Cards*

CALL NOW

## ਵਾਟਕੌਮ ਕਾਊਂਟੀ ਐਗਜ਼ੈਕਟਿਵ ਦੀ ਚੋਣ ਵਾਸਤੇ ਦੰਗਲ ਸ਼ੁਰੂ

ਮੈਂਬਰ ਚੁਣੇ ਗਏ ਸਨ। ਹੁਣ ਉਹ ਇਨਾਂ ਚੋਣਾਂ ਵਿਚ ਵਾਟਕੌਮ ਕਾਊਂਟੀ ਐਗਜ਼ੈਕਟਿਵ ਦੀ ਪੁਜ਼ੀਸ਼ਨ ਲਈ ਚੋਣ ਮੈਦਾਨ ਵਿਚ ਨਿੱਤਰੇ ਹਨ। ਸਤਪਾਲ ਸਿੱਧੂ ਪੜੇ-ਲਿਖੇ, ਮਿਹਨਤੀ, ਮਿਲਣਸਾਰ ਅਤੇ ਅਗਾਂਹਵਧੂ ਖਿਆਲਾਂ ਦੇ ਇਨਸਾਨ ਹਨ ਜੋ ਵਾਟਕੌਮ ਕਾਊਂਟੀ ਕਾਲਜ ਵਿਚ ਡੀਨ ਵੀ ਰਹਿ ਚੁੱਕੇ ਹਨ। ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਫੈਸਲਾ ਕੀਤਾ ਹੈ ਕਿ ਇਕਮੁੱਠ ਹੋ ਕੇ ਸਤਪਾਲ ਸਿੱਧੂ ਦੀ ਹਮਾਇਤ ਕਰਕੇ ਇਹ ਵੱਕਾਰੀ ਚੋਣ ਜਿੱਤੀ ਜਾਵੇ। ਕੈਂਟ ਸਿਟੀ ਕੌਂਸਲ ਮੈਂਬਰ ਦੀ ਪੁਜ਼ੀਸ਼ਨ ਵਿਚ ਮੁਢਲੀ ਚੋਣ ਜਿੱਤ ਚੁੱਕੇ ਹੀਰਾ ਸਿੰਘ ਭੁੱਲਰ ਦੀ ਵੀ ਹਮਾਇਤ ਕੀਤੀ ਜਾ ਰਹੀ ਹੈ।

## ਡੇਟਨ ਵਿਖੇ ਆਯੋਜਿਤ ਨੈਸ਼ਨਲ ਨਾਈਟ ਆਊਟ ਪ੍ਰੋਗਰਾਮ ਵਿਚ ਸਿੱਖਾਂ ਨੇ ਕੀਤੀ ਭਰਵੀਂ ਸ਼ਮੂਲੀਅਤ

ਨੇ ਕਿਹਾ ਕਿ ਹਰ ਸਾਲ ਸ਼ਹਿਰ ਵਾਸੀਆਂ ਨਾਲ ਚੰਗੇ ਸਬੰਧ ਕਾਇਮ ਕਰਨ ਲਈ ਇਹ ਪ੍ਰੋਗਰਾਮ ਕਰਵਾਇਆ ਜਾਂਦਾ ਹੈ। ਇਸ ਮੌਕੇ ਭਾਗ ਲੈਣ ਵਾਲਿਆਂ ਲਈ ਮੁਫ਼ਤ ਖਾਣੇ, ਸਨੈਕ ਦਿੱਤੇ ਤੇ ਨੌਜੁਆਨਾਂ ਲਈ ਬਾਈ-ਸਾਈਕਲ ਹੈਲਮਟ ਵੰਡੇ। ਸਪਰਿੰਗ ਫੀਲਡ ਦੇ ਵਸਨੀਕ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਕਮਿਊਨਿਟੀ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਬੀਵਰਕ੍ਰੀਕ ਦੇ ਵਸਨੀਕ ਫਲਾਈ ਅੰਮ੍ਰਿਤਸਰ ਮੁਹਿੰਮ ਦੇ ਕਵਨੀਨਰ ਅਤੇ ਸਮਾਜ ਸੇਵਕ ਸਮੀਪ ਸਿੰਘ ਗੁਮਟਾਲਾ ਨੇ ਡੇਟਨ ਵਿਖੇ ਹਾਲ ਹੀ ਵਿਚ ਹੋਈ ਸ਼ੂਟਿੰਗ ਦੌਰਾਨ ਜਲਦੀ ਨਾਲ ਹਤਿਆਰੇ ਨੂੰ ਕਾਬੂ ਪਾਉਣ ਲਈ ਪੁਲੀਸ ਦੀ ਸ਼ਲਾਘਾ ਕੀਤੀ। ਇਸ ਵਿਚ ਹੱਤਿਆਰੇ ਸਮੇਤ ਨੌਂ ਜਾਨਾਂ ਗਈਆਂ। ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ, ਸਮਾਜ ਸੇਵਕ ਤੇ ਉੱਘੇ ਲਿਖਾਰੀ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਮੈਂ ਹਮੇਸ਼ਾ ਆਪਣੀ ਅਮਰੀਕਾ ਫੇਰੀ ਦੌਰਾਨ ਕਮਿਊਨਿਟੀ ਦੇ ਪ੍ਰੋਗਰਾਮਾਂ, ਪਰੇਡਾਂ, ਸਭਿਆਚਾਰਕ ਮੇਲਿਆਂ ਆਦਿ ਵਿਚ ਸ਼ਾਮਲ ਹੁੰਦਾ ਹਾਂ।

## ਮਨੂਵਾਦ ਬਨਾਮ ਕਸ਼ਮੀਰੀ ਬੀਬੀਆਂ

ਕੁਝ ਕੀਤਾ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਹਾਰੀਆਂ ਕੌਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਇਆ ਜਾ ਸਕੇ। ਪਰ ਸਿਖ ਪੰਥ ਨੇ ਗੁਰੂ ਦੇ ਹੁਕਮ ਆਨੁਸਾਰ ਹਰ ਧੀ ਭੈਣ ਦੀ ਪੈਜ ਰਖੀ। ਹਾਰੇ ਦੁਸਮਣਾਂ, ਬੰਦੀਆਂ ਨਾਲ ਚੰਗਾ ਸਲੂਕ ਕੀਤਾ ਤੇ ਦੁਸ਼ਮਣ ਦੀ ਔਰਤ ਨੂੰ ਆਪਣੀ ਧੀ ਭੈਣ ਸਮਝਿਆ। ਅਬਦਾਲੀ ਤੇ ਨਾਦਰ ਸ਼ਾਹ ਵਲੋਂ ਗੁਲਾਮ ਬਣਾਈਆਂ ਹਿੰਦੂ ਔਰਤਾਂ ਨੂੰ ਸ਼ਮਸੀਰਾਂ ਨਾਲ ਬਚਾਕੇ ਘਰੋ ਘਰੀ ਛਡਿਆ। 18ਵੀਂ ਸਦੀ ਦੌਰਾਨ ਕਾਜ਼ੀ ਨੂਰ ਮੁਹੰਮਦ ਆਪਣੇ ਹਾਕਮਾਂ ਵਾਂਗ ਸਿੱਖਾਂ ਦਾ ਕੱਟੜ ਦੁਸ਼ਮਣ ਸੀ ਅਤੇ ਉਨ੍ਹਾਂ ਨੂੰ ਬੇਹੱਦ ਨਫ਼ਰਤ ਕਰਦਾ ਸੀ। ਉਹ ਸਿੱਖਾਂ ਨੂੰ ਸਗ (ਕੁੱਤੇ) ਕਾਲੇ ਮੂੰਹ ਵਾਲੇ, ਸੂਰ-ਖਾਣੇ, ਪਲੀਤ, ਦੋਜ਼ਖ਼ੀ, ਆਦਿ ਆਖਦਾ ਹੈ ਪਰ ਜਦੋਂ ਉਹ ਥਾਂ-ਥਾਂ 'ਤੇ ਸਿੱਖਾਂ ਦੀ ਨਿਡਰਤਾ, ਦਲੇਰੀ, ਬਹਾਦਰੀ ਅਤੇ ਉਨ੍ਹਾਂ ਦੇ ਉੱਚੇ ਚਰਿੱਤਰ ਨੂੰ ਵੇਖਦਾ ਹੈ ਤਾਂ ਉਨ੍ਹਾਂ ਦੀ ਤਾਰੀਫ਼ ਕਰਨੋਂ ਵੀ ਨਹੀਂ ਰਹਿ ਸਕਦਾ। ਇਕ ਦਿਨ ਕਾਜ਼ੀ ਆਪਣੀ ਫ਼ੌਜ ਦੇ ਤੰਬੂਆਂ ਤੋਂ ਬਾਹਰ ਟਹਿਲ ਰਿਹਾ ਸੀ। ਅਚਾਨਕ ਸਿੱਖਾਂ ਦਾ ਇਕ ਜਥਾ 'ਸਤ ਸ੍ਰੀ ਅਕਾਲ' ਦੇ ਜੈਕਾਰੇ ਲਾਉਂਦਾ, ਤੰਬੂਆਂ 'ਤੇ ਟੁੱਟ ਪਿਆ। ਉਨ੍ਹਾਂ ਦੇ ਹੱਥਾਂ ਵਿਚ ਨੰਗੀਆਂ ਤਲਵਾਰਾਂ ਸਨ। ਕਾਜ਼ੀ ਇਕਦਮ ਝਾੜੀਆਂ ਦੇ ਪਿੱਛੇ ਲੁਕ ਗਿਆ ਅਤੇ ਸਿੰਘਾਂ ਦੇ ਗੁਰੀਲਾ ਹਮਲੇ ਨੂੰ ਦੇਖਣ ਲੱਗਾ। ਸਿੱਖ ਤਲਵਾਰਾਂ ਲਹਿਰਾਉਂਦੇ ਇਕ ਤੰਬੂ ਵਿਚ ਜਾ ਵੜੇ। ਇਸ ਤੰਬੂ ਵਿਚ ਗਹਿਣਿਆਂ ਨਾਲ ਲੱਦੀਆਂ ਤੇ ਹੀਰੇ ਜਵਾਹਰਾਂ ਨਾਲ ਸ਼ਿੰਗਾਰੀਆਂ ਮੁਸਲਿਮ ਔਰਤਾਂ ਬੈਠੀਆਂ ਸਨ। ਕਾਜ਼ੀ ਨੇ ਸੋਚਿਆ ਕਿ ਸਿੱਖ ਸਾਰੇ ਗਹਿਣੇ ਲੁੱਟ ਲੈਣਗੇ ਅਤੇ ਔਰਤਾਂ ਦੀ ਖ਼ੂਬ ਬੇਇੱਜ਼ਤੀ ਕਰਨਗੇ। ਪਰ ਸਿੱਖ ਜਿਉਂ ਹੀ ਤੰਬੂ ਦੇ ਅੰਦਰ ਗਏ, ਉਨ੍ਹਾਂ ਦੀਆਂ ਤਲਵਾਰਾਂ ਹਵਾ ਵਿਚ ਹੀ ਜੰਮ ਗਈਆਂ। ਉਨ੍ਹਾਂ ਦਾ ਜਥੇਦਾਰ ਬੋਲਿਆ-'ਖ਼ਾਲਸਾ ਜੀ, ਇਹ ਬੀਬੀਆਂ ਦਾ ਤੰਬੂ ਹੈ। ਬੀਬੀਆਂ ਨੂੰ ਕੁਝ ਨਹੀਂ ਕਹਿਣਾ। ਆਓ ਕਿਸੇ ਹੋਰ ਖ਼ੇਮੇ 'ਤੇ ਹੱਲਾ ਕਰਦੇ ਹਾਂ।' ਸਾਰੇ ਸਿੱਖ ਇਕਦਮ ਤੰਬੂ ਤੋਂ ਬਾਹਰ ਆ ਗਏ। ਉਨ੍ਹਾਂ ਨੇ ਕੁਝ ਹੋਰ ਤੰਬੂਆਂ 'ਤੇ ਹਮਲਾ ਕੀਤਾ ਅਤੇ ਅੰਨ-ਅਨਾਜ ਤੇ ਹਥਿਆਰ ਲੁੱਟ ਕੇ ਔਹ ਗਏ, ਔਹ ਗਏ। ਕਾਜ਼ੀ ਨੂਰ ਮੁਹੰਮਦ ਸਿੱਖਾਂ ਦੇ ਚਰਿੱਤਰ ਤੋਂ ਐਨਾ ਮੁਤਾਸਿਰ ਹੋਇਆ ਕਿ ਉਸ ਨੂੰ ਆਪਣੇ ਜੰਗਨਾਮੇ ਵਿਚ ਸਿੱਖਾਂ ਦੀਆਂ ਸਿਫ਼ਤਾਂ ਲਿਖਣੀਆਂ ਹੀ ਪਈਆਂ।

ਕਾਜ਼ੀ ਨੂਰ ਮੁਹੰਮਦ ਨੇ ਇਹ ਜੰਗਨਾਮਾ 1765 ਈ: ਵਿਚ ਮੁਕੰਮਲ ਕਰ ਕੇ ਮੁਹੰਮਦ ਨਸੀਰ ਖ਼ਾਨ ਵਲੀ-ਏ-ਕਲਾਤ ਨੂੰ ਭੇਟ ਕਰ ਦਿੱਤਾ। ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਦੀਆਂ ਸਿਫ਼ਤਾਂ ਨੂੰ ਬਿਆਨ ਕੀਤਾ ਹੈ। ਕੁਝ ਵਾਕ ਇਸ ਤਰ੍ਹਾਂ ਹਨ-

ਹੇ ਤਲਵਾਰੀਏ, ਜੇਕਰ ਤੈਨੂੰ ਜੰਗ ਦਾ ਹੁਨਰ ਸਿੱਖਣ ਦੀ ਚਾਹ ਹੈ ਤਾਂ ਸਿੱਖਾਂ ਪਾਸੋਂ ਸਿੱਖ। ਜਦੋਂ ਇਹ ਹੱਥ ਵਿਚ ਤਲਵਾਰ ਫੜ ਲੈਂਦੇ ਹਨ ਤਾਂ ਹਿੰਦ ਤੋਂ ਸਿੰਧ ਤੱਕ ਮਾਰੋ-ਮਾਰ ਕਰਦੇ ਚਲੇ ਜਾਂਦੇ ਹਨ। ਸਰੀਰ ਕਰ ਕੇ ਹਰ ਸਿੱਖ ਇਉਂ ਜਾਪਦਾ ਹੈ ਜਿਵੇਂ ਪਹਾੜ ਦਾ ਟੁਕੜਾ ਹੋਵੇ। ਇਕ ਜਣਾ 50-50 ਆਦਮੀਆਂ ਤੋਂ ਵੀ ਵਧੀਕ ਹੈ। ਬੰਦੂਕਚੀ ਤਾਂ ਭਾਵੇਂ ਹੋਰ ਵੀ ਬਥੇਰੇ ਬਣੇ ਫਿਰਦੇ ਹਨ ਪਰ ਬੰਦੂਕ ਵਰਤਣ ਦਾ ਹੁਨਰ ਸਿੱਖਾਂ ਨਾਲੋਂ ਵੱਧ ਹੋਰ ਕੋਈ ਨਹੀਂ ਜਾਣਦਾ। ਮੇਰੀ ਇਸ ਗੱਲ ਦੇ ਗਵਾਹ ਉਹ 30 ਹਜ਼ਾਰ ਸੂਰਮੇ ਹਨ, ਜੋ ਇਨ੍ਹਾਂ ਨਾਲ ਲੋਹਾ ਲੈ ਚੁੱਕੇ ਹਨ। ਸਿੱਖ ਨਾਮਰਦ ਉੱਤੇ, ਬੇਹਥਿਆਰੇ ਤੇ ਭਗੌੜੇ ਉੱਤੇ ਵਾਰ ਨਹੀਂ ਕਰਦੇ। ਇਹ ਔਰਤਾਂ ਦਾ ਰੁਪਿਆ-ਪੈਸਾ ਜਾਂ ਗਹਿਣਾ ਨਹੀਂ ਲੁੱਟਦੇ। ਚੋਰੀ, ਯਾਰੀ ਜਾਂ ਵਿਭਚਾਰ ਇਨ੍ਹਾਂ ਦੇ ਖ਼ੂਨ ਵਿਚ ਨਹੀਂ ਹੈ। ਇਹ ਹਰ ਬੁੜ੍ਹੀ ਜਾਂ ਜਵਾਨ ਔਰਤ ਨੂੰ 'ਬੁੱਢੀ' ਕਹਿੰਦੇ ਹਨ। ਵਿਭਚਾਰੀ ਤੇ ਸੰਨ੍ਹ ਮਾਰਨ ਵਾਲੇ ਨਾਲ ਇਹ ਮੇਲ-ਮਿਲਾਪ ਨਹੀਂ ਰੱਖਦੇ। ਇਹ ਸਗ ਹਿੰਦੂਆਂ ਵਿਚੋਂ ਨਹੀਂ ਹਨ। ਇਨ੍ਹਾਂ ਭੇੜਿਆਂ ਦਾ ਰਾਹ (ਧਰਮ ਮਾਰਗ) ਵੱਖਰਾ ਹੈ। ਕਾਜ਼ੀ ਨੂਰ ਮੁਹੰਮਦ ਦਾ ਜੰਗਨਾਮਾ (1765 ਈ:) ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦਾ ਇਕ ਅਹਿਮ ਦਸਤਾਵੇਜ਼ ਹੈ, ਜਿਸ ਨੂੰ ਪੜ੍ਹ ਕੇ ਹਰ ਸਿੱਖ ਆਪਣੇ ਵਿਰਸੇ ਉੱਤੇ ਫ਼ਖ਼ਰ ਕਰ ਸਕਦਾ ਹੈ।ਕਸ਼ਮੀਰੀ ਵਿਦਿਆਰਥੀਆਂ ਨੇ ਕਿਹਾ ਹੈ ਕਿ ਉਹ ਪੰਜਾਬ ਵਿਚ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ। ਇਹ ਕਿਰਦਾਰ ਗੁਰੂ ਦੀ ਸ਼ਕਤੀ ਹੈ ਜੋ ਗੁਰੂ ਵਿਚਾਰ ਤੇ ਸਿਧਾਂਤ ਵਿਚੋਂ ਪੈਦਾ ਹੋਈ ਹੈ। ਸਚੇ ਪਾਤਸਾਹ ਦਾ ਹੁਕਮ ਖਾਲਸਾ ਪੰਥ ਨੂੰ ਹੈ, 'ਜਾਓ ਮੇਰੇ ਪੁੱਤਰੋ ਮਨੁੱਖਤਾ ਦੀ ਰਾਖੀ ਲਈ ਡਟੋ ,ਔਰਤ ਦੀ ਪੈਜ ਰਖੋ, ਮਨੁੱਖਤਾ ਨੂੰ ਸਾਂਝੀਵਾਲਤਾ ਦੇ ਆਧਾਰ ਤੇ ਬਹਾਲ ਕਰੋ। ਤੁਸੀਂ ਮਨੁਖਤਾ ਦੀ ਪੈਜ ਰਖੋ ਮੈਂ ਤੁਹਾਨੂੰ ਆਪਣੀ ਚਮਤਕਾਰੀ ਸ਼ਕਤੀ ਦੇਵਾਂਗਾ। ਮਨੁਖਤਾ ਦੇ ਵੈਰੀ ਤੁਹਾਡੇ ਕੋਲੋਂ ਹਾਰਨਗੇ। ਮੇਰੀ ਦਲੀਲ ਹੈ ਜਿਸ ਦਾ ਰਾਖਾ ਅਕਾਲ ਪੁਰਖ ਉਸ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਸਿਖ ਸ਼ਕਤੀ ਦਾ ਆਧਾਰ ਸੱਚੀ ਪਾਤਸ਼ਾਹੀ ਹੈ, ਜਿਸ ਦੀ ਸਿਰਜਣਾ ਗੁਰੂ ਗਰੰਥ ਸਾਹਿਬ ਦੇ ਰਹਿਬਰਾਂ ਦੀ ਬਾਣੀ ਦੇ ਆਧਾਰ ਅਮਲ ਤੇ ਹੁੰਦੀ ਹੈ।

## ਫਾਸ਼ੀਵਾਦ ਵੱਲ ਵਧ ਰਿਹਾ ਭਾਰਤ

ਵਿਚ ਧਰਮ ਯੁੱਧ ਮੋਰਚੇ ਲਗਾਉਣ ਦੀ ਕੀ ਲੋੜ ਸੀ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਦੇ ਇਸ ਨੂੰ ਘੱਟ ਗਿਣਤੀਆਂ ਨਾਲ ਬੇਵਫਾਈ ਦੱਸਿਆ ਹੈ ਤੇ ਕਸ਼ਮੀਰੀਆਂ ਦੇ ਹੱਕ ਵਿਚ ਨਾਅਰਾ ਮਾਰਿਆ ਹੈ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਗੁਲਾਮ ਨਬੀ ਆਜ਼ਾਦ ਨੇ ਵੀ ਕਿਹਾ ਹੈ ਕਿ ਸਰਕਾਰ ਨੇ ਚੀਨ ਅਤੇ ਪਾਕਿਸਤਾਨ ਦੀ ਸਰਹੱਦ ਨਾਲ ਲੱਗੇ ਸੰਵੇਦਨਸ਼ੀਲ ਸੂਬੇ ਨਾਲ ਖਿਲਵਾੜ ਕੀਤਾ ਹੈ। ਜੰਮੂ-ਕਸ਼ਮੀਰ ਵਰਗੇ ਸਰਹੱਦੀ ਇਲਾਕੇ ਵਿਚ ਉਥੇ ਦੀ ਜਨਤਾ ਨੂੰ ਸਾਥ ਲਏ ਬਿਨਾ ਸਿਰਫ਼ ਫੌਜ ਦੀ ਬਦੌਲਤ ਦੁਸ਼ਮਣ ਨਾਲ ਨਹੀਂ ਲੜਿਆ ਜਾ ਸਕਦਾ। ਇਸ ਮਾਮਲੇ ਕਾਰਨ ਕਾਂਗਰਸ ਸਮੇਤੀ ਸਾਰੀਆਂ ਵਿਰੋਧੀ ਪਾਰਟੀਆਂ ਨੇ ਕਸ਼ਮੀਰ ਦੇ ਮੁੱਦੇ 'ਤੇ ਸਦਨ ਵਿਚ ਹੰਗਾਮਾ ਕੀਤਾ ਸੀ ਅਤੇ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬਿਆਨ ਦੇਣ ਦੀ ਮੰਗ ਕੀਤੀ। ਇੱਥੇ ਜ਼ਿਕਰਯੋਗ ਹੈ ਕਿ ਆਜ਼ਾਦੀ ਮਿਲਣ ਵੇਲ਼ੇ ਅੰਗਰੇਜ਼ਾਂ ਨੇ ਰਾਜਿਆਂ ਤੇ ਰਜਵਾੜਿਆਂ ਨੂੰ ਇਹ ਖੁੱਲ੍ਹ ਦਿੱਤੀ ਸੀ ਕਿ ਉਹ ਭਾਰਤ ਜਾਂ ਪਾਕਿਸਤਾਨ ਵਿਚ ਸ਼ਾਮਲ ਹੋ ਸਕਦੇ ਹਨ ਜਾਂ ਆਪਣੀ ਆਜ਼ਾਦ ਹਸਤੀ ਨੂੰ ਕਾਇਮ ਰੱਖ ਸਕਦੇ ਹਨ। ਬਹੁਤ ਸਾਰੇ ਰਾਜਿਆਂ ਨੇ ਭਾਰਤ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਪਰ ਜੰਮੂ ਕਸ਼ਮੀਰ, ਜੂਨਾਗੜ੍ਹ ਅਤੇ ਹੈਦਰਾਬਾਦ ਵਿਚ ਕਈ ਮੁਸ਼ਕਲਾਂ ਪੇਸ਼ ਆਈਆਂ। ਇਹ ਮੁਸ਼ਕਲਾਂ ਵੱਖ-ਵੱਖ ਤਰੀਕਿਆਂ ਨਾਲ ਹੱਲ ਕੀਤੀਆਂ ਗਈਆਂ। ਉਸ ਵੇਲ਼ੇ ਭਾਰਤ ਸਰਕਾਰ ਨੇ ਰਾਜਿਆਂ ਤੇ ਰਜਵਾੜਿਆਂ ਨੂੰ ਕਈ ਖ਼ਾਸ ਅਧਿਕਾਰ ਦਿੱਤੇ ਅਤੇ ਬਹੁਤ ਸਾਰੇ ਰਾਜ, ਜਿਹੜੇ ਭਾਰਤ ਵਿਚ ਸ਼ਾਮਲ ਹੋਏ ਸਨ, ਵਿਚ ਰਾਜਿਆਂ ਤੇ ਰਜਵਾੜਿਆਂ ਨੂੰ ਰਾਜ-ਪ੍ਰਮੁੱਖ ਦੇ ਦਰਜੇ ਦਿੱਤੇ ਗਏ। ਇਸੇ ਪੱਖ ਤੋਂ ਸ਼ੇਖ਼ ਅਬਦੁੱਲਾ ਨੇ ਜੰਮੂ ਕਸ਼ਮੀਰ ਨੂੰ ਇਕ ਖ਼ਾਸ ਰਾਜ ਦਾ ਦਰਜਾ ਦੇਣ ਦੀ ਮੰਗ ਰੱਖੀ ਤਾਂ ਕਿ ਉਹ ਮੁਸਲਮਾਨ ਬਹੁਗਿਣਤੀ ਵਾਲੇ ਸੂਬੇ ਦਾ ਵਿਸ਼ਵਾਸ ਜਿੱਤ ਸਕਣ। ਜਵਾਹਰਲਾਲ ਨਹਿਰੂ ਨੇ ਭਾਰਤ ਦੀ ਵੱਖ-ਵੱਖ ਸੱਭਿਆਚਾਰਾਂ ਨੂੰ ਮਾਣ-ਸਨਮਾਨ ਦੇਣ ਦੀ ਨੀਤੀ ਅਨੁਸਾਰ ਇਹ ਮੰਗ ਪ੍ਰਵਾਨ ਕਰ ਲਈ ਸੀ। ਪਰ ਹੁਣ ਭਾਜਪਾ ਸਰਕਾਰ ਨੇ ਅਜਿਹਾ ਕਰਕੇ ਮੁਸਲਮਾਨਾਂ ਤੇ ਕਸ਼ਮੀਰੀਆਂ ਨਾਲ ਕੀਤੇ ਵਾਅਦੇ ਨਾਲ ਧ੍ਰੋਹ ਕਮਾਇਆ ਹੈ। ਹੁਣ ਸੱਤ ਦਹਾਕਿਆਂ ਬਾਅਦ ਜੰਮੂ-ਕਸ਼ਮੀਰ ਪ੍ਰਾਂਤ ਤੋਂ ਉਸ ਦਾ ਖ਼ਾਸ ਦਰਜਾ ਖੁਸ ਗਿਆ ਹੈ ਅਤੇ ਰਾਜ ਨੂੰ ਵੰਡ ਕੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਏ ਗਏ ਹਨ : ਇਕ ਜੰਮੂ ਤੇ ਕਸ਼ਮੀਰ ਦਾ ਅਤੇ ਦੂਸਰਾ ਲੱਦਾਖ ਦਾ। ਅਯੁੱਧਿਆ ਮਸਲੇ ਤੇ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਵੀ ਇਹੋ ਜਿਹਾ ਵਿਹਾਰ ਹੋਣ ਦੀ ਸੰਭਾਵਨਾ ਹੈ।

ਇਹ ਅਸਲ ਵਿਚ ਫਾਸ਼ੀਵਾਦੀ ਸੋਚ ਹੈ-

ਸਵਾਲ ਇਹ ਨਹੀਂ ਕਿ ਉੱਥੇ ਤਰੱਕੀ ਦੇ ਰਾਹ ਖੋਹਲੇ ਜਾਣ ਪਿੱਛੇ ਅਸਲ ਮਨਸ਼ਾ ਕੀ ਹੈ, ਸਵਾਲ ਇਹ ਵੀ ਨਹੀਂ ਕਿ ਕਸ਼ਮੀਰ ਦੀ ਧਰਤੀ ਨੂੰ ਹੜੱਪੇ ਜਾਣ ਪਿੱਛੇ ਸੋਚ ਕਿਹੜੀ ਕੰਮ ਕਰਦੀ ਹੈ, ਸਵਾਲ ਤਾਂ ਇਹ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਜੋ ਮੁਲਕ ਦੇ ਹਾਲਾਤ ਬਣੇ ਹਨ, ਉਹਨਾਂ ਪਿੱਛੇ ਕਿਹੜੀ ਸਾਜਿਸ਼ ਛੁਪੀ ਹੋਈ ਹੈ। ਜੋ ਕੁੱਝ ਕਸ਼ਮੀਰੀ ਬੱਚੀਆਂ ਪ੍ਰਤੀ ਭਾਰਤੀ ਜਨਤਾ ਪਾਰਟੀ ਦਾ ਇੱਕ ਵਿਧਾਇਕ ਕਹਿ ਰਿਹਾ ਹੈ, ਕੀ ਉਸ ਨੂੰ ਹੀ ਕਸ਼ਮੀਰ ਦਾ ਵਿਕਾਸ ਜਾਂ ਮੁਲਕ ਦੀ ਜਿੱਤ ਕਿਹਾ ਜਾਵੇਗਾ ? ਜਾਂ ਫਿਰ ਜੋ ਹਰਿਆਣੇ ਦੇ ਮੁੱਖ ਮੰਤਰੀ ਨੇ ਕਿਹਾ ਹੈ, ਕੀ ਉਹ ਸੱਚ ਹੋਣ ਵਾਲਾ ਹੈ ? ਜੇ ਅਜਿਹਾ ਹੀ ਹੋਣਾ ਹੈ ਤਾਂ ਨਿਸਚੇ ਹੀ ਪੰਜਾਬ ਵਾਸੀਆਂ ਨੂੰ ਵੀ ਅਜਿਹੀ ਤਰੱਕੀ ਦੇ ਰਸਤੇ ਬੰਦ ਕਰਨ ਲਈ ਤਿਆਰ ਰਹਿਣਾ ਪਵੇਗਾ। ਬਿਨਾ ਸ਼ੱਕ ਪੰਜਾਬ ਭਾਵੇਂ ਪਹਿਲਾਂ ਹੀ ਬਹੁਤ ਵੱਡੇ ਮੁੱਲ ਉਤਾਰੀ ਬੈਠਾ ਹੈ, ਇਸ ਦੇ ਬਾਵਜੂਦ ਵੀ ਭਾਰਤੀ ਹਾਕਮਾਂ ਦੀਆਂ ਅੱਖਾਂ ਵਿੱਚ ਓਨੀ ਦੇਰ ਰੜਕਦਾ ਰਹੇਗਾ, ਜਿੰਨੀ ਦੇਰ ਇੱਥੋਂ ਦੇ ਜਾਇਆਂ ਦੇ ਹਿਰਦੇ ਵਿੱਚ ਆਪਣੇ ਸ਼ਾਨਦਾਰ ਵਿਰਸੇ ਦੀ ਯਾਦ ਅੰਗੜਾਈ ਭਰਦੀ ਰਹੇਗੀ, ਜਿੰਨੀ ਦੇਰ ਆਪਣੇ ਖੁੱਸੇ ਰਾਜ ਭਾਗ ਨੂੰ ਮੁੜ ਪਰਾਪਤ ਕਰਨ ਦੀ ਤਾਂਘ ਉਹਨਾਂ ਦੇ ਸੀਨੇ ਵਿਚ ਜੀਵਤ ਰਹੇਗੀ, ਓਨੀ ਦੇਰ ਪੰਜਾਬ ਦੇ ਸਿਰ ਖਤਰੇ ਦੇ ਬੱਦਲ ਮੰਡਰਾਉਂਦੇ ਰਹਿਣਗੇ। ਇਹ ਉਹ ਸੋਚ ਹੈ,ਜਿਸ ਨੇ ਲਗਾਤਾਰ ਅੱਠ ਸੌ ਸਾਲ ਗੁਲਾਮੀ ਹੰਢਾਉਣ ਦੇ ਬਾਵਜੂਦ ਆਪਣੇ ਹਿਰਦੇ ਵਿਚੋਂ ਰਾਜ ਕਰਨ ਦੀ ਭਾਵਨਾ ਮਰਨ ਨਹੀਂ ਸੀ ਦਿੱਤੀ ਤੇ ਦਾਅ ਭਰਦਿਆਂ ਹੀ ਗੈਰ ਹਿੰਦੂਆਂ ਨਾਲ ਉਹੀ ਸਲੂਕ ਕਰਨਾ ਸੁਰੂ ਕਰ ਦਿੱਤਾ, ਜਿਹੜਾ ਸ਼ਾਇਦ ਭਾਰਤ 'ਤੇ ਲੰਮਾ ਸਮਾਂ ਰਾਜ ਕਰਨ ਵਾਲੇ ਮੁਗਲਾਂ ਨੇ ਵੀ ਆਪਣੇ ਵਿਰੋਧੀਆਂ ਨਾਲ ਨਹੀਂ ਸੀ ਕੀਤਾ।

## ਨਾਨਕ ਪੰਥ ਦੇ ਸ਼ਰਧਾਲੂ ਸਿੰਧੀ ਸਿੱਖ

ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਬਹੁਤੇ ਸਿੰਧੀ ਹਿੰਦੁਸਤਾਨ ਵੱਲ ਆ ਗਏ ਅਤੇ ਅਧਿਕਤਰ ਮਹਾਰਾਸ਼ਟਰ ਦੇ ਬੰਬਈ ਨਗਰ ਵਿਚ ਵਸ ਗਏ। ਇਸ ਤੋਂ ਇਲਾਵਾ ਲਖਨਊ, ਪੂਨਾ, ਹੈਦਰਾਬਾਦ ਆਦਿ ਨਗਰਾਂ ਵਿਚ ਵੀ ਇਨ੍ਹਾਂ ਦਾ ਕਾਫੀ ਵਪਾਰ ਹੈ। ਪਾਕਿਸਤਾਨ ਵਿਚ ਰਹਿ ਰਹੇ ਸਿੰਧੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਅਕਸਰ ਗੁਰਪੁਰਬਾਂ ਉੱਤੇ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਗੁਰੂ-ਧਾਮਾਂ ਵਿਚ ਬੜੇ ਚਾਅ ਨਾਲ ਸ਼ਿਰਕਤ ਕਰਦੇ ਹਨ। ਲੰਗਰ ਦਾ ਜ਼ਿਆਦਾਤਰ ਪ੍ਰਬੰਧ ਇਨ੍ਹਾਂ ਦੁਆਰਾ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਸੇਵਾ ਕਰਦਿਆਂ ਦਰਸ਼ਨ ਕਰੋ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਕਰਤਾਰ ਦੀ ਲੀਲ੍ਹਾ ਅਪਰੰਮ ਅਪਾਰ ਹੈ। ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਇਹ ਲੋਕ ਸਿੰਧ ਵਿਚ ਵੱਡੀ ਪੱਧਰ 'ਤੇ ਮਨਾਉਂਦੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ, ਗ੍ਰੰਥੀ ਸਿੰਘ, ਕੀਰਤਨੀਏ ਸਿੰਘ, ਪ੍ਰਚਾਰਕ ਆਦਿ ਵਿਸ਼ੇਸ਼ ਤੌਰ 'ਤੇ ਪੁੱਜਦੇ ਹਨ। ਸ: ਤਾਰਾ ਸਿੰਘ ਜੋ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ, ਉਹ ਵੀ ਸਿੰਧ ਪ੍ਰਾਂਤ ਨਾਲ ਸਬੰਧਤ ਹਨ। ਉਨ੍ਹਾਂ ਦੇ ਬਾਪ ਹਰੀਦਾਸ (ਹਰੀਆ) ਗੁਰੂ-ਘਰ ਦੇ ਅਨਿਨ ਸੇਵਕ ਸਨ। ਪਹਿਲਾਂ ਉਸ ਦੇ ਸਿਰ ਵੀ ਕੇਸ ਨਹੀਂ ਸਨ, ਪਰ ਬਾਅਦ ਵਿਚ ਉਹ ਕੇਸਾਧਾਰੀ ਸਿੱਖ ਬਣਿਆ। ਕੁਟੰਬ ਦੇ ਸਖ਼ਤ ਵਿਰੋਧ ਕਰਨ 'ਤੇ ਵੀ ਉਹ ਕੇਸਾਧਾਰੀ ਹੋਇਆ ਅਤੇ ਗੁਰੂ-ਘਰਾਂ ਦੀ ਬਹੁਤ ਸੇਵਾ ਕੀਤੀ। ਭਾਰਤ ਵਿਚ ਆਏ ਸਿੰਧੀਆਂ ਵਿਚੋਂ ਦਾਦਾ ਚੇਲਾ ਰਾਮ ਦਿੱਲੀ ਵਿਚ ਆ ਵਸੇ ਅਤੇ 'ਨਿਜ ਥਾਉਂ' ਨਾਂਅ ਦਾ ਆਪਣਾ ਆਸ਼ਰਮ ਪੂਸਾ ਰੋਡ ਦਿੱਲੀ ਉੱਤੇ ਸਥਾਪਿਤ ਕੀਤਾ। ਦਾਦਾ ਦੇ ਦਿਹਾਂਤ ਤੋਂ ਬਾਅਦ ਇਨ੍ਹਾਂ ਦੀ ਪੁੱਤਰੀ ਕਮਲਾ ਨੇ ਪ੍ਰਚਾਰ ਦੀ ਸੇਵਾ ਸੰਭਾਲੀ ਅਤੇ ਹੁਣ ਦਾਦਾ ਜੀ ਦਾ ਪੁੱਤਰ ਲਛਮਣ ਚੇਲਾ ਰਾਮ ਗੁਰੂ ਨਾਨਕ ਮਤ ਦੇ ਪ੍ਰਚਾਰ ਵਿਚ ਰੁਚਿਤ ਹੈ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਧੀ ਅਤੇ ਹਿੰਦੀ ਵਿਚ ਖੁਦ ਟੀਕੇ ਤਿਆਰ ਕੀਤੇ ਹਨ ਅਤੇ ਦੇਸ਼ ਦੀਆਂ ਹੋਰ ਪ੍ਰਮੁੱਖ ਭਾਸ਼ਾਵਾਂ ਅੰਗਰੇਜ਼ੀ, ਗੁਜਰਾਤੀ, ਬੰਗਾਲੀ, ਦੇਵ ਨਾਗਰੀ ਤੇ ਸਿੰਧੀ ਵਿਚ ਟੀਕੇ ਕਰਾਉਣ ਦਾ ਉੱਦਮ ਕੀਤਾ ਹੈ। ਇਸ ਨੇ ਹਿਮਾਚਲ ਪ੍ਰਦੇਸ਼ ਵਿਚ ਸੋਲਨ ਦੇ ਨੇੜੇ ਸਪਰੂਨ ਵਿਚ 'ਦਾਦਾ ਚੇਲਾ ਰਾਮ ਆਸ਼ਰਮ' ਵੀ ਸਥਾਪਿਤ ਕੀਤਾ ਹੈ। ਸੁਖਮਨੀ ਸਾਹਿਬ ਬਾਣੀ ਦੀ ਸਟੀਕ ਉੜੀਆ, ਤੇਲਗੂ, ਤਾਮਿਲ ਅਤੇ ਰੋਮਨ ਲਿਪੀ ਵਿਚ ਵੀ ਇਨ੍ਹਾਂ ਵਲੋਂ ਛਾਪਣ ਦਾ ਪ੍ਰਬੰਧ ਕੀਤਾ ਗਿਆ ਹੈ।

ਭਾਰਤ ਵਿਚ ਆ ਵਸੇ ਸਿੰਧੀ ਸ਼ੁਰੂ ਵਿਚ ਤਾਂ ਸਿੱਖ ਧਰਮ ਦੇ ਬਹੁਤ ਨੇੜੇ ਰਹੇ ਅਤੇ ਕਈ ਗੁਰਦੁਆਰੇ ਵੀ ਕਾਇਮ ਕੀਤੇ, ਪਰ ਹੌਲੀ-ਹੌਲੀ ਇਹ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਪੂਰੀ ਆਸਥਾ ਪ੍ਰਗਟ ਕਰਦੇ ਹੋਏ ਵੀ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਆਪਣੇ ਗੁਰੂਧਾਮਾਂ ਨੂੰ ਗੁਰਦੁਆਰਿਆਂ ਦੀ ਥਾਂ ਮੰਦਰ ਅਥਵਾ ਆਸ਼ਰਮ ਅਖਵਾ ਕੇ ਸੰਤੁਸ਼ਟ ਹਨ। ਇਹ ਸਿੱਖ ਪੰਥ ਦੀ ਸਿਰਮੌਰ ਸੰਸਥਾ ਦੀ ਵਿਵਸਥਾ ਤੋਂ ਭਾਵੇਂ ਦੂਰ ਹੁੰਦੇ ਜਾ ਰਹੇ ਹਨ ਪਰ ਨਿਰਮਲੇ ਅਤੇ ਉਦਾਸੀ ਸੰਪ੍ਰਦਾਵਾਂ ਦੇ ਬਹੁਤ ਨੇੜੇ ਹੋ ਕੇ ਵਿਚਰ ਰਹੇ ਹਨ। ਇਨ੍ਹਾਂ ਸੰਪਰਦਾਵਾਂ ਵਲੋਂ ਚਲਾਏ ਸਕੂਲਾਂ ਅਤੇ ਸਮਾਜ-ਸੇਵਾ-ਮੁਖੀ ਕਾਰਜਾਂ ਵਿਚ ਸਿੰਧੀ ਸਿੱਖ ਖੁੱਲ੍ਹ ਕੇ ਦਾਨ ਦਿੰਦੇ ਹਨ।

ਵੱਡੇ-ਵੱਡੇ ਧਨਾਢ ਸਿੰਧੀ ਸਿੱਖ ਘਰਾਂ ਵਿਚ ਪ੍ਰਕਾਸ਼ ਕਰਦੇ ਹਨ। ਬੱਚਿਆਂ ਦਾ ਨਾਂਅ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲੈਣ ਦੀ ਮਰਿਆਦਾ ਅਨੁਸਾਰ ਰੱਖਦੇ ਹਨ ਅਤੇ ਵਿਆਹ-ਸ਼ਾਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਨੰਦ ਰੀਤੀ ਨਾਲ ਕਰਦੇ ਹਨ। ਵਿਦੇਸ਼ਾਂ ਵਿਚ ਵੀ ਕਈ ਗੁਰਦੁਆਰੇ ਇਨ੍ਹਾਂ ਨੇ ਬਣਵਾਏ ਹਨ। ਗੁਰੂ-ਘਰ ਨਾਲ ਇਨ੍ਹਾਂ ਦਾ ਅਸੀਮ ਪ੍ਰੇਮ ਹੈ। ਸ਼੍ਰੋਮਣੀ ਕਮੇਟੀ, ਸਾਰੇ ਪੰਥਕ ਆਗੂਆਂ ਤੇ ਜਥੇਬੰਦੀਆਂ ਨੂੰ ਸਿਰ ਜੋੜ ਕੇ ਸਿੱਖ ਪੰਥ ਦੇ ਵਿਸਥਾਰ ਤੇ ਵਿਕਾਸ ਬਾਰੇ ਇਕਮੁੱਠ ਹੋਣਾ ਚਾਹੀਦਾ ਹੈ। ਗੁਰੂ-ਘਰ ਦੇ ਪ੍ਰੇਮੀਆਂ ਤੇ ਨਿਸ਼ਚਾ ਰੱਖਣ ਵਾਲੇ ਨਾਨਕਨਾਮ ਲੇਵਾ ਨੂੰ ਇਕ ਨਿਸ਼ਾਨ ਥੱਲੇ ਇਕੱਤਰ ਕਰਨ ਲਈ ਬਾਹਵਾਂ ਖੋਲ੍ਹ ਕੇ ਜੀ ਆਇਆਂ ਕਹਿਣਾ ਚਾਹੀਦਾ ਹੈ। ਜਿਸ ਤਰੀਕੇ ਨਾਲ ਕੌਮੀ ਸ਼ਕਤੀ ਖਿੰਡਪੁੰਡ ਰਹੀ ਹੈ, ਉਸ 'ਤੇ ਫਿਕਰ ਕਰਨ ਤੇ ਨਰੋਏ ਯਤਨ ਕਰਨ ਦੀ ਲੋੜ ਹੈ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀ ਮਨਾਈ ਜਾ ਰਹੀ ਛੇਵੀਂ ਅਰਧ ਸ਼ਤਾਬਦੀ ਸਮਾਗਮਾਂ ਵਿਚ ਸਿੰਧੀ ਤੇ ਬਾਕੀ ਧਿਰਾਂ ਨੂੰ ਨੁਮਾਇੰਦਗੀ ਦੇ ਕੇ ਸਰਬ ਸਾਂਝੇ ਧਰਮ ਦੀ ਅਲੰਬਰਦਾਰ ਅਖਵਾਉਣ ਵਾਲੀ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਹੱਥ ਆਇਆ ਮੌਕਾ ਖੁੰਝਾਉਣਾ ਨਹੀਂ ਚਾਹੀਦਾ। ਅੱਜ ਧਰਮ ਨਾਲ ਜੁੜੇ ਬਹੁਤ ਸਾਰੇ ਪਹਿਲੂ ਹਨ ਜੋ ਮੁਲਾਂਕਣ ਕਰਨ ਦੀ ਲੋੜ ਦੇ ਮੁਥਾਜ ਹਨ।

## ਆਲੀਵਾਲ ਦੀ ਲੜਾਈ ਨਾਲ ਜੁੜਿਆ ਸਮਾਰਕ

ਬੱਦੋਵਾਲ ਦੀ ਲੜਾਈ ਵਿੱਚ ਅੰਗਰੇਜ਼ਾਂ ਦੀ ਹੋਈ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸ ਨੇ ਗਿਆਰ੍ਹਾਂ ਹਜ਼ਾਰ ਸੈਨਿਕਾਂ ਸਮੇਤ ਸਿੱਖਾਂ 'ਤੇ ਹਮਲਾ ਕਰ ਦਿੱਤਾ। ਆਲੀਵਾਲ ਦੇ ਸਥਾਨ 'ਤੇ ਭਿਆਨਕ ਲੜਾਈ ਲੜੀ ਗਈ, ਜਿਸ ਵਿੱਚ ਸਿੱਖਾਂ ਦੀ ਵੱਡੀ ਹਾਰ ਹੋਈ। ਬਹੁਤੇ ਸਿੱਖ ਦੌੜਦੇ ਹੋਏ ਦਰਿਆ ਸਤਲੁਜ ਵਿੱਚ ਹੀ ਰੁੜ ਗਏ ਪਰ ਇਤਿਹਾਸਕ ਨਜ਼ਰੀਏ ਤੋਂ ਇਸ ਲੜਾਈ ਨੂੰ ਇੱਕ ਮਾਮੂਲੀ ਝੜਪ ਹੀ ਸਮਝਿਆ ਜਾਂਦਾ ਹੈ।

ਇਸ ਸਥਾਨ 'ਤੇ ਆਲੀਵਾਲ ਦੀ ਲੜਾਈ ਨੂੰ ਸਮਰਪਿਤ ਇੱਕ ਸਮਾਰਕ ਉਸਾਰਿਆ ਗਿਆ ਹੈ, ਜਿਸ ਨੂੰ ਪੁਰਾਤਤੱਵ ਵਿਭਾਗ ਨੇ ਅਪਣਾਇਆ ਹੋਇਆ ਹੈ। ਲੁਧਿਆਣਾ ਤੋਂ ਸਿੱਧਵਾਂ ਬੇਟ ਨੂੰ ਜਾਂਦਿਆਂ ਮੁੱਖ ਸੜਕ 'ਤੇ ਪਿੰਡ ਆਲੀਵਾਲ ਦੇ ਨੇੜੇ ਹੀ ਇਹ ਸਮਾਰਕ ਬਣਿਆ ਹੋਇਆ ਹੈ। ਜਿਸ ਪਿੰਡ ਵਿੱਚ ਅੱਜ ਕੱਲ੍ਹ ਇਹ ਸਮਾਰਕ ਸਥਿਤ ਹੈ, ਉਸ ਦਾ ਨਾਂ ਗੋਰਾ ਹੂਰ ਵੀ ਸ਼ਾਇਦ ਇਸੇ ਸਮਾਰਕ ਤੋਂ ਹੀ ਉਪਜਿਆ ਹੈ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਆਲੀਵਾਲ ਦੀ ਲੜਾਈ ਦੌਰਾਨ ਇੱਥੇ ਕਿਸੇ ਅੰਗਰੇਜ਼ ਨੇ ਸ਼ਹਾਦਤ ਦਾ ਜਾਮ ਪੀਤਾ ਸੀ, ਜਿਸ ਦੀ ਯਾਦ ਵਿੱਚ ਇਹ ਸਮਾਰਕ (ਗੋਰੇ ਦੀ ਸੀਖ) ਉਸਾਰਿਆ ਗਿਆ ਸੀ।

ਪਹਿਲੇ ਸਮਿਆਂ ਵਿੱਚ ਇਸ ਸਮਾਰਕ ਦੀ ਉਚਾਈ ਕਾਫ਼ੀ ਹੁੰਦੀ ਸੀ ਪਰ ਸੰਨ 1988 ਦੇ ਹੜ੍ਹਾਂ ਦੌਰਾਨ ਇਸ ਦਾ ਬਹੁਤਾ ਹਿੱਸਾ ਢਹਿ ਗਿਆ। ਭਾਵੇਂ ਇਹ ਸਰਕਾਰ ਦੀ ਦੇਖ ਰੇਖ ਹੇਠ ਹੈ ਪਰ ਫਿਰ ਵੀ ਸਮਾਰਕ ਦੇ ਬਾਹਰ ਆਲੀਵਾਲ ਯਾਦਗਾਰ ਤੋਂ ਇਲਾਵਾ ਕੋਈ ਇਤਿਹਾਸ ਵਿਸਥਾਰ ਵਿੱਚ ਅੰਕਿਤ ਨਹੀਂ ਕੀਤਾ ਗਿਆ ਹੈ। ਬਜ਼ੁਰਗਾਂ ਦੇ ਦੱਸਣ ਅਨੁਸਾਰ ਪਹਿਲਾਂ ਪਹਿਲ ਅੰਗਰੇਜ਼ ਇਸ ਸਥਾਨ ਨੂੰ ਵੇਖਣ ਆਉਂਦੇ ਹੁੰਦੇ ਸਨ ਪਰ ਅੱਜ ਕੱਲ੍ਹ ਇਹ ਸਮਾਰਕ ਸਰਕਾਰੀ ਬੇਰੁਖ਼ੀ ਦਾ ਸ਼ਿਕਾਰ ਹੋ ਰਿਹਾ ਹੈ।

## ਪੰਜਾਬ ਵਿਚ ਬੰਦ ਨੂੰ ਭਰਵਾਂ ਹੁੰਗਾਰਾ

ਵਰਤਾਰੇ ਦਰਸਾਉਂਦੇ ਹਨ ਕਿ ਆਜ਼ਾਦੀ ਅਜੇ ਅਮਲੀ ਤੌਰ 'ਤੇ ਆਉਣੀ ਬਾਕੀ ਹੈ। ਇਸ ਮੌਕੇ ਦਲ ਖਾਲਸਾ ਵੱਲੋਂ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਹਰਮੋਏ, ਸਿੱਖ ਯੂਥ ਆਫ ਪੰਜਾਬ ਦੇ ਜ਼ਿਲ੍ਹਾ ਜਨਰਲ ਸਕੱਤਰ ਗੁਰਨਾਮ ਸਿੰਘ ਮੂਨਕਾਂ, ਸੁਖਜਿੰਦਰ ਸਿੰਘ, ਜਸਪ੍ਰੀਤ ਸਿੰਘ, ਦਿਲਾਵਰ ਸਿੰਘ, ਬਲਕਾਰ ਸਿੰਘ ਤੇ ਆਵਾਜ਼-ਏ-ਕੌਮ ਵੱਲੋਂ ਨੋਬਲਜੀਤ ਸਿੰਘ, ਲੋਕ ਇਨਸਾਫ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਜਗਵਿੰਦਰ ਸਿੰਘ ਰਾਮਗੜ੍ਹ ਨੇ ਸੰਬੋਧਨ ਕਰਦਿਆਂ 15 ਅਗਸਤ ਨੂੰ ਕਾਲੀ ਆਜ਼ਾਦੀ ਮਨਾਉਣ ਲਈ ਇਕੱਤਰ ਹੋਣ ਦਾ ਸੱਦਾ ਦਿੱਤਾ। ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਦੇ ਚੇਅਰਮੈਨ ਜਗਦੀਸ਼ ਲਾਲ ਬੱਧਣ ਨੇ ਕਿਹਾ ਕਿ ਹਾਈਕਮਾਨ ਵੱਲੋਂ ਆਜ਼ਾਦੀ ਦਿਹਾੜੇ ਦਾ ਬਾਈਕਾਟ ਕਰਨ ਦਾ ਸੱਦਾ ਆਇਆ ਹੈ, ਜਿਸ ਸਬੰਧੀ ਸਾਰੀਆਂ ਜਥੇਬੰਦੀਆਂ ਨੂੰ ਮੀਟਿੰਗ ਕਰਕੇ ਮਤਾ ਪਾਸ ਕਰਨ ਦਾ ਸੱਦਾ ਦਿੱਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਇਸ ਮੁੱਦੇ 'ਤੇ ਕੇਂਦਰ ਸਰਕਾਰ ਨਾਲ ਗੱਲ ਕਰਨਗੇ। ਸਾਬਕਾ ਸੀਐੱਮ ਪ੍ਰਕਾਸ਼ ਸਿੰਘ ਬਾਦਲ ਨੇ ਵੀ ਮੰਦਰ ਢਾਹੁਣ ਦੀ ਘਟਨਾ ਨੂੰ ਗ਼ਲਤ ਦੱਸਿਆ ਹੈ। ਉੱਥੇ ਹੀ ਕੇਂਦਰ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਹੈ ਕਿ ਉਹ ਮੰਦਰ ਲਈ ਦੁਬਾਰਾ ਜ਼ਮੀਨ ਅਲਾਟ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੰਦਰ ਢਾਹੁਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਭਾਈਚਾਰੇ ਨੂੰ ਹਮਾਇਤ ਦਿੱਤੀ ਹੈ। ਬੰਦ ਦੌਰਾਨ ਕੌਮੀ ਮਾਰਗ, ਰਾਜ ਮਾਰਗ ਤੇ ਇੱਥੋਂ ਤੱਕ ਕਿ ਸੰਪਰਕ ਸੜਕਾਂ ਨੂੰ ਵੀ ਥਾਂ-ਥਾਂ ਤੋਂ ਬੈਰੀਕੇਡ ਲਾ ਕੇ ਰੋਕਿਆ ਗਿਆ ਸੀ। ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਤੇ ਗੁਰਦਾਸਪੁਰ, ਬਰਨਾਲਾ, ਫ਼ਿਰੋਜ਼ਪੁਰ, ਬਠਿੰਡਾ, ਮੋਗਾ ਤੇ ਫ਼ਾਜ਼ਿਲਕਾ ਵਿਚ ਵੀ ਦੇਖਣ ਨੂੰ ਮਿਲਿਆ। ਗੁਆਂਢੀ ਸੂਬੇ ਹਰਿਆਣਾ ਦੇ ਪਾਣੀਪਤ ਤੇ ਕਰਨਾਲ ਜ਼ਿਲ੍ਹਿਆਂ ਵਿਚ ਵੀ ਲੋਕਾਂ ਨੇ ਧਰਨਾ ਪ੍ਰਦਰਸ਼ਨ ਕੀਤੇ। ਪੰਜਾਬ ਬੰਦ ਦੌਰਾਨ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ, ਸਭਾ ਸੁਸਾਇਟੀਆਂ, ਡਾ. ਅੰਬੇਡਕਰ ਸਭਾਵਾਂ, ਭਗਵਾਨ ਵਾਲਮੀਕ ਸਭਾਵਾਂ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾ ਸੁਸਾਇਟੀ ਸਮੇਤ ਸਿੱਖ ਜਥੇਬੰਦੀਆਂ ਨੇ ਵੀ ਦਲਿਤ ਭਾਈਚਾਰੇ ਦਾ ਡੱਟ ਕੇ ਸਾਥ ਦਿੱਤਾ। ਦਲਿਤ ਭਾਈਚਾਰੇ 'ਚ ਭਾਰੀ ਰੋਹ ਦੇਖਣ ਨੂੰ ਮਿਲਿਆ। ਦੋਆਬੇ ਦੇ ਚਾਰ ਜ਼ਿਲ੍ਹਿਆਂ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਤੇ ਸ਼ਹੀਦ ਭਗਤ ਸਿੰਘ ਨਗਰ ਵਿਚ ਕੀਤੇ ਗਏ ਰੋਸ ਪ੍ਰਦਰਸ਼ਨਾਂ 'ਚ ਲੋਕਾਂ ਦਾ ਗੁੱਸਾ ਕੇਂਦਰ ਦੀ ਮੋਦੀ ਸਰਕਾਰ ਵੱਲ ਹੀ ਸੇਧਿਤ ਸੀ। ਰੋਸ ਧਰਨਿਆਂ ਵਿਚ ਸੱਦਾ ਦਿੱਤਾ ਗਿਆ ਕਿ 21 ਅਗਸਤ ਨੂੰ ਨਵੀਂ ਦਿੱਲੀ 'ਚ ਜੰਤਰ-ਮੰਤਰ ਵਿਚ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿਚ ਵੀ ਦਲਿਤ ਭਾਈਚਾਰਾ ਵਧ-ਚੜ੍ਹ ਕੇ ਸ਼ਾਮਲ ਹੋਵੇ। ਦਲਿਤ ਜਥੇਬੰਦੀਆਂ ਨੇ ਇਸ ਮੌਕੇ ਪੁਤਲੇ ਵੀ ਫੂਕੇ ਤੇ ਸੜਕਾਂ ਉੱਤੇ ਟਾਇਰਾਂ ਨੂੰ ਅੱਗ ਲਾ ਦਿੱਤੀ। ਹੁਸ਼ਿਆਰਪੁਰ ਵਿਚ ਨੌਜਵਾਨਾਂ ਨੇ ਜਬਰੀ ਦੁਕਾਨਾਂ ਬੰਦ ਕਰਵਾਈਆਂ। ਸ਼ਹੀਦ ਭਗਤ ਸਿੰਘ ਨਗਰ ਵਿਚ ਦੁਕਾਨਦਾਰਾਂ ਵੱਲੋਂ ਦਰਸ਼ਨਕਾਰੀਆਂ ਦਾ ਵਿਰੋਧ ਕਰਨ 'ਤੇ ਸਥਿਤੀ ਤਣਾਅਪੂਰਨ ਬਣ ਗਈ ਤੇ ਦੁਕਾਨਦਾਰਾਂ ਨੇ ਪ੍ਰਦਰਸ਼ਨ ਵੀ ਕੀਤਾ। ਸੂਬੇ ਦੀ ਸੱਤਾਧਾਰੀ ਧਿਰ ਕਾਂਗਰਸ ਦੇ ਵਿਧਾਇਕਾਂ ਨੇ ਰੋਸ ਪ੍ਰਦਰਸ਼ਨਾਂ ਵਿਚ ਪੂਰੀ ਸ਼ਮੂਲੀਅਤ ਕੀਤੀ। ਦੂਜੀਆਂ ਰਾਜਸੀ ਧਿਰਾਂ ਬਸਪਾ, 'ਆਪ', ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਨੇ ਵੀ ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿਚ ਸ਼ਮੂਲੀਅਤ ਕੀਤੀ। ਦਲਿਤ ਭਾਈਚਾਰੇ ਨਾਲ ਸਬੰਧਤ ਸੰਤ ਸਮਾਜ ਦੇ ਆਗੂ ਵੀ ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿਚ ਆਪਣੀ ਹਾਜ਼ਰੀ ਭਰਦੇ ਰਹੇ। ਵਡਾਲਾ ਚੌਕ ਵਿਚ ਕਾਂਗਰਸ ਦੇ ਵਿਧਾਇਕ ਪਰਗਟ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੁਰੂ ਰਵਿਦਾਸ ਜੀ ਦੇ ਢਾਹੇ ਗਏ ਮੰਦਰ ਨੂੰ ਮੁੜ ਬਣਾਉਣ ਲਈ ਅਤੇ ਸੁਪਰੀਮ ਕੋਰਟ ਵਿਚ ਕਾਨੂੰਨੀ ਚਾਰਾਜੋਈ ਕਰਨ ਲਈ ਪੂਰਾ ਜ਼ੋਰ ਲਾਉਣਗੇ।

ਇਸੇ ਤਰ੍ਹਾਂ ਰਵਿਦਾਸ ਚੌਕ ਵਿਚ ਕਾਂਗਰਸ ਦੇ ਵਿਧਾਇਕ ਸੁਸ਼ੀਲ ਰਿੰਕੂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੇਠ ਸੱਤਪਾਲ ਮੱਲ, ਭਾਜਪਾ ਦੇ ਰੌਬਿਨ ਸਾਂਪਲਾ, ਮਕਸੂਦਾਂ ਤੇ ਲੰਮਾਂ ਪਿੰਡ ਚੌਕ ਵਿਚ ਕਾਂਗਰਸ ਦੇ ਵਿਧਾਇਕ ਬਾਵਾ ਹੈਨਰੀ, ਚੁਗਿੱਟੀ ਚੌਕ ਵਿਚ ਵਿਧਾਇਕ ਰਜਿੰਦਰ ਬੇਰੀ ਤੇ ਭਾਜਪਾ ਦੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਅਤੇ ਬਸਪਾ ਦੇ ਆਗੂ ਬਲਵਿੰਦਰ ਕੁਮਾਰ ਨੇ ਵਡਾਲਾ ਚੌਂਕ, ਬੂਟਾ ਮੰਡੀ, ਭਾਰਗੋ ਕੈਂਪ, ਭੋਗਪੁਰ, ਕਰਤਾਰਪੁਰ, ਅਲਾਵਲਪੁਰ ਤੇ ਹੋਰ ਥਾਵਾਂ 'ਤੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿਚ ਸ਼ਮੂਲੀਅਤ ਕੀਤੀ। ਦਲਿਤ ਸਮਾਜ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਵਲੋਂ ਪ੍ਰਸ਼ਾਸਨ ਅਤੇ ਵਪਾਰ ਮੰਡਲ ਨਾਲ 12 ਅਗਸਤ ਨੂੰ ਸ਼ਹਿਰ ਬੰਦ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਜਦੋਂ ਉਨ੍ਹਾਂ ਦੁਬਾਰਾ ਸ਼ਹਿਰ ਨੂੰ ਬੰਦ ਕਰਵਾਉਣ ਲਈ ਜ਼ੋਰ ਅਜ਼ਮਾਈ ਸ਼ੁਰੂ ਕੀਤੀ ਅਤੇ ਚੰਡੀਗੜ੍ਹ ਚੌਕ ਵਿਚ ਧਰਨਾ ਲਾ ਕੇ ਜਾਮ ਲਾਇਆ ਤਾਂ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋ ਗਈਆਂ। ਵਪਾਰ ਮੰਡਲ ਅਤੇ ਹਿੰਦੂ ਸਮਾਜ ਦੇ ਕਾਰਕੁਨ ਦੁਕਾਨਾਂ ਖੋਲ੍ਹਣ ਦੇ ਹੱਕ ਵਿਚ ਸਨ ਅਤੇ ਦਲਿਤ ਸਮਾਜ ਦੇ ਆਗੂ ਬੰਦ ਦਾ ਸਮਰਥਨ ਕਰ ਰਹੇ ਸਨ। ਇਸੇ ਦੌਰਾਨ ਗੀਤਾ ਭਵਨ ਰੋਡ ਬਾਜ਼ਾਰ ਵਿਚ ਹਿੰਦੂ ਸਮਾਜ ਨਾਲ ਸਬੰਧਤ ਕੁੱਝ ਵਿਅਕਤੀਆਂ ਨੇ ਮੋਟਰ ਸਾਈਕਲਾਂ ਦੀ ਭੰਨ੍ਹਤੋੜ ਕੀਤੀ ਅਤੇ ਇਕ ਨੌਜਵਾਨ ਜ਼ਖ਼ਮੀ ਹੋ ਗਿਆ

## ਆਜ਼ਾਦੀ ਲਈ ਜੂਝ ਰਹੇ ਕਸ਼ਮੀਰ ’ਚ ਭਾਰਤੀ ਸੰਗੀਨਾਂ ਦੀ ਦਹਿਸ਼ਤ

ਕਸ਼ਮੀਰ ਤੋਂ ਛਪਣ ਵਾਲੇ ਅਖ਼ਬਾਰ ਛਪ ਨਹੀਂ ਰਹੇ ਤੇ ਸਾਰੀ ਘਾਟੀ ਫੌਜੀ ਪਰਛਾਵੇਂ ਹੇਠ ਕਰਫਿਊ ਦਾ ਦਰਦ ਝੱਲ ਰਹੀ ਹੈ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਤੋਂ ਬਾਅਦ ਹੁਣ ਸਰਕਾਰ ਦਾ ਅਗਲਾ ਕਦਮ ਪਾਕਿਸਤਾਨ ਦੇ ਕਬਜੇ ਵਾਲਾ ਮਕਬੂਜ਼ਾ ਕਸ਼ਮੀਰ (ਪੀਓਕੇ) ਹੈ।

ਇਸੇ ਦੌਰਾਨ 20 ਹੋਰ ਕਸ਼ਮੀਰੀ ਵੱਖਵਾਦੀ ਆਗੂਆਂ ਨੂੰ ਹਵਾਈ ਜਹਾਜ਼ ਰਾਹੀਂ ਆਗਰਾ ਜੇਲ੍ਹ ਭੇਜਿਆ ਗਿਆ ਹੈ। ਬੀਤੇ ਵੀਰਵਾਰ ਵੀ 25 ਵੱਖਵਾਦੀ ਆਗੂ ਆਗਰਾ ਭੇਜੇ ਗਏ ਸਨ। ਕਈ ਦਿਨ ਘਰਾਂ ਵਿਚ ਤੂੜੇ ਰੱਖਣ ਤੋਂ ਬਾਅਦ ਸ੍ਰੀਨਗਰ ਦੇ ਲੋਕਾਂ ਨੂੰ ਈਦ-ਉਲ-ਅਜ਼ਹਾ ਤਿਉਹਾਰ ਕਾਰਨ ਨਮਾਜ਼ ਅਦਾ ਕਰਨ ਦੀ ਖੁੱਲ੍ਹ ਦਿੱਤੀ ਗਈ, ਪਰ ਮੁੱਖ ਮਸਜਿਦ ਵਿਚ ਨਹੀਂ। ਲੋਕਾਂ ਨੇ ਲੋਕਲ ਮਸਜਿਦਾਂ ਵਿਚ ਹੀ ਨਮਾਜ਼ ਅਦਾ ਕੀਤੀ। ਲਾਲ ਚੌਕ ਨੂੰ ਕੰਡੇਦਾਰ ਤਾਰ ਨਾਲ ਸੀਲ ਕਰ ਦਿੱਤਾ ਗਿਆ ਹੈ। ਉੱਤਰੀ ਕਸ਼ਮੀਰ ਵਿਚ ਸੇਬਾਂ ਦੇ ਕਸਬੇ ਸੋਪੋਰ ਤੋਂ ਪੱਥਰਬਾਜ਼ੀ ਦੀਆਂ ਕੁਝ ਘਟਨਾਵਾਂ ਦੀਆਂ ਰਿਪੋਰਟਾਂ ਮਿਲੀਆਂ ਹਨ। ਉਸ ਤੋਂ ਬਾਅਦ ਕਰਫਿਊ ਲਗਾ ਦਿੱਤਾ ਗਿਆ। ਸ਼ੋਸ਼ਲ ਮੀਡੀਏ ’ਤੇ ਚਲ ਰਹੀਆਂ ਫਿਲਮਾਂ ਅਨੁਸਾਰ ਸੁਰੱਖਿਆ ਦਸਤੇ ਸ਼ਾਂਤਮਈ ਵਿਰੋਧ ਕਰਨ ਵਾਲੇ ਕਸ਼ਮੀਰੀਆਂ ’ਤੇ ਸਿੱਧੀਆਂ ਗੋਲੀਆਂ ਚਲਾ ਰਹੇ ਹਨ ਤੇ ਹਸਪਤਾਲਾਂ ਵਿਚ ਜਾ ਕੇ ਲੁਕੇ ਕਸ਼ਮੀਰੀਆਂ ਨਾਲ ਕੁੱਟਮਾਰ ਕਰ ਰਹੇ ਹਨ।

ਭਾਰਤ ਸਰਕਾਰ ਨੇ ਦਾਅਵਾ ਕੀਤਾ ਕਿ ਸਥਿਤੀ ਪੁਰਅਮਨ ਰਹੀ। ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਲੋਕਾਂ ਨੂੰ ਮਿਲਣ ਦੇ ਆਪਣੇ ਪ੍ਰੋਗਰਾਮ ਤਹਿਤ ਸ਼ੁੱਕਰਵਾਰ ਨੂੰ ਈਦਗਾਹ ਇਲਾਕੇ ਦਾ ਦੌਰਾ ਕੀਤਾ। ਰਾਜਪਾਲ ਸਤਪਾਲ ਮਲਿਕ ਨੇ ਦਾਅਵਾ ਕੀਤਾ ਹੈ ਕਿ ਸਥਿਤੀ ਵਿਚ ਸੁਧਾਰ ਹੋ ਰਿਹਾ ਹੈ।

ਕਸ਼ਮੀਰੀ ਨੌਜਵਾਨ ਆਗੂ ਰਿਜ਼ਵਾਨ ਮਲਿਕ ਦਾ ਕਹਿਣਾ ਹੈ ਕਿ “ਕਸ਼ਮੀਰ ਹੁਣ ਇੱਕ ਜੇਲ੍ਹ ਵਾਂਗ ਹੈ। ਮੋਦੀ ਸਰਕਾਰ ਦਾ ਫ਼ੈਸਲਾ ਕਿਸੇ ਵੀ ਕਸ਼ਮੀਰੀ ਨੂੰ ਮਨਜ਼ੂਰ ਨਹੀਂ ਹੈ। ਇਸ ਨੂੰ ਰੱਦ ਕਰਕੇ ਭਾਰਤ ਨੇ ਸਾਡੀ ਪਛਾਣ ਹੀ ਖ਼ਤਮ ਕਰਨ ਦਾ ਯਤਨ ਕੀਤਾ ਹੈ।” ਮਲਿਕ ਨੇ ਕਿਹਾ ਕਿ ਜਦੋਂ ਇਹ ਦਹਿਸ਼ਤ ਉਦੋਂ ਟੁੱਟੇਗੀ ਜਦੋਂ ਕਸ਼ਮੀਰੀ ਸੜਕਾਂ ’ਤੇ ਆਉਣਗੇ।

ਪੁਲਵਾਮਾ ਵਿਚ ਰਹਿੰਦੇ ਇੱਕ ਵਕੀਲ ਜ਼ਾਜਿਦ ਹੁਸੈਨ ਦਾਰ ਨੇ ਕਿਹਾ ਕਿ ਕਸ਼ਮੀਰ ਇਸ ਸਮੇਂ ਨਜ਼ਰਬੰਦ ਹੈ। ਇਕ ਵਾਰ ਸਿਆਸੀ ਆਗੂ ਅਤੇ ਵੱਖਵਾਦੀ ਹਿਰਾਸਤ ਵਿਚੋਂ ਆਜ਼ਾਦ ਹੋ ਜਾਣ ਤਾਂ ਫਿਰ ਵਿਰੋਧ ਹੋਵੇਗਾ। ਉਸ ਦਾ ਕਹਿਣਾ ਹੈ ਕਿ ਪਿਛਲੇ ਡੇਢ ਦਹਾਕੇ ਤੋਂ ਹਥਿਆਰਬੰਦ ਫੌਜੀ ਦਸਤਿਆਂ ਹੱਥੋਂ 60,000 ਕਸ਼ਮੀਰੀ ਆਪਣੀ ਜਾਨ ਗਵਾ ਚੁੱਕੇ ਹਨ ਅਤੇ 7000 ਲਾਪਤਾ ਹਨ। ਪਿਛਲੇ ਦਿਨੀਂ ਕੁਝ ਸਮੂਹਿਕ ਕਬਰਾਂ ਮਿਲੀਆਂ ਹਨ, ਜੋ ਇਹਨਾਂ ਲਾਪਤਾ ਲੋਕਾਂ ਦਾ ਸੁਰਾਗ ਹੋ ਸਕਦੀਆਂ ਹਨ। ਉਹਨਾਂ ਨੂੰ ਨਹੀਂ ਪਤਾ ਕਿ ਕਿੰਨੀਆਂ ਔਰਤਾਂ ਨੂੰ ਅਗਵਾ ਅਤੇ ਕਿੰਨੀਆਂ ਨਾਲ ਬਲਾਤਕਾਰ ਕੀਤੇ ਜਾ ਚੁੱਕੇ ਹਨ ਅਤੇ ਕਿੰਨੇ ਮਾਸੂਮ ਅੰਗਹੀਣ ਹੋ ਚੁੱਕੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਨੇ ਜੰਮੂ-ਕਸ਼ਮੀਰ ਪੁਨਰਗਠਨ ਕਾਨੂੰਨ ਨੂੰ ਸ਼ੁੱਕਰਵਾਰ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਤਹਿਤ ਜੰਮੂ-ਕਸ਼ਮੀਰ ਅਤੇ ਲੱਦਾਖ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣ ਗਏ ਹਨ।

**ਭਾਰਤ-ਪਾਕਿ ਸਬੰਧਾਂ ’ਚ ਖਟਾਸ ਪੈਦਾ-**

ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਸ਼ੀਦ ਨੇ ਸਮਝੌਤਾ ਐੱਕਸਪ੍ਰੈੱਸ ਤੋਂ ਬਾਅਦ ਪਾਕਿਸਤਾਨ ਵਿਚ ਖੋਖਰਾਪਾਰ ਤੇ ਭਾਰਤ ਵਿਚ ਮੋਨਾਬਾਓ ਵਿਚਾਲੇ ਚਲਦੀ ਥਾਰ ਐੱਕਸਪ੍ਰੈੱਸ ਵੀ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਇਹ ਫੈਸਲਾ ਭਾਰਤ ਨਾਲ ਮਸ਼ਵਰਾ ਕੀਤੇ ਬਿਨਾ ਲਿਆ ਗਿਆ ਹੈ। ਪਾਕਿਸਤਾਨ ਦੁਵੱਲੇ ਸਬੰਧਾਂ ਦੀ ਚਿੰਤਾਜਨਕ ਤਸਵੀਰ ਪੇਸ਼ ਕਰ ਰਿਹਾ ਹੈ, ਉਸ ਨੂੰ ਆਪਣੇ ਫੈਸਲੇ ’ਤੇ ਨਜ਼ਰਸਾਨੀ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜਿਥੋਂ ਤੱਕ ਪਾਕਿਸਤਾਨ ਦੀ ਕਸ਼ਮੀਰ ਮਸਲੇ ਉੱਪਰ ਸੰਯੁਕਤ ਰਾਸ਼ਟਰ ਵਿਚ ਜਾਣ ਦੀ ਧਮਕੀ ਦਾ ਸਵਾਲ ਹੈ, ਮਕਬੂਜ਼ਾ ਕਸ਼ਮੀਰ ਵੀ ਭਾਰਤ ਦਾ ਹੈ ਤੇ ਉਸ ਕੋਲ ਸੰਯੁਕਤ ਰਾਸ਼ਟਰ ਵਿਚ ਇਹ ਮੁੱਦਾ ਉਠਾਉਣ ਦਾ ਕੋਈ ਆਧਾਰ ਨਹੀਂ। ਦੂਜੇ ਪਾਸੇ ਭਾਰਤ ਸਰਕਾਰ ਨੇ ਅੰਮ੍ਰਿਤਸਰ-ਲਾਹੌਰ ਵਿਚਾਲੇ ਚਲਦੀ ਪੰਜ-ਆਬ ਬੱਸ ਸੇਵਾ ਬੰਦ ਕਰ ਦਿੱਤੀ ਹੈ।

**ਕੌਮਾਂਤਰੀ ਮੀਡੀਆ ਦੀਆਂ ਰਿਪੋਰਟਾਂ-**

ਕਸ਼ਮੀਰ ਵਿਚ ਧਾਰਾ 370 ਨੂੰ ਖ਼ਤਮ ਕਰਨ ਦੇ ਵਿਰੋਧ ਵਿਚ ਸ੍ਰੀਨਗਰ ਵਿਚ ਸ਼ੁੱਕਰਵਾਰ ਨੂੰ ਕਥਿਤ ‘ਵਿਰੋਧ ਪ੍ਰਦਰਸ਼ਨ’ ਦੀਆਂ ਅੰਤਰਰਾਸ਼ਟਰੀ ਮੀਡੀਆ ਸਮੂਹਾਂ ਨੇ ਰਿਪੋਰਟਾਂ ਦਿੱਤੀਆਂ ਹਨ। ਅਲਜਜ਼ੀਰਾ, ਵਾਸ਼ਿੰਗਟਨ ਪੋਸਟ, ਨਿਊਯਾਰਕ ਟਾਈਮਜ਼ ਤੇ ਰਾਈਟਰਜ਼ ਨੇ ਦਾਅਵਾ ਕੀਤਾ ਹੈ ਕਿ ਪ੍ਰਦਰਸ਼ਕਾਰੀਆਂ ਨੂੰ ਕਾਬੂ ਕਰਨ ਲਈ ਸੁਰੱਖਿਆ ਬਲਾਂ ਨੇ ਅੱਥਰੂ ਗੈਸ ਦੇ ਗੋਲੇ ਦਾਗੇ ਅਤੇ ਗੋਲੀਆਂ ਚਲਾਈਆਂ। ਇਨ੍ਹਾਂ ਵਿਚ ਕੁਝ ਲੋਕਾਂ ਦੇ ਜ਼ਖ਼ਮੀ ਹੋਣ ਦਾ ਵੀ ਦਾਅਵਾ ਕੀਤਾ ਗਿਆ ਹੈ। ਰਿਪੋਰਟਾਂ ਵਿਚ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਘਾਟੀ ਵਿਚ ‘ਵਿਦੇਸ਼ੀ ਪੱਤਰਕਾਰਾਂ ਅਤੇ ਸੰਚਾਰ ਸੇਵਾਵਾਂ ’ਤੇ ਪਾਬੰਦੀ’ ਜਾਰੀ ਹੈ।

ਕਤਰ ਦੇ ਸਮਾਚਾਰ ਸਮੂਹ ਅਲਜਜ਼ੀਰਾ ਮੁਤਾਬਕ ਭਾਰਤ ਪ੍ਰਸ਼ਾਸਤ ਕਸ਼ਮੀਰ ਦੇ ਸ੍ਰੀਨਗਰ ਵਿਚ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਪ੍ਰਦਰਸ਼ਨ ਸ਼ੁਰੂ ਹੋ ਗਿਆ। ਕਰਫਿਊ ਨੂੰ ਅਣਦੇਖਿਆ ਕਰਦੇ ਹੋਏ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ੍ਰੀਨਗਰ ਦੇ ਵਿਚਕਾਰਲੇ ਹਿੱਸੇ ਵੱਲ ਵਧਣ ਲੱਗੇ। ਕੁਝ ਪ੍ਰਦਰਸ਼ਨਕਾਰੀਆਂ ਨੇ ਕਾਲੇ ਝੰਡੇ ਫੜੇ ਹੋਏ ਸਨ ਅਤੇ ਕੁਝ ਨੇ ਆਪਣੇ ਹੱਥਾਂ ਵਿਚ ਤਖ਼ਤੀਆਂ ਲਈਆਂ ਹੋਈਆਂ, ਜਿਨ੍ਹਾਂ ’ਤੇ ‘ਵੀ ਵਾਂਟ ਫਰੀਡਮ’ ਅਤੇ ‘ਧਾਰਾ 370 ਨੂੰ ਹਟਾਏ ਜਾਣਾ ਮਨਜ਼ੂਰ ਨਹੀਂ’ ਵਰਗੇ ਨਾਅਰੇ ਲਿਖੇ ਹੋਏ ਸਨ। ਅਲਜਜ਼ੀਰਾ ਨੇ ਦਾਅਵਾ ਕੀਤਾ ਕਿ ਬੀਤੇ ਸ਼ੁੱਕਰਵਾਰ ਨੂੰ ਪ੍ਰਦਰਸ਼ਨਕਾਰੀਆਂ ਨੂੰ ਪਿੱਛੇ ਹਟਣ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਦਾਗੇ ਅਤੇ ਰਬੜ ਚੜ੍ਹੀਆਂ ਸਟੀਲ ਦੀਆਂ ਗੋਲੀਆਂ ਚਲਾਈਆਂ। ਇਸ ਨਾਲ ਕੁਝ ਲੋਕ ਜ਼ਖ਼ਮੀ ਵੀ ਹੋਏ।

ਨਿਊਜ਼ ਏਜੰਸੀ ‘ਰਾਈਟਰਜ਼’ ਅਨੁਸਾਰ ਇੱਕ ਪੁਲਸ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਵਿਰੋਧ ਪ੍ਰਦਰਸ਼ਨ ਵਿਚ ਦਸ ਹਜ਼ਾਰ ਕਸ਼ਮੀਰੀਆਂ ਨੇ ਹਿੱਸਾ ਲਿਆ। ‘ਵਾਸ਼ਿੰਗਟਨ ਪੋਸਟ’ ਦੀ ਰਿਪੋਰਟ ਮੁਤਾਬਕ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਸ੍ਰੀਨਗਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਆਜ਼ਾਦੀ ਦੇ ਸਮਰੱਥਨ ਵਿਚ ਨਾਅਰੇ ਲਾ ਰਹੇ ਸਨ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਸੁਰੱਖਿਆ ਬਲਾਂ ਦੀ ਕਾਰਵਾਈ ਵਿਚ ਘੱਟੋ-ਘੱਟ ਅੱਠ ਲੋਕ ਜ਼ਖ਼ਮੀ ਹੋ ਗਏ। ਕੁਝ ਔਰਤਾਂ ਅਤੇ ਬੱਚਿਆਂ ਨੇ ਪਾਣੀ ਵਿਚ ਛਾਲ ਮਾਰ ਦਿੱਤੀ।

‘ਨਿਊਯਾਰਕ ਟਾਈਮਜ਼’ ਅਨੁਸਾਰ ਪਾਬੰਦੀ ਤੋਂ ਬਾਅਦ ਵੀ ਵਿਰੋਧ ਪ੍ਰਦਰਸ਼ਨ ਹੋਇਆ। ਗੋਲੀਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ।

ਧਾਰਾ 370 ਬਾਰੇ ਪਟੀਸ਼ਨ ’ਤੇ ਸੁਪਰੀਮ ਕੋਰਟ ਜਲਦੀ ਸੁਣਵਾਈ ਨਹੀਂ ਕਰੇਗੀ-

ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਹਟਾਏ ਜਾਣ ’ਤੇ ਰਾਸ਼ਟਰਪਤੀ ਦੇ ਹੁਕਮਾਂ ਨੂੰ ਚੁਣੌਤੀ ਦਿੰਦੀ ਪਟੀਸ਼ਨ ਉੱਤੇ ਭਾਰਤੀ ਸੁਪਰੀਮ ਕੋਰਟ ਨੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਹ ਮਾਮਲਾ ਸੁਪਰੀਮਕੋਰਟ ਦੇ ਜਸਟਿਸ ਰਮਾਨਾ ਕੋਲ ਤੁਰੰਤ ਸੁਣਵਾਈ ਲਈ ਆਇਆ ਸੀ ਪਰ ਅਦਾਲਤ ਅਨੁਸਾਰ ਪਟੀਸ਼ਨ ਉੱਤੇ ਸੁਣਵਾਈ ਤੁਰੰਤ ਨਹੀਂ ਹੋਵੇਗੀ। ਵਕੀਲ ਐੱਮ ਐੱਲ ਸ਼ਰਮਾ ਵੱਲੋਂ ਦਾਇਰ ਕੀਤੀ ਇਸ ਪਟੀਸ਼ਨ ਉੱਤੇ ਸੁਣਵਾਈ 13 ਅਗਸਤ ਨੂੰ ਹੋ ਸਕਦੀ ਹੈ।

## ਕਸ਼ਮੀਰ ਦੀ ਉਲਝੀ ਤਾਣੀ ਕਦੋਂ ਸੁਲਝੇਗੀ ?

ਦੀ ਵੱਖਰੀ ਕੌਮੀ ਪਹਿਚਾਣ ਨੂੰ ਲੈ ਕੇ ਕਾਫੀ ਸੁਚੇਤ ਸੀ। ਲੰਮੀ ਸੋਚ-ਵਿਚਾਰ ਤੋਂ ਬਾਅਦ ਕਸ਼ਮੀਰ ਨੇ ਕੁਝ ਸ਼ਰਤਾਂ ’ਤੇ ਭਾਰਤੀ ਸੰਘ ਵਿੱਚ ਸ਼ਾਮਲ ਹੋਣਾ ਪ੍ਰਵਾਨ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਜਦੋਂ ਦੇਸ਼ 15 ਅਗਸਤ 1947 ਨੂੰ ਅਜ਼ਾਦ ਹੋਇਆ ਸੀ, ਇਸ ਤੋਂ ਪਹਿਲਾਂ ਜਦ ਅੰਗਰੇਜ਼ ਭਾਰਤ ਛੱਡ ਕੇ ਜਾ ਰਹੇ ਸਨ, ਤਾਂ 25 ਜੁਲਾਈ 1947 ਨੂੰ ਗਵਰਨਰ ਜਨਰਲ ਮਾਊਂਟ ਬੈਂਟਨ ਦੀ ਪ੍ਰਧਾਨਗੀ ਵਿਚ ਸਾਰੀਆਂ ਰਿਆਸਤਾਂ ਨੂੰ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਹਿੰਦੁਸਤਾਨ ਵਿਚ ਰਹਿਣ ਜਾਂ ਪਾਕਿਸਤਾਨ ਵਿਚ, ਇਹ ਨਿਰਣਾ ਉਨ੍ਹਾਂ ਦਾ ਹੈ, ਉਹ ਅਜ਼ਾਦ ਵੀ ਰਹਿ ਸਕਦੀਆਂ ਹਨ। ਇਸ ਸਬੰਧੀ ਇਕ ਦਸਤਾਵੇਜ਼ ਰਾਹੀਂ ਫਾਰਮੇਟ ਬਣਾਇਆ ਗਿਆ ਸੀ, ਜਿਸ ਵਿਚ ਕੁਝ ਵੀ ਲਿਖਣਾ-ਕੱਟਣਾ ਸੰਭਵ ਨਹੀਂ ਸੀ। ਉਸ ਵਿਚ ਰਿਆਸਤਾਂ ਦੇ ਪ੍ਰਮੁਖ ਰਾਜਾਂ ਜਾਂ ਨਵਾਬ ਨੂੰ ਆਪਣਾ ਨਾਮ, ਪਤਾ, ਦੇਸ਼ ਦੇ ਨਾਮ ‘ਤੇ ਸੀਲ ਲਗਾ ਕੇ ਉਸ ’ਤੇ ਦਸਤਖ਼ਤ ਕਰਕੇ ਇਸ ਗਵਰਨਰ ਨੂੰ ਦੇਣਾ ਸੀ ਤੇ ਗਵਰਨਰ ਨੇ ਇਹ ਫੈਸਲਾ ਲੈਣਾ ਸੀ ਕਿ ਕਿਹੜਾ ਰਾਜਾ ਕਿਸ ਦੇਸ਼ ਨਾਲ ਜਾ ਸਕਦਾ ਹੈ। 26 ਅਕਤੂਬਰ 1947 ਨੂੰ ਰਾਜਾ ਹਰੀ ਸਿੰਘ ਨੇ ਆਪਣੀ ਰਿਆਸਤ ਭਾਰਤ ਵਿਚ ਸ਼ਾਮਲ ਕਰਨ ਦੇ ਲਈ ਇਸ ਦਸਤਾਵੇਜ਼ ’ਤੇ ਦਸਤਖ਼ਤ ਕਰ ਦਿੱਤੇ। ਮਾਊਂਟ ਬੈਟਨ ਨੇ 27 ਅਕਤੂਬਰ ਨੂੰ ਮਨਜ਼ੂਰੀ ਦੇ ਦਿੱਤੀ।

ਇਕ ਦਸਤਾਵੇਜ਼ ਉਹ ਸੀ ਜਿਸ ’ਤੇ ਹੋਰ ਰਾਜਾਂ ਦੀ ਤਰ੍ਹਾਂ ਜੰਮੂ-ਕਸ਼ਮੀਰ ਨੇ ਦਸਤਖ਼ਤ ਕੀਤੇ ਸਨ। ਦੂਸਰਾ ਦਸਤਾਵੇਜ਼ ਭਾਰਤ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣ ਨਾਲ ਜੁੜਿਆ ਦਸਤਾਵੇਜ਼ ਸੀ ਜਿਸ ’ਤੇ ਜੰਮੂ ਤੇ ਕਸ਼ਮੀਰ ਨੇ ਦਸਤਖ਼ਤ ਨਹੀਂ ਕੀਤੇ ਸਨ। ਕਸ਼ਮੀਰ ਇਸ ਸ਼ਰਤ ’ਤੇ ਭਾਰਤੀ ਸੰਘ ਵਿੱਚ ਸ਼ਾਮਲ ਹੋਇਆ ਸੀ ਕਿ ਵਿਦੇਸ਼ੀ ਮਾਮਲਿਆਂ, ਸੁਰੱਖਿਆ ਅਤੇ ਮੁਦਰਾ ਲੈਣ-ਦੇਣ ਨੂੰ ਛੱਡ ਕੇ ਭਾਰਤੀ ਸੰਘ ਕਸ਼ਮੀਰ ਦੀ ਮਾਮਲਿਆਂ ਦੀ ਖ਼ੁਦ-ਮੁਖਤਿਆਰੀ ਨੂੰ ਬਰਕਰਾਰ ਰੱਖੇਗਾ। ਇਸ ਦੇ ਲਈ ਭਾਰਤੀ ਸੰਵਿਧਾਨ ਵਿਚ ਵਿਸ਼ੇਸ਼ ਧਾਰਾ 370 ਨੂੰ ਵੀ ਸ਼ਾਮਲ ਕੀਤਾ ਗਿਆ। ਇਹ ਇਸ ਗੱਲ ਦੀ ਗਰੰਟੀ ਕਰਦੀ ਸੀ ਕਿ ਕਸ਼ਮੀਰ ਦਾ ਮੁੱਖ-ਮੰਤਰੀ ਪ੍ਰਧਾਨ ਮੰਤਰੀ ਕਹਾਵੇਗਾ ਤੇ ਰਾਜਪਾਲ ਗਵਰਨਰ ਕਹਾਵੇਗਾ। ਕਸ਼ਮੀਰ ਦੇ ਅੰਦਰੂਨੀ ਮਸਲਿਆਂ ਵਿੱਚ ਕਸ਼ਮੀਰ ਦੀ ਸਰਕਾਰ ਨੂੰ ਖੁਦਮੁਖਤਿਆਰੀ ਦਿੱਤੀ ਜਾਵੇਗੀ। ਇਸ ਤਰ੍ਹਾਂ ਭਾਰਤੀ ਸੰਵਿਧਾਨ ਦੇ ਘੇਰੇ ਅੰਦਰ ਕਸ਼ਮੀਰ ਨੂੰ ਇੱਕ ਖੁਦ-ਮੁਖਤਿਆਰ ਰਾਜ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ। ਪਰ ਨਹਿਰੂ ਨੂੰ ਰਾਜ ਦੀ ਇਹ ਖੁਦ-ਮੁਖਤਿਆਰੀ ਪ੍ਰਵਾਨ ਨਹੀਂ ਸੀ। ਭਾਰਤ-ਪਾਕਿ ਵੰਡ ਮਗਰੋਂ ਅਕਸਰ ਸਾਰੀ ਜ਼ਿੰਮੇਵਾਰੀ ਜਿਨਾਹ ਦੇ ਸਿਰ ਮੜ੍ਹ ਦਿੱਤੀ ਜਾਂਦੀ ਹੈ ਪਰ ਘੱਟ ਹੀ ਲੋਕ ਇਹ ਜਾਣਦੇ ਸਨ ਕਿ ਕ੍ਰਿਪਸ ਮਿਸ਼ਨ ਤੋਂ ਬਾਅਦ ਜਿਨਾਹ ਨੇ ਨਹਿਰੂ ਸਾਹਮਣੇ ਇੱਕ ਅਲੱਗ ਪਾਕਿ ਦੀ ਮੰਗ ਨੂੰ ਛੱਡਣ ਦਾ ਪ੍ਰਸਤਾਵ ਰੱਖਦੇ ਹੋਏ ਕਿਹਾ ਸੀ ਕਿ ਅਜਿਹੇ ਭਾਰਤੀ ਸੰਘ ਵਿੱਚ ਸ਼ਾਮਲ ਹੋਣਾ ਮਨਜ਼ੂਰ ਹੈ, ਜਿੱਥੇ ਮੁਸਲਮਾਨ ਬਹੁਗਿਣਤੀ ਰਾਜਾਂ ਨੂੰ ਸਪੇਖਕ ਖੁਦਮੁਖਤਿਆਰੀ ਹਾਸਲ ਹੋਵੇ। ਪਰ ਇੱਕ ਮਜ਼ਬੂਤ ਕੇਂਦਰੀ ਰਾਜ ਮਸ਼ੀਨਰੀ ਦੇ ਪੱਖ ਵਿੱਚ ਖੜ੍ਹੇ ਨਹਿਰੂ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਸੀ। ਇਸ ਮੁੱਦੇ ’ਤੇ ਨਹਿਰੂ ਗਾਂਧੀ ਨਾਲ਼ ਸਹਿਮਤ ਨਹੀਂ ਸੀ। ਪਟੇਲ ਤੇ ਨਹਿਰੂ ਹਰ ਹਾਲਤ ਇੱਕ ਮਜਬੂਤ ਕੇਂਦਰ ਚਾਹੁੰਦੇ ਸਨ, ਚਾਹੇ ਇਸ ਨਾਲ਼ ਦੇਸ਼ ਦੀ ਵੰਡ ਹੋ ਜਾਵੇ। ਕਸ਼ਮੀਰ ਦੇ ਸ਼ਾਮਲ ਹੋਣ ਨਾਲ਼ ਕਸ਼ਮੀਰੀ ਜਨਤਾ ਨਾਲ਼ ਜਨਮਤ ਸੰਗ੍ਰਹਿ ਦਾ ਕੀਤਾ ਵਾਅਦਾ ਵੀ ਕਦੇ ਪੂਰਾ ਹੀ ਨਹੀਂ ਕੀਤਾ ਗਿਆ। ਇਸ ਦੇ ਲਈ ਨਹਿਰੂ ਦਾ ਤਰਕ ਇਹ ਸੀ ਕਿ ਸੰਯੁਕਤ ਰਾਸ਼ਟਰ ਦੁਆਰਾ 1947-48 ਵਿੱਚ ਪਾਕਿਸਤਾਨ ਦੀ ਹਮਾਇਤ ਵਾਲੇ ਹਮਲੇ ਤੋਂ ਬਾਅਦ ਇਹ ਤੈਅ ਕੀਤਾ ਗਿਆ ਕਿ ਪਾਕਿਸਤਾਨ ਕਸ਼ਮੀਰ ਦੇ ਉੱਤਰ-ਪੱਛਮੀ ਹਿੱਸਿਆ ਤੋਂ ਆਪਣੀ ਫੌਜ ਵਾਪਸ ਬੁਲਾਏਗਾ ਅਤੇ ਉਸ ਤੋਂ ਬਾਅਦ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਾਇਆ ਜਾਵੇਗਾ। ਪਾਕਿਸਤਾਨੀ ਹਾਕਮਾਂ ਨੇ ਆਪਣੀਆਂ ਫੌਜਾਂ ਨੂੰ ਵਾਪਸ ਨਹੀਂ ਬੁਲਾਇਆ ਅਤੇ ਭਾਰਤੀ ਹਾਕਮਾਂ ਨੇ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਪਰ ਭਾਰਤ-ਪਾਕਿਸਤਾਨ ਦੀਆਂ ਖੇਤਰੀ-ਲਾਲਸਾਵਾਂ ਵਿੱਚ ਕਸ਼ਮੀਰੀ ਲੋਕ ਚੱਕੀ ਵਿਚਾਲੇ ਪਿਸ ਗਏ।

ਨਹਿਰੂ ਨੇ ਸ਼ੇਖ ਅਬਦੁੱਲਾ ਦੀ ਚੁਣੀ ਹੋਈ ਸਰਕਾਰ ਨੂੰ ਸੰਨ 1953 ਦੌਰਾਨ ਬਰਖਾਸਤ ਕਰ ਦਿੱਤਾ ਅਤੇ ਸ਼ੇਖ ਅਬਦੁੱਲਾ ਨੂੰ ਜੇਲ੍ਹ ਵਿਚ ਡੱਕ ਦਿੱਤਾ ਤੇ ਕਸ਼ਮੀਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਜਦੋਂ ਸ਼ੇਖ ਅਬਦੁੱਲਾ ਹਿਰਾਸਤ ਵਿਚੋਂ ਬਾਹਰ ਆਏ ਤਾਂ ਨਹਿਰੂ ਨੂੰ ਹਾਲੇ ਵੀ ਅਬਦੁੱਲਾ ਦਾ ਜਨਮਤ ਸੰਗ੍ਰਹਿ ਦਾ ਪ੍ਰਸਤਾਵ ਪ੍ਰਵਾਨ ਨਹੀਂ ਸੀ। ਥੋੜ੍ਹੇ ਸਮੇਂ ਮਗਰੋਂ ਸ਼ੇਖ ਅਬਦੁੱਲਾ ਨੂੰ ਫਿਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸੰਨ 1964 ਤੱਕ ਆਉਂਦੇ-ਆਉਂਦੇ ਸ਼ੇਖ ਅਬਦੁੱਲਾ ਕਸ਼ਮੀਰੀ ਜਨਮਤ ਨੂੰ ਲੈ ਕੇ ਕਾਫੀ ਸਮਝੌਤਾਵਾਦੀ ਹੋ ਚੁੱਕੇ ਸਨ। ਸੰਨ 1970 ਆਉਂਦੇ-ਆਉਂਦੇ ਧਾਰਾ 370 ਅਰਥਹੀਣ ਹੋ ਗਈ। ਭਾਰਤੀ ਹਾਕਮਾਂ ਦੀ ਇਸ ਅਸੁਰੱਖਿਅਤ ਭਾਵਨਾ ਕਾਰਨ ਕਿ ਜੇ ਕਸ਼ਮੀਰੀ ਜਨਤਾ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਤਾਂ ਉਹ ਪਾਕਿਸਤਾਨ ਵਿੱਚ ਸ਼ਾਮਲ ਹੋ ਸਕਦੀ ਹੈ, ਕਦੇ ਵੀ ਭਾਰਤ ਨੇ ਕਸ਼ਮੀਰ ਦੀ ਜਨਤਾ ਨੂੰ ਭਾਰਤ ਵਿੱਚ ਆਪਣੀ ਕੌਮੀ ਪਹਿਚਾਣ ਦੇ ਨਾਲ਼ ਸ਼ਾਮਲ ਨਹੀਂ ਹੋਣ ਦਿੱਤਾ। ਕਸ਼ਮੀਰ ਦੀ ਜਨਤਾ ਆਪਣੀ ਇੱਛਾ ਨਾਲ਼ ਖੁਦਮੁਖਤਿਆਰ ਰਾਜ ਦੀ ਸ਼ਰਤ ’ਤੇ ਭਾਰਤੀ ਸੰਘ ਵਿੱਚ ਸ਼ਾਮਲ ਹੋਈ ਸੀ। ਭਾਰਤੀ ਸੰਘ ਦੁਆਰਾ ਕਸ਼ਮੀਰੀ ਜਨਤਾ ਨਾਲ ਕੀਤੇ ਇਸ ਵਿਹਾਰ ਨੂੰ, ਜਨਤਾ ਨੇ ਵਿਸ਼ਵਾਸਘਾਤ ਦੇ ਰੂਪ ਵਿੱਚ ਲਿਆ। ਇਹੀ ਕਾਰਨ ਹੈ ਕਿ ਫਾਰੂੱਖ ਅਬਦੁੱਲਾ ਵਰਗੇ ਸਮੌਝਤਾਵਾਦੀ ਵੀ 1953 ਦੀ ਸਥਿਤੀ ਬਹਾਲ ਕਰਨ ਦੀ ਮੰਗ ਕਰਦੇ ਹਨ, ਜੇ ਉਹ ਇਸ ਤੋਂ ਅੱਗੇ ਨਾ ਵੀ ਵੱਧਣ। ਕਿਉਂਕਿ ਜੇ ਉਹ ਇਹ ਮੰਗ ਨਹੀਂ ਕਰਦੇ ਤਾਂ ਕਸ਼ਮੀਰੀ ਜਨਤਾ ਦਾ ਬਚਿਆ-ਖੁਚਿਆ ਵਿਸ਼ਵਾਸ ਵੀ ਗਵਾ ਦੇਣਗੇ। ਪਹਿਲਾਂ ਹੀ ਕਸ਼ਮੀਰੀ ਜਨਤਾ ਦਾ ਇੱਕ ਵਿਚਾਰਨਯੋਗ ਹਿੱਸਾ ਉਹਨਾਂ ਨੂੰ ਗੁਲਾਮ ਬਖ਼ਸ਼ੀ ਮੁਹੰਮਦ ਜਿਹਾ ਗੱਦਾਰ ਸਮਝਣ ਲੱਗਾ ਹੈ। ਗੁਲਾਮ ਬਖ਼ਸ਼ੀ ਮੁਹੰਮਦ ਨੂੰ ਸ਼ੇਖ ਅਬਦੁੱਲਾ ਨੂੰ ਲਾਂਭੇ ਕਰਨ ਤੋਂ ਬਾਅਦ ਕਸ਼ਮੀਰ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ ਤੇ ਭਾਰਤ ਸਰਕਾਰ ਦੀ ਦਿਸ਼ਾ ਅਨੁਸਾਰੀ ਆਪਣਾ ਕੰਮ ਕਰਦਾ ਸੀ। ਇਸ ਇਤਿਹਾਸਕ ਧੋਖੇ ਨੇ ਕਸ਼ਮੀਰੀ ਜਨਤਾ ਅੰਦਰ ਅਲਹਿਦਗੀ ਦੀ ਭਾਵਨਾ ਨੂੰ ਹੋਰ ਵਧਾਇਆ। ਜਨਮਤ ਸੰਗ੍ਰਹਿ ਨੂੰ ਲੈ ਕੇ ਵੱਖ-ਵੱਖ ਸਮਿਆਂ ’ਤੇ ਵੱਖ-ਵੱਖ ਜਥੇਬੰਦੀਆਂ ਨੇ ਕਸ਼ਮੀਰੀ ਲੋਕਾਂ ਵਿੱਚ ਕੰਮ ਕੀਤਾ ਅਤੇ ਉਹਨਾਂ ਨੂੰ ਜਥੇਬੰਦ ਕੀਤਾ। ਜਿਸ ਰਫ਼ਤਾਰ ਨਾਲ਼ ਅਜਿਹੀਆਂ ਸਰਗਰਮੀਆਂ ਵਧੀਆਂ, ਓਸੇ ਰਫ਼ਤਾਰ ਨਾਲ਼ ਭਾਰਤੀ ਰਾਜ ਦਾ ਕਿਰਦਾਰ ਵੱਧ ਤੋਂ ਵੱਧ ਸਖ਼ਤ ਹੁੰਦਾ ਗਿਆ।

‘ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ’ ਲਾਗੂ ਹੋਣ ਤੋਂ ਬਾਅਦ ਕਸ਼ਮੀਰ ਵਿੱਚ ਫੌਜੀ ਰਾਜ ਵਰਗੀ ਸਥਿਤੀ ਬਣ ਗਈ ਸੀ। ਇਸ ਪੂਰੇ ਦੌਰ ਵਿੱਚ ਪਾਕਿਸਤਾਨ ਦੁਆਰਾ ਦਹਿਸ਼ਤਗਰਦੀ ਨੂੰ ਅੱਗੇ ਵਧਾਉਣ ਅਤੇ ਕਸ਼ਮੀਰੀ ਦਹਿਸ਼ਤਗਰਦੀ ਨੂੰ ਅੱਗੇ ਵਧਾਉਣ ਦਾ ਸਿਲਸਿਲਾ ਜਾਰੀ ਰਿਹਾ। 1980 ਦੇ ਦਹਾਕੇ ਤੋਂ ਕਸ਼ਮੀਰ ਵਿੱਚ ਦਹਿਸ਼ਤਗਰਦੀ ਇੱਕ ਵੱਡੇ ਵਰਤਾਰੇ ਦੇ ਰੂਪ ਵਿੱਚ ਸਾਹਮਣੇ ਆਈ। 1989 ਤੋਂ 1991-92 ਤੋਂ 2019 ਤੱਕ ਹੀ ਹਜ਼ਾਰਾਂ ਕਸ਼ਮੀਰੀਆਂ ਨੇ ਅੱਤਵਾਦ ਅਤੇ ਭਾਰਤੀ ਰਾਜ ਦਰਮਿਆਨ ਟਕਰਾਅ ਦੀ ਕੀਮਤ ਚੁਕਾਈ। ‘ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ’ ਵੀ ਆਪਣੀ ਥਾਂ ਜਾਰੀ ਹੈ ਅਤੇ ਫੌਜ ਦੁਆਰਾ ਜਿਸ ਦਾ ਅਣਮਨੁੱਖੀ ਦੁਰਉਪਯੋਗ ਜਾਰੀ ਰਿਹਾ। ਇਹ ਸੱਚ ਹੈ ਕਿ ਭਾਰਤੀ ਫੌਜੀ ਤਾਕਤ ਸਾਹਮਣੇ ਹਥਿਆਰਬੰਦ ਸੰਘਰਸ਼ ਟਿਕ ਨਹੀਂ ਸਕਦਾ, ਪਰ ਕਸ਼ਮੀਰੀਆਂ ਅੰਦਰ ਜੋ ਬੇਗਾਨਗੀ ਪੈਦਾ ਹੋ ਗਈ ਹੈ, ਉਸ ਨੂੰ ਫੌਜੀ ਤਾਕਤ ਨਾਲ ਨਹੀਂ ਜਿੱਤਿਆ ਜਾ ਸਕਦਾ। ਇਸ ਗੱਲ ਨੂੰ ਕਾਂਗਰਸ ਸਰਕਾਰ ਨੇ ਸਮਝਿਆ ਤੇ ਨਾ ਹੀ ਮੋਦੀ ਸਰਕਾਰ ਨੇ। ਮੋਦੀ ਸਰਕਾਰ ਨੇ 370 ਧਾਰਾ ਤੇ 35 ਏ ਨੂੰ ਖਤਮ ਕਰਕੇ ਕਸ਼ਮੀਰ ਦਾ ਮਸਲਾ ਹੋਰ ਵਿਗਾੜ ਦਿੱਤਾ ਹੈ। ਇਹ ਸਰਾਸਰ ਕਸ਼ਮੀਰੀ ਲੋਕਾਂ ਨਾਲ ਧੋਖਾ ਹੈ। ਕਸ਼ਮੀਰੀ ਜਨਤਾ ਦੀਆਂ ਜਿਹੜੀਆਂ ਮੁੱਢਲੀਆਂ ਮੰਗਾਂ ਹਨ ਅਰਥਾਤ ਖੁਦਮੁਖਤਿਆਰੀ ਅਤੇ ਆਪਾ-ਨਿਰਣੇ ਦਾ ਅਧਿਕਾਰ, ਉਹ ਫੌਜੀ ਜਬਰ ਦੇ ਰਾਹ ਚੱਲਕੇ ਕਦੇ ਖਤਮ ਹੋਣ ਦੀ ਸੰਭਾਵਨਾ ਨਹੀਂ ਹੈ। ਇਹ ਗੱਲ ਜ਼ਰੂਰ ਹੈ ਕਿ ਇਸ ਦਾ ਭਾਜਪਾ ਨੂੰ ਰਾਜਨੀਤਕ ਤੌਰ ’ਤੇ ਫਾਇਦਾ ਹੋਵੇਗਾ, ਕਿਉਂਕਿ ਉਸ ਨੇ ਆਪਣੇ ਚੋਣ ਏਜੰਡੇ ਵਿਚ ਧਾਰਾ 370 ਹਟਾਉਣ ਦੀ ਗੱਲ ਕੀਤੀ ਸੀ ਤੇ ਹੁਣ ਅਜਿਹਾ ਕਰਕੇ ਉਸ ਨੇ ਆਪਣੇ ਵੋਟ ਬੈਂਕ ਨੂੰ ਖੁਸ਼ ਕਰ ਦਿੱਤਾ ਹੈ।

## ਕਸ਼ਮੀਰ ਬਾਰੇ ਭਾਈ ਦਲਜੀਤ ਸਿੰਘ ਨੇ ਦਿੱਤਾ ਅਹਿਮ ਬਿਆਨ

ਇਹ ਕਦਮ ਪਹਿਲਾਂ ਤੋਂ ਹੀ ਇੰਡੀਆ ਦੀ ਗੁਲਾਮੀ ਹੰਢਾ ਰਹੇ ਕਸ਼ਮੀਰ ਨੂੰ ਇੰਡੀਆ ਦੀ ਬਸਤੀ ਬਣਾਉਣ ਦਾ ਐਲਾਨ ਹੀ ਸਮਝਿਆ ਜਾਣਾ ਚਾਹੀਦਾ ਹੈ। ਇਹ ਫੈਸਲਾ ਕਸ਼ਮੀਰੀ ਲੋਕ-ਰਾਏ ਤੋਂ ਉਲਟ ਲਿਆ ਗਿਆ ਹੈ, ਇਹ ਅਨੈਤਿਕ ਹੈ ਤੇ ਇਨਸਾਫ ਦਾ ਕਤਲ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਕਸ਼ਮੀਰ ਵਿਚ ਲੱਖਾਂ ਦੀ ਗਿਣਤੀ ਵਿਚ ਫੌਜਾਂ ਲਾ ਕੇ ਪੂਰੇ ਖਿੱਤੇ ਨੂੰ ਹੀ ਜੇਲ੍ਹ ਵਿਚ ਤਬਦੀਲ ਕਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਭਾਰਤੀ ਹਕੂਮਤ ਨੇ ਇਕ ਪਾਸੇ ਆਪਣੇ ਹੀ ਸੰਵਿਧਾਨ, ਵਿਧਾਨ ਅਤੇ ਅਦਾਲਤੀ ਢਾਂਚੇ ਦੀ ਅਣਦੇਖੀ ਕੀਤੀ ਹੈ ਅਤੇ ਦੂਜੇ ਪਾਸੇ ਕੌਮਾਂਤਰੀ ਮਾਨਤਾਵਾਂ ਨੂੰ ਵੀ ਉਲੰਘਿਆ ਹੈ। ਧਾਰਾ 370 ਅਤੇ 35ਏ ਰੱਦ ਕੀਤੇ ਜਾਣ ਕਰਕੇ ਭਵਿਖ ਵਿੱਚ ਫੌਜੀ ਤਾਕਤ ਦੀ ਵਰਤੋਂ ਨਾਲ ਕਸ਼ਮੀਰ ਵਿੱਚ ਵੱਸੋ ਦੀ ਬਣਤਰ ਬਦਲਣ ਦਾ ਯਤਨ ਕੀਤਾ ਜਾ ਸਕਦਾ ਹੈ, ਜੋ ਕਿ ਕਸ਼ਮੀਰੀਅਤ ਵਿਰੁਧ ਇਕ ਹੋਰ ਘਿਨਾਉਣਾ ਜੁਰਮ ਹੋਵਗਾ।

ਕੇਂਦਰ ਸਰਕਾਰ ਦੁਆਰਾ ਲੋਕ-ਰਾਏ, ਲਿਖਤੀ ਕਰਾਰਾਂ, ਕੌਮਾਂਤਰੀ ਨਿਗਰਾਨੀ ਅਤੇ ਵਿਸ਼ਵ ਸ਼ਾਤੀ ਦੀ ਪ੍ਰਵਾਹ ਕੀਤੇ ਬਿਨਾ ਕੀਤੀ ਕਾਰਵਾਈ ਨਾਲ ਇਹ ਖ਼ਦਸ਼ੇ ਖੜ੍ਹੇ ਹੋ ਗਏ ਹਨ ਕਿ ਕੇਂਦਰ ਸਰਕਾਰ ਕਿਸੇ ਵੀ ਸਮੂਹ ਦੇ ਹਿੱਤਾਂ ਨੂੰ ਬਿਨਾ ਕਿਸੇ ਵਿਚਾਰ ਤੋਂ ਲਤਾੜ ਸਕਦੀ ਹੈ।

ਭਾਈ ਬਿੱਟੂ ਨੇ ਕਿਹਾ ਕਿ ਇਸ ਖਿੱਤੇ ਦੇ ਸਭ ਧਾਰਮਿਕ, ਸੱਭਿਆਚਾਰਕ ਕੌਮੀ ਭਾਈਚਾਰਿਆਂ, ਬਹੁਜਨਾਂ, ਆਦਿਵਾਸੀਆਂ ਅਤੇ ਹੋਰ ਜੋ ਵੀ ਵੱਖਰਤਾ ਦੇ ਦਾਅਵੇਦਾਰ ਹਨ, ਸਭਨਾਂ ਧਿਰਾਂ ਵੱਲੋਂ ਇਸ ਮਾਮਲੇ ਵਿਚ ਰਲ਼ ਕੇ ਵਿਚਾਰ ਅਤੇ ਅਮਲ ਕਰਨਾ ਬਣਦਾ ਹੈ। ਭਾਈ ਬਿੱਟੂ ਨੇ ਕਿਹਾ ਕਿ ਜਿੱਥੇ ਦੁਨੀਆ ਦੇ ਲੋਕ ਅਤੇ ਦੇਸ਼ ਆਪਸੀ ਸਹਿਯੋਗ ਕਰਕੇ ਏਸ਼ੀਆ ਵਿੱਚ ਸ਼ਾਂਤੀ ਕਰਾਉਣਾ ਚਾਹੁੰਦੇ ਹਨ ਉੱਥੇ ਭਾਰਤ ਦੀ ਰਾਜਨੀਤਕ ਲੀਡਰਸ਼ਿਪ ਅਜਿਹੀ ਅਨੈਤਿਕ ਅਤੇ ਹੰਕਾਰੀ ਕਾਰਵਾਈ ਕਰਕੇ ਏਸ਼ੀਆ ਵਿੱਚ ਜੰਗ ਦਾ ਰਾਹ ਪੱਧਰਾ ਕਰ ਰਹੀ ਹੈ ਜਿਸ ਦਾ ਨਤੀਜਾ ਮਾਰੂ ਪਰਮਾਣੂ ਜੰਗ ਦੇ ਰੂਪ ਵਿਚ ਨਿਕਲ ਸਕਦਾ ਹੈ ਤੇ ਇਸ ਦਾ ਸੰਤਾਪ ਪੂਰੇ ਖਿੱਤੇ ਦੇ ਲੋਕਾਂ ਨੂੰ ਝੱਲਣਾ ਪਵੇਗਾ। ਉਨ੍ਹਾਂ ਕਿਹਾ ਕਿ ਅਸੀਂ ਕਸ਼ਮੀਰ ਦੇ ਭਵਿੱਖ ਬਾਰੇ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਦੇ ਹਾਮੀ ਹਾਂ। ਹਰ ਸਿੱਖ ਦਾ ਇਹ ਫਰਜ ਬਣਦਾ ਹੈ ਕਿ ਮਜ਼ਲੂਮ ਕਸ਼ਮੀਰੀ ਧਿਰ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰੇ। ਅਸੀਂ ਇੰਡੀਆ ਦੀ ਹਰ ਇਨਸਾਫ ਪਸੰਦ ਧਿਰ ਅਤੇ ਸਖਸ਼ੀਅਤ ਤੋਂ ਆਸ ਕਰਦੇ ਹਾਂ ਕਿ ਇੰਡੀਅਨ ਸਰਕਾਰ ਦੇ ਇਸ ਹਿੰਦੂ ਰਾਸ਼ਟਰਵਾਦੀ ਫੈਸਲੇ ਖਿਲਾਫ ਆਵਾਜ਼ ਉਠਾਉਣ। ਅਸੀਂ ਸਮਝਦੇ ਹਾਂ ਕਿ ਆਲਮੀ ਭਾਈਚਾਰੇ ਨੂੰ ਵਿਸ਼ਵਸ਼ਾਂਤੀ, ਅਜ਼ਾਦੀ ਅਤੇ ਇਨਸਾਫ ਦੇ ਅਸੂਲ ਨੂੰ ਦ੍ਰਿੜਤਾ ਨਾਲ ਲਾਗੂ ਕਰਵਾਉਣ ਲਈ ਕਸ਼ਮੀਰ ਵਿਚ ਦਖਲ ਦੇਣਾ ਚਾਹੀਦਾ ਹੈ।

## ਵਿਰਾਸਤ-ਏ-ਖ਼ਾਲਸਾ ਦਾ ਨਾਂ ‘ਏਸ਼ੀਆ ਬੁੱਕ ਆਫ ਰਿਕਾਰਡਜ਼’ ਵਿਚ ਦਰਜ

ਏਸ਼ੀਆ ਵਿੱਚ ਵਿਰਾਸਤ-ਏ-ਖ਼ਾਲਸਾ ਹੁਣ ਤਕ ਦਾ ਇਕਲੌਤਾ ਅਜਾਇਬ ਘਰ ਹੈ ਜਿੱਥੇ ਇੱਕ ਦਿਨ ਵਿੱਚ ਸਭ ਤੋਂ ਵੱਧ ਸੈਲਾਨੀਆਂ ਦੀ ਆਮਦ ਦਰਜ ਕੀਤੀ ਗਈ ਹੈ। ਵਿਰਾਸਤ-ਏ-ਖਾਲਸਾ ਵਿਖੇ 20 ਮਾਰਚ 2019 ਨੂੰ ਰਿਕਾਰਡ 20569 ਸੈਲਾਨੀਆਂ ਨੇ ਦਰਸ਼ਨ ਕੀਤੇ ਸਨ।

ਇਹ ਵਿਰਾਸਤ-ਏ-ਖ਼ਾਲਸਾ ਵੱਲੋਂ ਬਣਾਇਆ ਗਿਆ ਤੀਸਰਾ ਰਿਕਾਰਡ ਹੈ। ਇਸ ਤੋਂ ਪਹਿਲਾਂ ਫਰਵਰੀ-2019 ਵਿਚ ਲਿਮਕਾ ਬੁੱਕ ਆਫ ਰਿਕਾਰਡਜ਼ ਤੇ ਫਿਰ ਇੰਡੀਆ ਬੁੱਕ ਆਫ ਰਿਕਾਰਡਜ਼ ਵੱਲੋਂ ਵਿਰਾਸਤ-ਏ-ਖਾਲਸਾ ਦੀ ਭਾਰਤ ਵਿਚ ਸਭ ਤੋਂ ਵੱਧ ਵੇਖੇ ਜਾਣ ਵਾਲਾ ਅਜਾਇਬ ਘਰ ਹੋਣ ਦੀ ਪੁਸ਼ਟੀ ਕੀਤੀ ਸੀ।

ਕੈਬਨਿਟ ਮੰਤਰੀ ਸ੍ਰੀ ਚੰਨੀ ਨੇ ਕਿਹਾ ਕਿ ਹੁਣ ਅਗਲਾ ਟੀਚਾ ਵਿਰਾਸਤ-ਏ-ਖਾਲਸਾ ਨੂੰ ਦੁਨੀਆ ਭਰ ‘ਚੋਂ ਨੰਬਰ ਇੱਕ ਦਾ ਅਜਾਇਬ ਘਰ ਬਣਾਉਣਾ ਹੈ ਤੇ ਇਸ ਵਾਸਤੇ ਕੋਸ਼ਿਸ਼ ਹੋਵੇਗੀ ਕਿ ਜਲਦੀ ਤੋਂ ਜਲਦੀ ‘ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼’ ਵਿਚ ਇਸ ਦਾ ਨਾਮ ਦਰਜ ਕਰਵਾਇਆ ਜਾ ਸਕੇ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




**GET FLAT 22 CENTS**

**DISCOUNT AT**

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM